# ਸਮਤਾ

ਅਪ੍ਰੈਲ 1983 (ਅੰਕ 35)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੁਲਵਿੰਦਰ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਅਪ੍ਰੈਲ 1983
ਮੁੱਲ—ਦੋ ਰੁਪਏ
35

## ਸੰਪਾਦਕੀ :

ਅਸਾਮ ਅਤੇ ਪੰਜਾਬ ਦੋਨੋਂ ਸੂਬੇ ਅੱਗ ਦੀ ਲਪੇਟ ਵਿਚ ਹਨ। ਲੋਕ ਵਿਰੋਧੀ ਹਾਕਮਾਂ ਦੀ ਖੇਡ ਹੈ ਕਿ ਕਿਸੇ ਮਸਲੇ ਦਾ ਹੱਲ ਨਹੀਂ ਲੱਭਣਾ। ਲੋਕਾਂ ਵਿਚ ਦੁਫੇੜ ਪਾਈ ਰਖਣਾ ਹੈ। ਜਦੋਂ ਮਾਮਲਾ ਲੋਕਾਂ ਦੇ ਸਬਰ ਤੋਂ ਬਾਹਰ ਹੋ ਜਾਵੇ, ਲੋਕ ਕੋਈ ਹਿਲਜੁਲ ਕਰਨ ਤਾਂ ਪੁਲਸ ਅਤੇ ਫੌਜ ਦੀ ਕਾਰਵਾਈ ਨਾਲ ਉਹਨਾਂ ਨੂੰ ਦਬਾ ਦਿਤਾ ਜਾਏ। ਇਹ ਖੇਡ ਇਸ ਤਰ੍ਹਾਂ ਖੇਡੀ ਜਾਏ ਕਿ ਲੋਕਾਂ ਦਾ ਧਿਆਨ ਅਸਲੀ ਆਰਥਕ ਔਕੜਾਂ ਵਲ ਜਾਏ ਹੀ ਨਾ ਅਤੇ ਸਰਮਾਏਦਾਰੀ ਵਲੋਂ ਲੋਕਾਂ ਦੀ ਲੁੱਟ-ਖਸੁੱਟ ਬੇਟੋਕ ਜਾਰੀ ਰਹੇ। ਇਸ ਖੇਡ ਵਿਚ ਜੇਕਰ ਸੈਂਕੜੇ ਹਜ਼ਾਰਾਂ ਜਾਨਾਂ ਚਲੀਆਂ ਵੀ ਜਾਣ ਤਾਂ ਇਸ ਨੂੰ ਖੇਡ ਦਾ ਸ਼ੁਗਲ ਹੀ ਸਮਝਿਆ ਜਾਏ। ਪੰਜਾਬ ਦੇ ਲੋਕਾਂ ਨੂੰ ਜਿਹੜੇ ਆਰਥਕ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਹ ਦਰਬਾਰਾ-ਭਿੰਡਰਾਂਵਾਲਾ ਦੀ ਖੇਡ ਵਿਚ ਬਿਲਕੁਲ ਪਿਛੇ ਸੁਟਿਆ ਗਿਆ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਸੰਤ ਲੌਂਗੋਵਾਲ ਦਾ ਮੋਰਚਾ ਵੀ ਸਮੇਤ ਅਨੰਦਪੁਰ ਰੈਜ਼ੂਲੇਸ਼ਨ ਦੇ ਪਿਛੇ ਸੁੱਟ ਦਿਤਾ ਗਿਆ ਹੈ। ਦਿਲੀ ਅਤੇ ਹਰਿਆਨਾ ਦੇ ਸਿਖਾਂ (ਅਕਾਲੀਆਂ ਸਮੇਤ) ਨੇ ਇਹ ਤਾਂ ਸਾਬਤ ਕਰ ਹੀ ਦਿਤਾ ਹੈ ਕਿ ਪੰਥ ਨਾਂ ਦੀ ਕਿਸੇ ਸੰਸਥਾ ਦੇ ਵਜੂਦ ਅੱਜ ਦੇ ਸਮੇਂ ਵਿਚ ਇਕ ਹਵਾਈ ਗੱਲ ਹੈ। ਸਭ ਆਪਣੇ ਆਪਣੇ ਹਿਤਾਂ ਦਾ ਹੀ ਸੋਚਦੇ ਹਨ। ਦਿਲੀ ਦੇ ਧਨੀ ਸਿਖਾਂ ਨੇ 'ਕਥਿਤ ਪੰਥ' ਨੇ ਸਾਰੇ ਉਹ ਹੁਕਮ ਮੰਨਣ ਤੋ ਹਮੇਸ਼ਾਂ ਨਾਂਹ ਕੀਤੀ ਹੈ, ਜਿਨ੍ਹਾਂ ਨਾਲ ਉਹਨਾਂ ਦੇ ਆਰਥਕ ਹਿੱਤਾਂ ਦਾ ਟਕਰਾਅ ਹੋਵੇ। ਸ਼੍ਰੋਮਣੀ ਅਕਾਲੀ ਦਲ ਦੀ ਕੁਝ ਸਾਖ ਦਿੱਲੀ ਅਤੇ ਹਰਿਆਨਾ ਵਿਚ ਉਹਦੇ ਹੀ ਪੈਰੋਕਾਰਾਂ ਦੀ ਬਗਾਵਤ ਕਰਕੇ ਡਿਗੀ ਤੇ ਰਹੀ ਸਹੀ ਬੁੱਕਲ ਵਿਚ ਬੈਠਿਆ ਸੰਤ ਭਿੰਡਰਾਂ ਵਾਲਾ ਖਤਮ ਕਰੀ ਜਾਂਦਾ ਹੈ। ਖੈਰ ਇਹਦਾ ਫਿਕਰ ਅਕਾਲੀ ਦਲ ਦੀ ਜ਼ਿਮੇਂਵਾਰੀ ਹੈ। ਸਮੁੱਚੇ ਪੰਜਾਬੀਆਂ ਲਈ ਇਹ ਵੇਖਣ ਵਾਲੀ ਗੱਲ ਹੈ ਕਿ ਜਿਸ ਵੇਲੇ ਹੀ ਕੋਈ ਸਮਝੌਤੇ ਦੀ ਵਾਰਤਾਲਾਪ ਹੋਣ ਦੀ ਖਬਰ ਆਂਦੀ ਹੈ, ਉਸ ਵੇਲੇ ਨਾਲ ਹੀ ਦੋ ਚਾਰ ਬੰਬ ਧਮਾਕੇ, ਇਕ ਦੋ ਸਾਧਾਰਣ ਨਿਰੰਕਾਰੀਆਂ ਦਾ ਮਾਰਿਆ ਜਾਣਾ ਅਤੇ ਕੋਈ ਨਾ ਕੋਈ ਪੁਲਸ ਮੁਕਾਬਲਾ ਹੋ ਜਾਣਾ ਹੁਣ ਇਕ

---

**ਇਸ ਅੰਕ ਵਿਚ :**

ਸੰਪਾਦਕੀ ੦ ਲੋਕ ਪੱਖੀ ਪਾਰਟੀ ਬਾਰੇ ਕੁਝ ਟਿਪਣੀਆਂ
੦ ਇਤਿਹਾਸਕ ਦਸਤਾਵੇਜ : ਕਾਰਲ ਮਾਰਕਸ ਨਾਲ ਇੰਟਰਵਿਊ/ਲੈਂਡਰ
੦ ਪ੍ਰੋ. ਪ੍ਰੀਤਮ ਸਿੰਘ ਦੇ ਮੈਨੀਫੈਸਟੋ ਦਾ ਵਿਸ਼ਲੇਸ਼ਣ/ਬਾਰੂ ਸਤਵਰਗ
ਕਹਾਣੀਆਂ—ਡਾਕਟਰ ਨਾਲ ਇਕ ਸਵੇਰ/ਐਲਬਰਟ ਹਾਪਰ ੦ ਦੋ ਸ਼ਬਦ/ਕ੍ਰਿਸ਼ਨਾ ਅਗਨੀਹੋਤਰੀ
ਵਾਗੁਰੂ ਵਾਗੁਰੂ ਕਹੁ/ਜਿੰਦਰ
ਕਵਿਤਾਵਾਂ—ਮੈਂ ਪਿਛਾਂਹ ਪਰਤਾਂਗਾ/ਸੁਰਜੀਤ 'ਆਲਮ' ੦ ਅਸੀਂ ਉਹ ਨਹੀਂ/ਸੁਰਜੀਤ ਬਰਾੜ ੦ ਛਾਪਾ/
ਹਰਭਜਨ ਸਿੰਘ ਹੁੰਦਲ ੦ ਗ਼ਜ਼ਲ/ਡਾ. ਗੁਰਚਰਨ ਸਿੰਘ ੦ ਇਕ ਦਾਸਤਾਨ/ਲਾਟ ਭਿੰਡਰ
ਨਕਸਲਬਾੜੀ ਅਤੇ ਉਸਦੇ ਰਾਹ ਨੂੰ/ਕੁਲਦੀਪ ਝਾਂਸੀ ੦ ਮੇਰੀ ਕਵਿਤਾ ਜੰਮੀ ਹੈ/ਮਹਿੰਦਰ ਸਿੰਘ
ਪਾਠਕ ਲੇਖਕ ਫੋਰਮ : ਭਾਰਦਵਾਜ ਦੇ ਲੇਖ 'ਮਸਲਾ ਵਧੇਰੇ ਅਧਿਕਾਰਾਂ ਦਾ', ਬਾਰੇ ਪ੍ਰਤੀਕਰਮ/ਸੁਰਜੀਤ ਢੀਂਡਸਾ/
ਜਸਵੰਤ ਖਾਲੜਾ/ਮਹਿੰਦਰ ਮੱਟੂ/ਪਾਸ਼

ਸੁਭਾਵਕ ਗੱਲ ਬਣ ਗਈ ਹੈ। ਦੋਨੋਂ ਪਾਸਿਆਂ ਤੋਂ ਬਿਆਨ ਦਾਗੇ ਜਾਂਦੇ ਹਨ। ਅਕਾਲੀ ਸਰਕਾਰ ਤੇ ਇਲਜ਼ਾਮ ਦੇਂਦੇ ਹਨ ਕਿ ਇਹ ਸਰਕਾਰ ਦੀ ਤੇ ਖਾਸ ਕਰਕੇ ਦਰਬਾਰਾ ਸਿੰਘ ਦੀ ਸ਼ਰਾਰਤ ਹੈ, ਦਰਬਾਰਾ ਸਿੰਘ ਕਹਿੰਦਾ ਹੈ ਕਿ ਅਕਾਲੀਆਂ ਨੇ ਅਤਿਵਾਦੀਆਂ ਨੂੰ ਗੁਰਦਵਾਰਿਆਂ ਵਿਚ ਪਨਾਹ ਦੇ ਰੱਖੀ ਹੈ ਤੇ ਉਹ ਉਥੋਂ ਹਥਿਆਰ ਚੁੱਕ ਕੇ ਪੰਜਾਬ ਦਾਂ ਅਮਨ ਖਰਾਬ ਕਰ ਰਹੇ ਹਨ। ਸਾਧਾਰਨ ਬੰਦਾ ਅਖਬਾਰਾਂ ਵਿਚ ਸਭ ਕੁਝ ਪੜ੍ਹ ਕੇ ਹੈਰਾਨ ਪ੍ਰੇਸ਼ਾਨ ਹੈ। ਫਸਲਾਂ ਤੇ ਗੜ੍ਹੇ ਪੈ ਗਏ, ਕਿਸਾਨਾਂ ਉਤੇ ਨਵੇਂ ਤੋਂ ਨਵੇਂ ਟੈਕਸ ਲਗ ਗਏ, ਅਮ੍ਰਿਤਸਰ ਸ਼ਹਿਰ ਦਾ ਬਿਜ਼ਨੈਸ ਜਿਹੜਾ ਅਗੋਂ ਹੋਰ ਹਜ਼ਾਰਾਂ ਲੱਖਾਂ ਪੰਜਾਬੀਆਂ ਨੂੰ ਰੋਟੀ ਦੇਂਦਾ ਹੈ, ਠੱਪ ਹੋ ਗਿਆ ਹੈ, ਇਹਦਾ ਫਿਕਰ ਕਿਸਨੂੰ ਹੈ ? ਲੋਕ-ਪੱਖੀ ਤਾਕਤਾਂ ਨੂੰ ਜਿਥੇ ਕਾਂਗਰਸੀ ਹਾਕਮਾਂ ਦੀ ਸਾਜ਼ਿਸ਼ ਨੂੰ ਨੰਗਿਆਂ ਕਰਨਾ ਚਾਹੀਦਾ ਹੈ, ਉਥੇ ਸੰਤ ਭਿੰਡਰਾਂ ਵਾਲੇ ਦੀਆਂ ਕਾਰਗੁਜ਼ਾਰੀਆਂ ਵਿਰੁਧ ਵੀ ਬੇਖੌਫ ਹੋ ਕੇ ਆਵਾਜ਼ ਉਠਾਨੀ ਚਾਹੀਦੀ ਹੈ। ਮੰਜੀ ਸਾਹਿਬ ਦੇ ਦੀਵਾਨ ਵਿਚ ਭਿੰਡਰਾਂ ਵਾਲਾ ਜਿਹੜੀਆਂ ਤਕਰੀਰਾਂ ਕਰਦਾ ਹੈ, ਉਹ ਸਾਰੀਆਂ ਅਖਬਾਰਾਂ ਵਿਚ ਨਹੀਂ ਆਂਦੀਆਂ। ਉਹ ਬੜਾ ਕਟੜ ਕਿਸਮ ਦਾ ਹਿੰਦੂ ਵਿਰੋਧੀ ਹੈ ਅਤੇ ਜਨੂੰਨ ਵਿਚ ਆ ਕੇ 'ਝਟਕਾ ਦੇਵੋ' 'ਫੂੰਡ ਦੇਵੋ' ਤੋਂ ਸਿਵਾ ਹੋਰ ਗੱਲ ਨਹੀਂ ਕਰਦਾ। ਸੰਤ ਲੌਂਗੋਵਾਲ 'ਸ਼ਾਂਤੀ ਪੂਰਵਕ ਮੋਰਚੇ' ਅਤੇ 'ਸਾਂਝੇ ਪੰਜਾਬੀ' ਹਿੱਤਾਂ ਦੀ ਗੱਲ ਕਰਦਾ ਥੱਕਦਾ ਨਹੀਂ, ਪਰ ਭਿੰਡਰਾਂ ਵਾਲਾ ਨਿਰੀਆਂ 'ਹਿੰਸਕ ਕਾਰਵਾਈਆਂ' ਅਤੇ 'ਕੇਵਲ ਸਿੰਘਾਂ' ਦੀ ਹੀ ਗੱਲ ਕਰਦਾ ਹੈ। ਇਹ ਦੋਨੋਂ ਇਕੋ ਥਾਂ ਤੋਂ ਬੋਲਦੇ ਹਨ। ਦੋਨਾਂ ਦੇ ਵਿਚਾਰਾਂ ਬਾਅਦ 'ਬੋਲੇ ਸੋ ਨਿਹਾਲ' ਦੇ ਜੈਕਾਰੇ ਵਜਦੇ ਹਨ ਪਰ ਦੋਨਾਂ ਦੀ ਸੁਰ ਬਿਲਕੁਲ ਵੱਖਰੀ ਹੈ। ਇਹਨਾਂ ਵਿਚ ਕੁਝ ਵੀ ਸਾਂਝਾ ਨਹੀਂ। ਇਹ ਸਭ ਕੀ ਖੇਡ ਹੈ ? ਪੰਜਾਬ ਦੀ ਸਿਆਸਤ ਵਿਚ ਸੰਤ ਭਿੰਡਰਾਂ ਵਾਲੇ ਦਾ ਪ੍ਰਵੇਸ਼ ਕਿਸ ਤਰਾਂ ਹੋਇਆ ਹੈ ? ਇਹ ਗੁਰੂ ਨਾਨਕ ਨਿਵਾਸ ਵਿਚ ਵੜਿਆ ਅਸਲ ਵਿਚ ਚਹੰਦਾ ਕੀ ਹੈ ? ਹਰਿਮੰਦਰ ਸਾਹਿਬ ਦੇ ਪਵਿਤਰ ਅਸਥਾਨ ਤੇ ਹਥਿਆਹ ਚੁੱਕੀ (ਕ੍ਰਿਪਾਨਾ ਨਹੀਂ—ਬਰੈਨਗਨਾਂ, ਰਾਈਫਲਾਂ, ਕਾਰਬਾਈਡ) ਇਹਦੇ ਚੇਲੇ ਚਾਟੜੇ ਹਥਿਆਰਾਂ ਦੀ ਪ੍ਰਦਰਸ਼ਨੀ ਕਿਸ ਨੂੰ ਡਰਾਉਣ ਲਈ ਕਰ ਰਹੇ ਹਨ ? ਇਹ ਬੜੇ ਵਡੇ ਸਵਾਲ ਹਨ, ਜਿਨ੍ਹਾਂ ਬਾਰੇ ਹਰ ਪੰਜਾਬੀ ਨੂੰ ਫਿਕਰਮੰਦ ਹੋਣਾ ਚਾਹੀਦਾ ਹੈ। ਹੁਣ ਵਾਲੇ ਇਹ ਲੀਡਰ ਆਪ ਤਾਂ ਕੁਝ ਦੇਰ ਬਾਅਦ ਮਰ ਖੱਪ ਜਾਣਗੇ, ਪਰ ਇਹਨਾਂ ਸਭ ਗਲਤ ਕਾਰਗੁਜ਼ਾਰੀਆਂ ਦੀ ਕੀਮਤ ਆਉਣ ਵਾਲੀਆਂ ਪੁਸ਼ਤਾਂ ਨੂੰ ਝੁਕਾਣੀ ਪੈਣੀ ਹੈ। ਦੇਸ਼ ਦੀ ਵੰਡ ਕਰਨ ਵਾਲੇ ਆਪ ਤਾਂ ਕੁਝ ਸਾਲਾਂ ਬਾਅਦ ਮਰ ਮੁੱਕ ਗਏ ਪਰ ਸਾਂਝੇ ਪੰਜਾਬੀ ਕਲਚਰ—ਨਾਨਕ ਅਤੇ ਵਾਰਿਸ ਦੀ ਕਲਚਰ ਨੂੰ ਸਦੀਵੀ ਨੁਕਸਾਨ ਪੁਚਾ ਗਏ। ਹੁਣ ਦਰਬਾਰਾ-ਭਿੰਡਰਾਂਵਾਲਾ ਇਕ ਖੇਡ ਗਰਮ ਕਰੀ ਬੈਠੇ ਹਨ। ਸਾਰਾ ਪੰਜਾਬ ਇਕ ਪੁਲਸ ਛਾਉਣੀ ਬਣਿਆ ਪਿਆ ਹੈ, ਹਰਮੰਦਰ ਸਾਹਿਬ ਦੇ ਆਲੇਦੁਆਲੇ ਨਾਕੇ ਲੱਗ ਰਹੇ ਹਨ। ਸਾਦੇ ਕਪੜਿਆਂ ਵਿਚ ਪੁਲਸ ਗੁਰੂ ਨਾਨਕ ਨਿਵਾਸ ਦੇ ਆਲੇ ਦੁਆਲੇ ਹੈ। ਕੁਝ ਨੂੰ ਨਿਹੰਗ ਫੜ ਲੈਂਦੇ ਜ਼ਨ। ਕੋਈ ਨਿਹੰਗ ਕਾਦੀਆਂ ਭੂਤਰ ਜਾਂਦਾ ਹੈ। ਕੋਈ ਪੁਲਸੀਆ ਭੂਤਰਿਆ ਹੋਇਆ ਸਾਧਾਰਨ ਸ਼ਹਿਰੀ ਨੂੰ ਗੋਲੀਆਂ ਮਾਰ ਦੇਂਦਾ ਹੈ। ਇਸ ਖੇਡ ਵਿਚ ਪੰਜਾਬ ਤਬਾਹ ਹੋ ਰਿਹਾ ਹੈ। ਲੋਕ ਪੱਖੀ ਤਾਕਤਾਂ ਦਾ ਬਹੁਤ ਵੱਡਾ ਫਰਜ਼ ਬਣਦਾ ਹੈ ਕਿ ਇਸ ਸਾਰੀ ਸਥਿਤੀ ਵਿੱਚ ਸਰਗਰਮੀ ਨਾਲ ਦਖਲਅੰਦਾਜ਼ੀ ਕਰਨ। ਉਹਨਾਂ ਦਾ ਫਰਜ਼ ਬਣਦਾ ਹੈ ਕਿ ਉਹ ਲੋਕਾਂ ਨੂੰ ਸਹੀ ਮੰਗਾਂ ਦੇ ਦੁਆਲੇ ਲਾਮਬੰਦ ਕਰਨ। ਇਸ ਸਿਲਸਿਲੇ ਵਿਚ ਹੁਣੇ ਹੁਣੇ ਹੋਈਆਂ ਸਾਂਝੀਆਂ ਕਿਸਾਨ ਤੇ ਮੁਲਾਜ਼ਮ ਰੈਲੀਆਂ ਮਿਸਾਲ ਵਜੋਂ ਦਿੱਤੀਆਂ ਜਾ ਸਕਦੀਆਂ ਹਨ। ਕਿਸਾਨਾਂ ਦੇ ਦੋ ਇਕੱਠ ਮੈਨੂੰ ਚੰਡੀਗੜ੍ਹ ਤੇ ਭੁਲੱਥ ਵੇਖਣ ਦਾ ਮੌਕਾ ਮਿਲਿਆ ਹੈ। ਹਜ਼ਾਰਾਂ ਦੀ ਗਿਣਤੀ ਵਿਚ ਕਿਸਾਨ ਜਿਸ ਤਰ੍ਹਾਂ ਹਰਕਤ ਵਿਚ ਆਏ ਹਨ, ਇਹੀ ਇਕ ਰਾਹ ਹੈ ਕਿ ਮੇਹਨਤਕਸ਼ ਲੋਕਾਂ ਨੂੰ ਤਬਾਹਕੁਨ ਖੇਡ ਤੋਂ ਬਚਾਇਆ ਜਾਏ ਜੋ ਪਿਛਲੇ ਢਾਈ ਤਿੰਨ ਸਾਲਾਂ ਤੋਂ ਪੰਜਾਬ ਵਿਚ ਖੇਡੀ ਜਾ ਰਹੀ ਹੈ।

**—ਗੁਰਸ਼ਰਨ ਸਿੰਘ**

---

**ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਰਨਾਵਾਂ : ਗੁਰੂ ਖਾਲਸਾ ਨਿਵਾਸ ਡਾਕਖ਼ਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ-143002 : ਵਾਰਸ਼ਿਕ ਚੰਦਾ 15 ਰੁ:, ਵਿਦੇਸ਼ ਹਾਵਾਈ ਡਾਕ ਰਾਹੀਂ 80 ਰੁ:**

## ਕੁਝ ਪ੍ਰਤੀਕਰਮ—ਲੋਕ ਪੱਖੀ ਪਾਰਟੀ ਬਾਰੇ

—ਤੁਹਾਡੇ 'ਸਮਤਾ' ਮਾਰਚ 1983 ਦੇ ਸੰਪਾਦਕੀ—ਇੱਕ ਲੋਕ ਪੱਖੀ ਪਾਰਟੀ ਦਾ ਮੈਨੀਫੈਸਟੋ—'ਚ ਝਲਕਦੀ ਤੁਹਾਡੀ ਇੱਕ ਲੋਕ-ਪੱਖੀ ਪਾਰਟੀ ਦੀ ਉਸਾਰੀ ਦੀ ਤਾਂਘ ਭਾਵਨਾ ਦੀ ਪੱਧਰ 'ਤੇ ਬਿਲਕੁਲ ਦਰੁਸਤ ਹੈ। ਤੁਹਾਡੇ ਇਸ ਮੈਨੀਫੈਸਟੋ ਦੇ ਕਈ ਨੁਕਤਿਆਂ 'ਤੇ ਮੇਰੀ ਸਹਿਮਤੀ ਨਹੀਂ ਹੈ ਤੇ ਮੈਂ ਮੈਨੀਫੈਸਟੋ ਨੂੰ ਅਧੂਰਾ ਵੀ ਸਮਝਦਾ ਹਾਂ। ਪਰ ਇਥੇ ਮੈਂ ਤਿੰਨ ਨੁਕਤਿਆਂ 'ਤੇ ਹੀ ਆਪਣੇ ਸਮੇਟਵੇਂ ਪ੍ਰਭਾਵ ਰੱਖਾਂਗਾ ਤੇ ਫਿਰ ਲੋਕ-ਪੱਖੀ ਪਾਰਟੀ ਦੀ ਉਸਾਰੀ ਸੰਬੰਧੀ ਪਹੁੰਚ ਬਾਰੇ।

ਸਮਾਜ 'ਚੋਂ ਹਰ ਕਿਸਮ ਦੀ ਲੁੱਟ ਖਸੁੱਟ ਦੇ ਖਾਤਮੇ ਦਾ ਨਿਸ਼ਾਨਾ ਮਿਥਣ ਵਾਲੀ ਪਾਰਟੀ ਦਾ ਪ੍ਰੇਰਨਾ ਸਰੋਤ ਸਿਰਫ਼ ਅੱਜ ਦਾ ਸਭ ਤੋਂ ਅੱਗੇ ਵਧੂ ਵਿਗਿਆਨ—ਵਿਰੋਧ ਵਿਕਾਸੀ ਫਲਸਫ਼ਾ ਹੀ ਹੋ ਸਕਦਾ ਹੈ। ਹਰ ਧਰਮ (ਭਾਵੇਂ ਉਹ ਕਿਸੇ ਸਮੇਂ ਅਗਾਂਹ ਵਧੂ ਰੋਲ ਨਿਭਾਅ ਗਿਆ ਹੋਵੇ ਜਿਵੇਂ ਸਿੱਖ-ਧਰਮ) ਅੰਤਮ ਰੂਪ 'ਚ ਲੁਟੇਰੀ ਜਮਾਤ ਦੀ ਲੁੱਟ ਕਾਇਮ ਰੱਖਣ ਵਾਲਾ, ਉਸ ਦਾ ਅਤੀ ਲੋੜੀਂਦਾ ਹਥਿਆਰ ਹੋ ਨਿਬੜਦਾ ਹੈ। ਇਸ ਲਈ ਕਿਸੇ ਵੀ ਧਰਮ ਦੇ ਧਾਰਮਿਕ ਗ੍ਰੰਥ ਨੂੰ ਮਾਰਕਸੀ ਸਾਇੰਸ ਦੇ ਬਰਾਬਰ ਦਾ ਦਰਜਾ ਦੇਣਾ ਠੀਕ ਨਹੀਂ।

ਅੱਜ ਦੇ ਸਮਾਜ ਦੀਆਂ ਸਾਰੀਆਂ ਬੁਰਾਈਆਂ ਦੀ ਜੜ੍ਹ ਸਮਾਜ ਦਾ ਜਮਾਤਾਂ 'ਚ ਵੰਡੇ ਹੋਣਾ ਤੇ ਪੈਦਾਵਾਰੀ ਸਾਧਨਾਂ ਉਪਰ ਲੁਟੇਰੀ ਜਮਾਤ ਦਾ ਕਬਜ਼ਾ ਹੋਣਾ ਹੀ ਹੈ। ਪੈਸਾ ਤਾਂ ਲੁਟੇਰੀ ਜਮਾਤ ਦੇ ਹੱਥ 'ਚ ਇਕ ਤਾਕਤ ਹੈ ਜੋ ਧੱਕੇ ਦਾ ਰਾਜ ਕਾਇਮ ਰੱਖਣ 'ਚ ਸਹਾਈ ਹੁੰਦਾ ਹੈ।

ਰੂਸੀ ਸੋਸ਼ਲਿਸ਼ਟ ਇਨਕਲਾਬ ਦੇ ਅਗਵਾਨੂੰ ਕਾ: ਲੈਨਿਨ ਨੇ ਕਿਹਾ ਸੀ, "ਹਰ ਇਨਕਲਾਬ ਦਾ ਬੁਨਿਆਦੀ ਸਵਾਲ, ਤਾਕਤ ਦਾ ਸਵਾਲ ਹੈ।" ਉਪਰੋਕਤ ਨਿਸ਼ਾਨੇ ਹਾਸਲ ਕਰਨ ਲਈ ਇਹ ਜ਼ਰੂਰੀ ਹੈ ਕਿ ਲੁੱਟੀ ਜਾਣ ਵਾਲੀ ਜਮਾਤ, ਲੁਟੇਰੀ ਜਮਾਤ ਤੋਂ ਰਾਜਸੀ ਤਾਕਤ ਹਾਸਲ ਕਰੇ। ਇਹ ਤਾਕਤ ਲੁਟੇਰੀ ਜਮਾਤ ਚੋਣ ਖੇਡ ਨਾਲ ਨਹੀਂ ਦੇਵੇਗੀ ਭਾਵੇਂ ਚੋਣਾਂ ਨੂੰ ਕਿੰਨਾ ਵੀ ਦਿਲਕਸ਼ ਰੂਪ ਕਿਉਂ ਨਾ ਦੇ ਦਿੱਤਾ ਜਾਵੇ, ਸਗੋਂ ਇਹ ਤਾਕਤ ਵੀ ਲੁੱਟੀ ਜਾ ਰਹੀ ਜਮਾਤ ਨੂੰ ਆਪਣੀ ਪਾਰਟੀ ਦੀ ਅਗਵਾਈ 'ਚ ਤਾਕਤ ਦੇ ਜ਼ੋਰ ਹੀ ਲੈਣੀ ਪਵੇਗੀ।

**ਪਾਰਟੀ ਉਸਾਰੀ ਬਾਰੇ ਪਹੁੰਚ ਦਾ ਸਵਾਲ :–** ਸਾਡੇ ਦੇਸ਼ ਦੀ ਇਨਕਲਾਬੀ ਲਹਿਰ ਇਕ ਜੁਟ ਹੋਣ ਦੀ ਬਜਾਏ ਕਾਤਰਾਂ 'ਚ ਖਿਖਰੀ ਪਈ ਹੈ। ਗੱਲ ਇਹ ਨਹੀਂ ਕਿ ਇਹ ਮਸਲਾ ਸੁਲਝ ਨਹੀਂ ਸਕਦਾ। ਰੌਲਾ ਵੱਖ ਵੱਖ ਟੁਕੜੀਆਂ ਦੀ ਪਹੁੰਚਦਾ ਹੈ। ਕੁਝ ਆਪਣੇ ਆਪਦੇ ਸਦਾ ਦਰੁਸਤ ਦੀ ਫੀਤੀ ਲਾ ਕੇ ਆਰਾਮ ਫੁਰਮਾ ਰਹੇ ਹਨ। ਕੁਝ ਨੂੰ ਆਪਣੇ ਆਪ ਤੇ ਬਿਨਾ ਹੋਰ ਕੋਈ ਇਨਕਲਾਬੀ ਹੀ ਨਹੀਂ ਲੱਗਦਾ। ਲੱਗਭਗ ਸਾਰੇ ਹੀ ਕੌਮਾਂਤਰੀ ਪੱਧਰ ਦੀਆਂ ਇਨਕਲਾਬੀ ਸ਼ਖਸੀਅਤਾਂ ਦੀਆਂ, ਸੰਬੰਧਤ ਪ੍ਰਸੰਗ 'ਚ ਸਜੀਵ ਅਰਥ ਰੱਖਦੀਆਂ ਟੂਕਾਂ ਨੂੰ ਪ੍ਰਸੰਗ ਨਾਲੋਂ ਤੋੜ ਕੇ; ਗਰੁੱਪ ਹਿੱਤਾਂ ਲਈ ਵਰਤ ਕੇ ਨਿਰਜੀਵ ਬਣਾ ਰਹੇ ਹਨ। ਕੁਝ ਵਾਰ ਛੋਟੀਆਂ ਮੋਟੀਆਂ 'ਘੁਣਤਰਾਂ" ਕਰਕੇ ਤੇ ਥੱਲੇ ਲਾਉਣ ਦੀ ਤੰਗ ਨਜ਼ਰ ਪ੍ਰਵਿਰਤੀ ਕਰਕੇ ਹੀ ਲਹਿਰ 'ਚ ਏਕਤਾ ਦੀ ਗੱਲ ਨਹੀਂ ਤੁਰਦੀ ਰਹੀ। ਸਹੀ ਅਰਥਾਂ 'ਚ ਆਪਾ ਪੜਚੋਲ ਤੇ ਸੁਧਾਈ ਦੀ ਝਲਕ ਕਿਤੇ ਵੀ ਨਹੀਂ ਮਿਲਦੀ। ਇਸੇ ਗਲਤ ਪਹੁੰਚ ਦੇ ਸਿੱਟੇ ਵਜੋਂ ਬੜੇ ਦੁੱਖ ਨਾਲ ਇਹ ਕੌੜੀ ਸੱਚਾਈ ਕਬੂਲ ਕਰਨੀ ਪੈਣੀ ਹੈ ਕਿ ਇਨਕਲਾਬੀ ਲਹਿਰ ਦੇ ਕਿੰਨੇ ਹੀ ਘੁਲਾਟੀਏ ਇਨਕਲਾਬੀ ਸਮਾਜਿਕ ਸਦਾਚਾਰਕ ਕਦਰਾਂ ਕੀਮਤਾਂ ਤੇ ਵੀ ਕਾਇਮ ਨਹੀਂ ਰਹਿ ਸਕੇ।

ਇਹ ਵੀ ਸੱਚ ਹੈ ਕਿ ਇਨਕਲਾਬੀ ਲਹਿਰ ਦੀ ਕਿਸੇ ਟੁਕੜੀ ਜਾਂ ਵਿਅਕਤੀ 'ਚ ਉਪਰੋਕਤ ਕਿਸਮ ਦੇ ਨੁਕਸ ਪ੍ਰਗਟ ਹੋ ਸਕਦੇ ਹਨ। ਪਰ ਇਹਨਾਂ ਨੂੰ ਵੀ ਮਾਰਕਸੀ ਸਾਇੰਸ ਨੂੰ ਅਮਲ 'ਚ ਲਾਗੂ ਕਰਕੇ ਹੀ ਠੀਕ ਕੀਤਾ ਜਾ ਸਕਦਾ ਹੈ।

ਇਨਕਲਾਬੀਆਂ ਨੂੰ ਮਾਰਕਸੀ ਸਿਧਾਂਤ ਨੂੰ ਮਤਿਆਂ, ਦਸਤਾਵੇਜ਼ਾਂ ਜਾ ਖਰੜਿਆਂ ਦੇ ਰੂਪ 'ਚ ਹੀ ਬਿਆਨ ਨਹੀਂ ਕਰਦੇ ਰਹਿਣਾ ਚਾਹੀਦਾ ਸਗੋਂ ਇਸ ਨੂੰ ਅਮਲ ਵਿਚ ਵੀ ਲਾਗੂ ਕਰਨਾ ਚਾਹੀਦਾ ਹੈ। ਅਮਲ 'ਚੋਂ ਪ੍ਰਾਪਤ ਹੋਏ ਅਨਮੋਲ ਤਜਰਬੇ ਰਾਹੀਂ ਸਿਧਾਂਤ ਨੂੰ ਹੋਰ ਅਮੀਰ ਬਣਾਇਆ ਜਾਣਾ ਚਾਹੀਦਾ ਹੈ। ਇਹੀ ਸਿਧਾਂਤ ਤੇ ਅਮਲ ਦਾ ਵਿਰੋਧ ਵਿਕਾਸੀ ਰਿਸ਼ਤਾ ਹੈ।

ਸਾਰੀਆਂ ਹੀ ਇਨਕਲਾਬੀ ਟੁਕੜੀਆ ਦੀਆਂ ਲਿਖਤਾਂ 'ਚ ਜਮਹੂਰੀ ਕੇਂਦਰਵਾਦ ਤੇ ਪੜਚੋਲ ਦੇ ਮਹੱਤਵਪੂਰਨ ਅਸੂਲ ਦਰਜ ਹਨ ਪਰ ਪੂਛ ਨੂੰ ਹੱਥ ਕੋਈ ਵੀ ਨਹੀਂ ਲਵਾਉਂਦਾ। ਇਹਨਾਂ ਅਸੂਲਾਂ ਨੂੰ ਕਿੰਨਾ ਕੁ ਲਾਗੂ ਕੀਤਾ ਜਾਂਦੇ ਭਲਾ? ਸਿਧਾਂਤ ਤੇ ਅਮਲ 'ਚ ਇਕਸੁਰਤਾ ਰੱਖਣ ਲਈ ਸਾਰੀਆਂ ਟੁਕੜੀਆਂ ਨੂੰ ਇਹਨਾਂ ਅਸੂਲਾਂ ਨੂੰ ਕਮਿਊਨਿਸਟ ਇਰਾਦੇ ਨਾਲ ਲਾਗੂ ਕਰਨਾ ਚਾਹੀਦਾ ਹੈ। ਗਰੁੱਪ ਤੰਗ ਨਜ਼ਰੀਆਂ ਛੱਡ ਕੇ ਹੰਢਾਏ ਬੀਤੇ ਨੂੰ ਫਰੋਲ ਕੇ ਸਹੀ ਸਿੱਟੇ ਤੇ ਸਬਕ ਕੱਢਣੇ ਚਾਹੀਦੇ ਹਨ। ਇਹਨਾਂ ਸਿੱਟਿਆਂ ਤੇ ਸਬਕਾਂ ਦੇ ਅਧਾਰ 'ਤੇ ਹੀ ਇੱਕ ਦੂਜੀ ਟੁਕੜੀ ਨਾਲ ਬਹਿਸ ਮੁਬਹਿਸਾ ਚਲਾਉਣਾ ਚਾਹੀਦਾ

ਤੇ ਸਾਂਝੇ ਸਿੱਟਿਆਂ 'ਤੇ ਪਹੁੰਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਜਿੰਨਾ ਚਿਰ ਇਨਕਲਾਬੀ ਸ਼ਕਤੀਆਂ ਇਸ ਸਜੀਵ ਪਹੁੰਚ ਨੂੰ ਨਹੀਂ ਅਪਣਾਉਂਦੀਆਂ ਉਨ੍ਹਾਂ ਚਿਰ ਨਾ ਵਿਚਾਰਧਾਰਕ-ਸਿਆਸੀ ਏਕਤਾ ਹਾਸਲ ਹੋ ਸਕੇਗੀ ਤੇ ਨਾ ਹੀ ਇੱਕ ਲੋਕ-ਪੱਖੀ ਪਾਰਟੀ ਦੀ ਸਿਰਜਣਾ।

**—ਰਣਧੀਰ ਗਿੱਲਪੱਤੀ**

—ਆਪ ਜੀ ਦਾ ਲਿਖਿਆ ਡਰਾਮਾ 'ਲੋਕ-ਪੱਖੀ ਪਾਰਟੀ ਦਾ ਮੈਨੀਫੈਸਟੋ "ਪੜਿਆ ਜਿਵੇਂ ਇਤਿਹਾਸ ਦੱਸਦਾ ਹੈ ਕਿ ਸਮੇਂ ਸਮੇਂ ਕੁਝ ਆਗੂਆਂ ਨੇ ਸਮੇਂ ਦੀ ਨਬਜ਼ ਪਛਾਣਦਿਆਂ ਸਾਦੇ ਤੇ ਸਪਸ਼ਟ ਨਿਸ਼ਾਨੇ ਦੱਸਦਿਆਂ ਹੋਇਆਂ ਲੋਕਾਂ ਨੂੰ ਲਾਮਬੰਦ ਕੀਤਾ ਅਤੇ ਮਨੁੱਖੀ ਇਤਿਹਾਸ ਵਿਚ ਇੱਕ ਇਤਿਹਾਸਕ ਰੋਲ ਨਿਭਾਇਆ।' ਅਤੇ "ਈਸਾ ਮਸੀਹ ਦੇ 'ਦਸ ਸੁਨਹਿਰੀ ਅਸੂਲ" ਜੋ ਕਿ ਪੁਰਾਣੇ ਹੋ ਚੁੱਕੇ ਸਨ ਉਨ੍ਹਾਂ ਦੀ ਜਗ੍ਹਾ ਉਸੇ ਤਰ੍ਹਾਂ ਦੇ ਸੁਨਹਿਰੀ ਅਸੂਲ ਕਾਇਮ ਕਰ ਦਿੱਤੇ ਜੋ ਕਿ ਬਾਕਈ ਕੋਈ ਕਾਮਲ ਮਰਦ ਪੀਰ ਦਾ ਮੁਰਸ਼ਦ ਜਾਂ ਸਮੇਂ ਦਾ ਕੋਈ "ਈਸਾ" ਹੀ ਕਰ ਸਕਦਾ ਹੈ ਹੁਣ ਅਸੀਂ ਸਮਝਦੇ ਹਾਂ ਕਿ ਹਿੰਦੋਸਤਾਨ ਦੀ ਸਾਬਕ ਧਰਤੀ ਤੇ ਸਮੇਂ ਦੇ ਕ੍ਰਿਸ਼ਨ, ਮੁਹੰਮਦ, ਈਸਾ, ਸਿੰਘ, ਜਹੂਦ, ਨੇ ਜਨਮ ਲੈ ਲਿਆ ਹੈ ਇਸ ਲਈ ਸਭ ਤੋਂ ਪਹਿਲਾਂ ਭਾਰਤ ਅਤੇ ਵਾਅਦ ਵਿਚ ਸਾਰੀ ਦੁਨੀਆਂ ਵਿਚੋਂ 'ਗੰਦਾ ਹੂੰਝਿਆ ਜਾਵੇਗਾ।

ਸਾਨੂੰ ਤੁਹਾਡੇ ਕੋਲੋਂ ਇਹੋ ਆਸ ਸੀ, ਹੈ, ਤੇ ਰਹੇਗੀ।

**ਜੀਵਨ, ਜਤਿਨ, ਜਲੰਧਰ**

—ਫਰਵਰੀ 83 ਦੀ ਸੰਪਾਦਕੀ ਵਿਚ ਤੁਸੀਂ ਸਮੇਂ ਦੀ ਨਬਜ਼ ਤੇ ਹੱਥ ਰੱਖਿਆ ਹੈ। ਅੱਜ ਜਦੋਂ ਸਾਡਾ ਦੇਸ਼ ਗਹਿਰੇ ਆਰਥਕ ਸੰਕਟ ਦੇ ਨਾਲ ਨਾਲ ਰਾਜਨੀਤਕ ਸੰਕਟ ਦੀ ਲਪੇਟ ਵਿਚ ਆ ਰਿਹਾ ਹੈ। ਇੰਦਰਾ ਕਾਂਗਰਸ ਦੀ ਲੋਕਾਂ ਵਿਚੋਂ ਖੁਰ ਰਹੀ ਸਾਖ ਤੇ ਉਸ ਦੇ ਕੌਮੀ ਬਦਲ ਦੀ ਅਣਹੋਂਦ ਰਾਜਨੀਤਕ ਸੰਕਟ ਦੇ ਸਪਸ਼ਟ ਲੱਛਣ ਹਨ। ਇਸ ਦੇ ਸਿੱਟੇ ਵਜੋਂ ਦੇਸ਼ ਦੇ ਟੁਕੜੇ ਟੁਕੜੇ ਹੋਣਾ, ਫਾਸੀ ਤਾਕਤਾਂ ਦਾ ਸਤਾ ਤੇ ਕਬਜ਼ਾ ਅਤਿ ਦੀ ਅਰਾਜਕਤਾ ਹੀ ਹੋ ਸਕਦਾ ਹੈ। ਇਸ ਸਥਿਤੀ ਦਾ ਇਕੋ ਇੱਕ ਸੰਭਵ ਹੱਲ ਹੱਲ ਖੱਬੀਆਂ ਤੇ ਜਮਹੂਰੀ ਸ਼ਕਤੀਆਂ ਦੀ ਏਕਤਾ ਤੇ ਵਿਸ਼ੇਸ਼ ਕਰਕੇ ਕਮਿਊਨਿਸਟ ਪਾਰਟੀਆਂ ਤੇ ਕ. ਇਨ: ਗਰੁੱਪਾਂ ਦੀ ਏਕਤਾ ਹੀ ਹੋ ਸਕਦਾ ਹੈ। ਆਪ ਨੇ ਠੀਕ ਸਮੇਂ ਤੇ ਏਕਤਾ ਦੀ ਗੱਲ ਤੋਰ ਕੇ ਇਕ ਅਤੀ ਸ਼ਲਾਘਾਯੋਗ ਉੱਦਮ ਕੀਤਾ ਹੈ।

ਅਸੀਂ ਇਸ ਸੰਬੰਧ ਵਿਚ ਇੱਕ ਸੁਝਾਅ ਦੇਣਾ ਚਾਹੁੰਦੇ ਹਾਂ ਕਿ ਏਕਤਾ ਨੂੰ ਮੁੱਖ ਏਜੰਡੇ ਤੇ ਰਖਦੇ ਹੋਏ ਇਕ ਵਿਸ਼ਾਲ ਏਕਤਾ ਕਨਵੈਨਸ਼ਨ ਸੱਦੋ। ਜਿਸ ਵਿਚ ਕਮਿ: ਪਾਰਟੀਆਂ, ਕਮਿ: ਇਮ: ਗਰੁੱਪਾਂ ਤੇ ਹਰ ਖੱਬੇ ਪੱਖੀ ਸ਼ਕਤੀਆਂ ਨੂੰ ਸੱਦਾ ਦਿਓ। ਸਾਨੂੰ ਪੂਰੀ ਉਮੀਦ ਹੈ ਕਿ ਕਨਵੈਨਸ਼ਨ ਚੰਗੇ ਸਿੱਟੇ ਕੱਢੇਗੀ ਤੇ ਕਮਿਊਨਿਸਟ ਲੀਡਰਾਂ ਦੀ ਕਮਿਊਨਿਸਟ ਏਕਤਾ ਲਈ ਸੰਜੀਦਗੀ ਸਾਹਮਣੇ ਲਿਆਵੇਗੀ। **ਕੁਲਵੰਤ ਸਿੰਘ ਭਜਨ ਲਾਲ**

(ਬਰਨਾਲਾ)

—ਨਵੇਂ ਮਹੀਨੇ ਸਮਤਾ ਆਉਂਦੀ ਹੈ ਤਾਂ ਕਿਸੇ ਨਵੇਂ ਹੀ ਚਾਨਣ ਦਾ ਛਿੱਟਾ ਦਿੰਦੀ ਜ਼ਿਹਨ ਵਿੱਚ ਬੈਠ ਜਾਂਦੀ ਹੈ।

ਤੁਹਾਡਾ ਸੰਪਾਦਕੀ ਬਿਲਕੁਲ ਸਮੇਂ ਦੀ ਲੋੜ ਹੈ, ਪਰ ਸਾਡੇ 'ਕਾਮਰੇਡਾਂ' ਨੂੰ ਘਰੋਂ ਖਾ ਕੇ ਕੌਣ ਮੱਤ ਦੇਣ ਜਾਵੇ। ਉਹ ਦੇਵੀ ਲਾਲ ਤੇ ਚੌਧਰੀ ਚਰਨ ਦਾ ਸਮਝੌਤਾ ਕਰਵਾ ਸਕਦੇ ਹਨ, ਪਰ ਆਪ ਮਿਲ ਕੇ ਨਹੀਂ, ਬਹਿ ਸਕਦੇ। ਸ਼ਾਇਦ ਦੋ ਜੱਟ ਭਰਾ ਉਹਨਾਂ ਨੂੰ ਰੁੱਸੇ ਚੰਗੇ ਨਹੀਂ ਲੱਗਦੇ ਜਦੋਂ ਕਿ ਉਹ ਸਾਧਾਰਣ ਜੱਟ ਨਾ ਹੋ ਕੇ ਚੰਗੇ ਜਗੀਰਦਾਰ ਹੋਣ। ਖੈਰ...... ਅਕਲ ਆਪਣੇ ਖਾਨਿਓਂ ਜਾਗਦੀ ਹੈ। ਮੁਫਤ ਮਿਲਦੀ ਮੱਤ ਕੌਣ ਕਬੂਲ ਕਰਦਾ ਹੈ। ਸਮਾਂ ਹੀ ਉਹਨਾਂ ਨੂੰ ਸੁਮੱਤ ਬਖਸ਼ੇਗਾ।

ਭਾਰ ਦਵਾਜ ਹਮੇਸ਼ਾਂ ਵਾਂਗ ਹੀ ਸਾਦੇ ਲਫਜ਼ ਵਰਤ ਕੇ ਵੀ ਧੁਰ ਅੰਦਰ ਤਾਂਈ ਲਹਿ ਜਾਂਦਾ ਹੈ। ਉਹ ਪੰਜਾਬ ਦੇ ਮਸਲੇ ਬਾਰੇ ਵੀ ਸਹੀ ਤਹਿ ਤੱਕ ਗਿਆ ਹੈ। ਕੋਈ ਗੱਲ ਕਹਿਣ ਵਾਲੀ ਹੋਵੇ ਤਾਂ ਸ਼ਬਦਾਂ ਦਾ ਅਡੰਬਰ ਰਚਣ ਦੀ ਲੋੜ ਹੀ ਨਹੀਂ ਪੈਂਦੀ। ਜਿਨ੍ਹਾਂ ਕੋਲ ਰਹਿਣ ਲਈ ਕੁਝ ਨਾ ਹੋਵੇ ਉਹ ਹੀ ਥੋਥੇ ਸ਼ਬਦਾ ਦਾ ਜਾਲ ਬੁਣਦੇ ਹਨ। ਭਰਦਵਾਜ ਨੇ ਗੱਲ ਹੀ ਅਜਿਹੇ ਢੰਗ ਨਾਲ ਕਹੀ ਹੈ ਕਿ ਕੁਝ ਹੋਰ ਕਹਿਣ ਸੁਨਣ ਦਾ ਸਕੋਪ ਹੀ ਨਹੀਂ ਛੱਡਿਆ। ਜੇ ਕੋਈ ਕੁਝ ਕਹੇ ਸੁਣੇਗਾ ਤਾਂ ਇਹੀ ਸਿੱਧ ਹੋਵੇਗਾ ਕਿ ਉਹ ਇਸ ਸੱਚ ਤੋਂ ਮੁਨਕਰ ਹੋਣ ਦੀ ਕੋਸ਼ਿਸ਼ ਕਰਦਾ ਹੈ।

ਮੈਂ ਖੁਦ ਵੀ ਇੱਕ ਟਿੱਪਣੀ ਇਸ ਸੰਬੰਧ ਵਿਕ ਸਮਤਾ ਦੇ ਆਉਣ ਤੋਂ ਪਹਿਲਾਂ ਭੇਜ ਚੁੱਕਾ ਸਾਂ। ਭਾਰਦਵਾਜ ਦੇ ਲੇਖ ਨੇ ਮੇਰੀ ਸੂਝ ਨੂੰ ਹੋਰ ਵੀ ਗਹਿਰਾਈ ਅਤੇ ਲੋੜੀਂਦੀ ਨਵੀਂ ਦਿਸ਼ਾ ਦਿੱਤੀ ਹੈ।

ਮੈਂ ਇਹ ਲੇਖ ਆਪਣੇ ਇੱਕ ਹੋਰ 'ਕਾਮਰੇਡ' ਮਿੱਤਰ ਨੂੰ ਵੀ ਪੜ੍ਹਾਇਆ। ਉਹ ਬਹੁਤ ਘੱਟ ਪੜ੍ਹਦਾ ਹੈ। ਇਸ ਲਈ ਹਰ ਪੰਜਾਬ ਦੇ ਮਸਲੇ ਨੂੰ ਫਿਰਕੂ ਕਹਿ ਕੇ ਉਸ ਬਾਰੇ ਕੋਈ ਗੱਲ ਕਰਨ ਨੂੰ ਵੀ ਤਿਆਰ ਨਹੀਂ, ਸੀ ਹੁੰਦਾ। ਪਰ ਇਹ ਲੇਖ ਪੜ੍ਹ ਕੇ ਗੱਲ ਉਸ ਦੇ ਜਿਹਨ ਵਿਚ ਬਹਿ ਗਈ ਹੈ। ਤੇ ਮੈਨੂੰ ਜਾਪਦਾ ਹੈ ਕਿ ਉਸ ਦੀ ਉੱਪਰੀ ਜਿਹੀ ਬਣੀ ਧਾਰਨਾ ਧੁਰ ਤਾਂਈਂ ਬਦਲ ਗਈ ਹੈ। ਤੁਹਾਡਾ ਸੰਪਾਦਕੀ ਵੀ ਪੜ੍ਹਾਉਣਾ ਸੀ, ਪਰ ਉਹ ਅਜੇ ਉਸ ਨੇ ਨਹੀਂ ਪੜ੍ਹਿਆ। ਨਹੀਂ ਤਾਂ ਸਾਡੇ ਅਖੌਤੀ ਇਨਕਲਾਬੀਆਂ ਬਾਰੇ ਵੀ ਉਹ ਮੁੱਢੋਂ ਸੁੱਢੋਂ ਸੋਚਦਾ।

ਜਸ ਦਾ ਲੇਖ, ਮਧੂ ਤੇ ਨੌਸ਼ਹਿਰ ਵੀ ਦੀਆਂ ਅਤੇ ਮਿੰਦਰਪਾਲ ਤੇ ਹਰਭਜਨ ਦੀਆਂ ਕਵਿਤਾਵਾਂ ਜਿਕਰ ਜੋਗ ਸਨ। **ਜਗਰੂਪ ਸਿੰਘ ਰੂਪ**

**ਮੁਹਾਲੀ (ਪੰਜਾਬ)**

---

**ਨੋਟ :** ਲੋਕ ਪੱਖੀ ਪਾਰਟੀ ਬਾਰੇ ਸਾਥੀ ਦੇਵਾ ਸਿੰਘ ਮਾਹਲਾ ਅਤੇ ਸੁਖਦੇਵ ਪਾਂਧੀ ਦੇ ਲੇਖ ਅਗਲੀ ਵਾਰ ਦੇਵਾਂਗੇ।

## 14 ਮਾਰਚ, 1983–ਮਾਰਕਸ ਦੇ ਦੇਹ-ਤਿਆਗ ਦੇ ਸੌਵੇਂ ਵਰ੍ਹੇ ਨੂੰ ਸਮਰਪਤ

## ਇਤਿਹਾਸਕ ਦਸਤਾਵੇਜ਼

## ਕਾਰਲ ਮਾਰਕਸ ਨਾਲ ਇਕ ਇੰਟਰਵਿਊ ਪੂੰਜੀ ਦੇ ਖਿਲਾਫ਼ ਮਿਹਨਤ ਦੀ ਬਗਾਵਤ

(ਆਰ. ਲੈਂਡਰ ਨਾਂ ਦੇ ਇੱਕ ਪੱਤਰਕਾਰ ਨੇ 3 ਜੁਲਾਈ 1871 ਨੂੰ ਲੰਦਨ ਵਿਚ ਕਾਰਲ ਮਾਰਕਸ ਨਾਲ ਇੰਟਰਵਿਊ ਕੀਤੀ । ਇਹ ਇੰਟਰਵਿਊ 18 ਜੁਲਾਈ 1871 ਦੇ 'ਨਿਊਯਾਰਕ ਵਰਲਡ' ਨਾਂ ਦੇ ਅਖ਼ਬਾਰ ਵਿਚ ਛਪੀ। ਡਾ. ਮੈਨੇਜਰ ਪਾਂਡੇ ਨੇ ਇਸ ਇੰਟਰਵਿਊ ਦਾ ਹਿੰਦੀ ਅਨੁਵਾਦ, ਰਾਜਸਥਾਨ ਦੀ ਇੱਕ ਹਿੰਦੀ ਪੱਤਰਕਾ—'ਕਿਉਂ' ਵਿਚ ਛਪਵਾਇਆ (ਹੁਣ ਇਹ ਪੱਤਰਕਾ ਬੰਦ ਹੋ ਗਈ ਹੈ) ਉਸੇ ਪੱਤਰਕਾ 'ਚੋਂ ਇਸ ਦਾ ਪੰਜਾਬੀ ਅਨੁਵਾਦ ਕੀਤਾ ਜਾ ਰਿਹਾ ਹੈ। ਇਸ ਇੰਟਰਵਿਊ ਤੋਂ 2–3 ਗੱਲਾਂ ਸਾਹਮਣੇ ਆਉਂਦੀਆਂ ਹਨ । ਇੱਕ ਤਾਂ ਮਾਰਕਸ ਦੀ ਨਿੱਘੀ ਮਨੁੱਖੀ ਸ਼ਖ਼ਸੀਅਤ ਉੱਭਰ ਕੇ ਸਾਹਮਣੇ ਆਉਂਦੀ ਹੈ। ਦੂਜੇ ਉਨੀਂ ਦਿਨੀਂ ਬੁਰਜੂਆ ਪ੍ਰੈਸ ਵਿਚ ਮਾਰਕਸ ਨੂੰ ਕਿਵੇਂ 'ਲਾਲ ਡਾਕੂ' ਬਣਾ ਕੇ ਪੇਸ਼ ਕੀਤਾ ਜਾਂਦਾ ਸੀ, (ਜਿਵੇਂ ਅੱਜਕੱਲ ਸਟਾਲਨ ਜਾਂ ਪੋਲਪੋਟ ਨੂੰ ਬਣਾ ਕੇ ਪੇਸ਼ ਕੀਤਾ ਜਾਂਦਾ ਹੈ) ਭਾਵੇਂ ਕਿ ਅੱਜ ਬੁਰਜੂਆ ਪ੍ਰੈਸ ਵੀ ਮਾਰਕਸ ਨੂੰ ਮਹਾਨ ਵਿਦਵਾਨ ਬਣਾ ਕੇ ਪੇਸ਼ ਕਰਦਾ ਹੈ। ਤੀਜੇ ਕੁਝ ਸਵਾਲਾਂ ਬਾਰੇ ਮਾਰਕਸ ਦੀ ਸਪੱਸ਼ਟ ਰਾਇ ਵੀ ਜ਼ਾਹਰ ਹੁੰਦੀ ਹੈ)। (ਅਨੁਵਾਦਕ)

(ਲੰਦਨ 3 ਜੁਲਾਈ 1871, ਤੁਸੀਂ ਅੰਤਰ-ਰਾਸ਼ਟਰੀ ਜਥੇਬੰਦੀ (International) ਸੰਬੰਧੀ ਕੁਝ ਜਾਣਕਾਰੀ ਹਾਸਲ ਕਰਨ ਲਈ ਕਿਹਾ ਹੈ। ਇਥੇ ਇਸ ਵੇਲੇ ਅਜਿਹੀ ਕੋਸ਼ਿਸ਼ ਕਰਨਾ ਵੀ ਕਾਫ਼ੀ ਮੁਸ਼ਕਲ ਹੈ। ਇਹ ਸਹੀ ਹੈ ਕਿ ਲੰਦਨ ਇਸ ਜਥੇਬੰਦੀ ਦਾ ਕੇਂਦਰ ਹੈ, ਪਰ ਅੰਗਰੇਜ਼ ਲੋਕ ਇਸ ਤੋਂ ਡਰੇ ਹੋਏ ਹਨ। ਜਿਵੇਂ ਬਾਦਸ਼ਾਹ ਜੇਮਸ ਨੂੰ ਭਿਆਨਕ ਸਾਜ਼ਸ਼ ਤੋਂ ਬਾਦ ਹਰ ਚੀਜ਼ 'ਚੋਂ ਬਰੂਦ ਦੀ ਬੋ ਆਉਂਦੀ ਸੀ, ਉਵੇਂ ਹੀ ਅੱਜਕੱਲ ਅੰਗਰੇਜ਼ਾਂ ਨੂੰ ਹਰ ਚੀਜ਼ 'ਚ **ਇੰਟਰਨੈਸ਼ਨਲ** ਦਾ ਪਰਛਾਵਾਂ ਦਿਖਾਈ ਦਿੰਦਾ ਹੈ। ਨਿਸ਼ਚੇ ਹੀ, ਸ਼ੰਕਿਆਂ ਦੇ ਬਾਵਜੂਦ ਸਮਾਜ ਦੀ ਚੇਤਨਾ ਵਿਕਸਿਤ ਹੋਈ ਹੈ ਅਤੇ ਜੇ ਜਥੇਬੰਦਕਾਂ ਕੋਲ ਕੁਝ ਨਿਜੀ ਭੇਤ ਹਨ ਤਾਂ ਉਹ ਉਨ੍ਹਾਂ ਭੇਤਾਂ ਨੂੰ ਲੁਕੋਣ ਵਿਚ ਕਾਮਯਾਬ ਵੀ ਹੋਏ ਹਨ। ਮੈਂ ਜਥੇਬੰਦੀ ਦੇ ਆਗੂਆਂ ਨੂੰ ਮਿਲ ਚੁੱਕਾ ਹਾਂ ਅਤੇ ਆਪਣੀ ਗੱਲਬਾਤ ਦਾ ਨਿਚੋੜ ਤੁਹਾਨੂੰ ਭੇਜ ਰਿਹਾ। ਨਿਰਸੰਦੇਹ ਮੈਂ ਇਹ ਕਹਿ ਸਕਦਾ ਕਿ ਇਹ ਅਸਲੀ ਮਜ਼ਦੂਰਾਂ ਦੀ ਸਹੀ ਜਥੇਬੰਦੀ ਹੈ। ਜਥੇਬੰਦੀ ਦੀ ਕੌਂਸਲ ਦੇ ਇੱਕ ਮੁੱਖ ਮੈਂਬਰ ਨੂੰ ਮੈਂ ਮਿਲਿਆ। ਉਹ ਅਪਣੇ ਕੰਮ ਦੀ ਮੇਜ਼ ਤੇ ਬੈਠਾ ਸੀ ਅਤੇ ਸਾਡੀ ਗੱਲਬਾਤ ਦਰਮਿਆਨ, ਗੁਆਂਢ 'ਚ ਬੈਠੇ ਆਪਣੇ ਛੋਟੇ ਮਾਲਕ ਦੀ ਸਖਤ ਸ਼ਿਕਾਇਤ ਸੁਨਣ ਲਈ ਵੀ ਵਾਰ ਵਾਰ ਉੱਠ ਕੇ ਜਾਂਦਾ ਸੀ। ਏਸ ਆਦਮੀ ਨੂੰ ਪਬਲਿਕ ਮੀਟਿੰਗਾਂ ਵਿਚ ਹਾਕਮ ਜਮਾਤਾਂ ਖਿਲਾਫ਼ ਨਫ਼ਰਤ ਨਾਲ ਭਰੇ ਜ਼ੋਰਦਾਰ ਭਾਸ਼ਣ ਦਿੰਦਿਆਂ ਮੈਂ ਸੁਣ ਚੁੱਕਿਆ ਹਾਂ। ਏਸ ਆਦਮੀ ਦੀ ਘਰੇਲੂ ਜ਼ਿੰਦਗੀ ਤੋਂ ਵਾਕਫ਼ ਹੋਣ ਉਪਰੰਤ ਹੀ ਇਸਦੇ ਭਾਸ਼ਣ ਵਿਚ ਛਿਪੀ ਅਸਲੀਅਤ ਨੂੰ ਮੈਂ ਠੀਕ ਤਰ੍ਹਾਂ ਪਛਾਣਿਆ ਤੇ ਉਸਦਾ ਅਰਥ ਸਮਝਿਆ । ਇਹ ਆਦਮੀ ਨਿਸ਼ਚੇ ਹੀ ਇਹ ਮਹਿਸੂਸ ਕਰਦਾ ਹੋਵੇਗਾ ਕਿ ਉਸ ਵਿਚ ਮਜ਼ਦੂਰਾਂ ਦੀ ਸਰਕਾਰ ਜਥੇਬੰਦ ਕਰਨ ਦੀ ਸਮਰੱਥਾ ਹੈ, ਪਰ ਇਥੇ ਉਸਨੂੰ ਗੰਦੇ ਮਸ਼ੀਨੀ ਪੇਸ਼ੇ ਵਿਚ ਜ਼ਿੰਦਗੀ ਖਪਾਉਣੀ ਪੈ ਰਹੀ ਹੈ । ਉਹ ਖ਼ੁੱਦਾਰ ਤੇ ਸੰਵੇਦਨਸ਼ੀਲ ਆਦਮੀ ਲੱਗਦਾ ਸੀ, ਪਰ ਆਪਣੇ ਮਾਲਕ ਦੀ ਝਿੜਕ ਤੇ ਉਸ ਨੂੰ ਝੁਕਣਾ ਪੈਂਦਾ ਸੀ ਅਤੇ ਹਰ ਹੁਕਮ ਤੇ ਮੁਸਕਰਾਉਣਾ ਪੈਂਦਾ ਸੀ। ਉਸ ਦੀ ਇਹ ਜੀ-ਹਜ਼ੂਰੀ ਕਿਸੇ ਸ਼ਿਕਾਰੀ ਦੇ ਕੁੱਤੇ ਵਰਗੀ ਹੁਕਮ-ਨਵਾਜ਼ੀ ਵਰਗੀ ਸੀ। ਏਸ ਆਦਮੀ ਨੂੰ ਮਿਲ ਕੇ ਇੰਟਰਨੈਸ਼ਨਲ ਦੇ ਇਕ ਪਹਿਲੂ ਦੀ ਜਾਣਕਾਰੀ ਮਿਲੀ । ਪੂੰਜੀ ਦੇ ਖਿਲਾਫ਼ ਮਜ਼ਦੂਰਾਂ ਦੀ ਬਗਾਵਤ ਜਗਾਉਣ ਵਾਲਿਆਂ ਸਬੰਧੀ ਮੈਂ ਜਾਣ ਸਕਿਆ ਅਤੇ ਪੈਦਾਵਾਰੀ ਮਜ਼ਦੂਰ ਜਮਾਤ ਤੇ ਸ਼ੋਸ਼ਣ ਕਰਨ ਵਾਲੀ ਦਲਾਲ ਜਮਾਤ ਦੇ ਸਬੰਧਾਂ ਦੀ ਜਾਣਕਾਰੀ ਮਿਲੀ। ਏਸ ਆਦਮੀ ਦੇ ਰੂਪ ਵਿਚ ਇਕ ਅਜਿਹੇ ਕਰਮਸ਼ੀਲ ਆਦਮੀ ਦੇ ਦਰਸ਼ਨ ਹੋਣੇ, ਜੋ ਮੌਕਾ ਮਿਲਦਿਆਂ ਈ ਕਰਾਰੀ ਸੱਟ ਮਾਰ ਸਕਦਾ ਸੀ ਅਤੇ ਇਸ ਵਿਅਕਤੀ ਕਾਰਲ ਮਾਰਕਸ ਨੂੰ ਮਿਲਣ ਨਾਲ ਇਕ ਅਜਿਹੇ ਦਿਮਾਗ ਬਾਰੇ ਜਾਣਕਾਰੀ ਮਿਲੀ, ਜੋ ਸੋਚ-ਵਿਚਾਰ ਤੇ ਠੀਕ ਸਕੀਮਾਂ ਬਣਾਉਣ ਵਿਚ ਬੇਹੱਦ ਸਮਰੱਥ ਸੀ।

ਡਾ. ਕਾਰਲ ਮਾਰਕਸ ਫਲਸਫੇ ਦੇ ਅਚਾਰੀਆ ਹਨ। ਉਨ੍ਹਾਂ 'ਚ ਸਮਾਜਕ ਜ਼ਿੰਦਗੀ ਨੂੰ ਠੀਕ ਤਰ੍ਹਾਂ ਘੋਖਣ ਅਤੇ ਸਵੈ-ਅਧਿਐਨ ਨਾਲ ਪੈਦਾ ਹੋਏ ਗਿਆਨ ਦੀ ਵਿਆਪਕਤਾ ਹੈ । ਮੈਂ ਕਹਿ ਸਕਦਾ ਹਾਂ ਕਿ ਸਧਾਰਣ ਅਰਥ ਵਿਚ ਉਹ ਕਦੀ ਵੀ ਮਜ਼ਦੂਰ ਨਹੀਂ ਰਹੇ ਹਨ। ਆਪਣੀ ਰਹਿਣੀ-ਬਹਿਣੀ ਅਤੇ ਰੂਪ-ਰੰਗ ਤੋਂ ਉਹ ਮੱਧ-ਵਰਗ ਦੇ ਖ਼ੁਸ਼ਹਾਲ ਆਦਮੀ ਵਰਗੇ ਲੱਗਦੇ ਹਨ। ਰਾਤ ਨੂੰ ਗੱਲਬਾਤ ਲਈ ਜਿਸ ਬੈਠਕ

ਵਿਚ ਮੈਨੂੰ ਬਿਠਾਇਆ ਗਿਆ, ਉਸ ਨੂੰ ਦੇਖਕੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਇਕ ਜਗ੍ਹਾ ਇਕ ਖੁਸ਼ਹਾਲ ਆਦਮੀ ਦੇ ਰਹਿਣ ਲਾਇਕ ਹੈ। ਇਸ ਬੈਠਕ ਵਿਚ ਸੁਖ-ਸਹੂਲਤਾਂ ਤਾਂ ਸਨ ਹੀ, ਇਸ ਨੂੰ ਦੇਖ ਕੇ ਇਸ ਵਿਚ ਰਹਿਣ ਵਾਲੇ ਆਦਮੀ ਦੀ ਨਫ਼ਾਸਤ ਤੇ ਖੁਸ਼ਹਾਲੀ ਦਾ ਵੀ ਪਤਾ ਲੱਗਦਾ ਸੀ, ਪਰ ਕਾਰਲ ਮਾਰਕਸ ਦੀਆਂ ਸ਼ਖ਼ਸ਼ੀਅਤ ਦੀਆਂ ਖਾਸੀਅਤਾਂ ਨਾਲ ਏਨ੍ਹਾਂ ਦਾ ਕੋਈ ਮੇਲ ਨਹੀਂ ਸੀ ਬੈਠਦਾ। ਕਮਰੇ ਵਿਚ **ਰਾਈਨ** ਨਦੀ ਦੀ ਦਿਲਕਸ਼ ਤਸਵੀਰ ਸੀ, ਉਸ ਤੋਂ ਏਸ ਆਦਮੀ ਦੀ ਕੌਮੀਅਤ ਦਾ ਪਤਾ ਲੱਗਦਾ ਸੀ। ਕਿਨਾਰੇ 'ਚ ਰੱਖੇ ਮੇਜ਼ ਤੇ ਰਖੇ ਗੁਲਦਸਤੇ ਤੇ ਮੈਂ ਸਾਵਧਾਨੀ ਨਾਲ ਝਾਕ ਕੇ ਵੇਖਿਆ ਕਿ ਉਸ ਵਿਚ ਕਿਧਰੇ ਬੰਬ ਤਾਂ ਨਹੀਂ ਰੱਖਿਆ, ਪਰ ਉਸ ਵਿਚ ਤਾਂ ਸਿਰਫ ਗੁਲਾਬ ਦੀ ਖੁਸ਼ਬੋ ਸੀ। ਹੌਲੇ ਜਿਹੇ ਖਿਸਕ ਕੇ ਮੈਂ ਆਂਪਣੀ ਥਾਂ ਤੇ ਬੈਠ ਗਿਆਂ ਅਤੇ 'ਜੋ ਵੀ ਹੋਵੇ ਦੀ ਮਨੋਦਸ਼ਾ ਵਿਚ ਮਾੜੀ ਤੋਂ ਮਾੜੀ ਹਾਲਤ ਨੂੰ ਉਡੀਕਣ ਲੱਗਾ।

ਉਹ (ਮਾਰਕਸ) ਬੈਠਕ 'ਚ ਆਏ ਅਤੇ ਉਨ੍ਹਾਂ ਸਨੇਹ ਨਾਲ ਮੇਰੀ ਆਉਭਗਤ ਕੀਤੀ। ਅਸੀਂ ਆਹਮਣੇ-ਸਾਹਮਣੇ ਬਹਿ ਗਏ। ਹੁਣ ਮੈਂ ਕਰਾਂਤੀ-ਅਵਤਾਰ, **ਇੰਟਰਨੈਸ਼ਨਲ** ਦੇ ਸੰਸਥਾਪਕ ਅਤੇ ਪੈਰਿਸ ਕਮਿਊਨ ਦੇ ਪੱਖਪਾਤੀ ਦੇ ਐਨ ਸਾਹਮਣੇ ਬੈਠਾਂ। ਮੈਂ ਉਸ ਆਦਮੀ ਦੇ ਸਾਹਮਣੇ ਹਾਂ, ਜਿਸ ਨੇ ਇਹ ਐਲਾਨ ਕੀਤਾ ਸੀ ਕਿ ਮਿਹਨਤ ਨੇ ਪੂੰਜੀ ਦੇ ਖਿਲਾਫ ਜੰਗ ਸ਼ੁਰੂ ਕੀਤੀ ਤਾਂ ਉਸ ਨੂੰ (ਪੂੰਜੀ ਨੂੰ) ਪੂਰੀ ਤਰ੍ਹਾਂ, ਬਰਬਾਦ ਹੋਣਾ ਪਊ। ਮਾਰਕਸ ਨੂੰ ਦੇਖ ਕੇ ਸੁਕਰਾਤ ਦੀ ਯਾਦ ਆਉਂਦੀ ਹੈ, ਜਿਸ ਨੇ ਆਪਣੇ ਜ਼ਮਾਨੇ ਦੇ ਆਕਾਵਾਂ 'ਚ ਆਪਣੀ ਆਸਥਾ ਪ੍ਰਗਟ ਕਰਨ ਦੀ ਬਜਾਇ ਸ਼ਹੀਦ ਹੋਣਾ ਬਿਹਤਰ ਸਮਝਿਆ ਸੀ। ਸੁਕਰਾਤ ਦੇ ਦਿਲ-ਖਿੱਚਵੇਂ ਤੇ ਪ੍ਰਭਾਵਸ਼ਾਲੀ ਮੁੱਖ-ਮੰਡਲ ਨੂੰ ਯਾਦ ਕਰੋ —ਕ੍ਰਮਵਾਰ ਹੇਠਾਂ ਵੱਲ ਡੂੰਘਾ ਹੁੰਦਾ ਮੱਥਾ, ਜਿਸ ਦਾ ਨਿਚਲਾ ਹਿੱਸਾ ਨੱਕ ਤੱਕ ਥੋੜਾ ਜਿਹਾ ਚਪਟਾ ਅਤੇ ਨੁਕੀਲੀ ਨੱਕ। ਸੁਕਰਾਤ ਦੀ ਏਸ ਛਾਤੀ ਤੱਲ ਦੀ ਮੂਰਤੀ **(Bust)** ਦੀ ਕਲਪਨਾ ਕਰੋ, ਦਾੜੀ ਦੇ ਵਾਲਾਂ ਨੂੰ ਕਾਲੇ ਰੰਗ 'ਚ ਰੱਖ ਲਓ ਅਤੇ ਏਧਰ-ਉਧਰ ਭੂਰੇ ਰੰਗ ਦੀਆਂ ਲਕੀਰਾਂ ਖਿੱਚ ਦਿਓ, ਅਤੇ ਹੁਣ ਏਸ ਸਿਰ ਨੂੰ ਇਕ ਮਝਲੇ ਕੱਦ ਦੇ ਸ਼ਾਨਦਾਰ ਧੜ ਤੇ ਰੱਖ ਦਿਓ ਤੇ ਦੇਖੋ ਕਾਰਲ ਮਾਰਕਸ ਤੁਹਾਡੇ ਸਾਹਵੇਂ ਖੜੇ ਹਨ। ਜੇ ਤੁਸੀਂ ਇਸ ਚਿਹਰੇ ਦੇ ਉਪਰਲੇ ਹਿੱਸੇ ਨੂੰ ਇਕ ਕਪੜੇ ਨਾਲ ਢੱਕ ਦਿਓ ਤਾਂ ਤੁਹਾਡੇ ਸਾਹਮਣੇ ਇਕ ਜਨਮਜ਼ਾਤ ਪਾਦਰੀ ਹੋਵੇਗਾ। ਜੇ ਤੁਸੀਂ ਚਿਹਰੇ ਉਪਰਲੇ ਹਿੱਸੇ ਤੋਂ ਕਪੜਾ ਉਤਾਰ ਦਿਓਂ ਤਾਂ ਕਿ ਡੂੰਘੀਆਂ ਵਿਸ਼ਾਲ ਭਵਾਂ ਦਿਖਾਈ ਦੇ ਸਕਣ ਤਾਂ ਤੁਹਾਡਾ ਸਾਂਹਮਣਾ ਠੋਸ ਧਾਤਾਂ ਨਾਲ ਬਣੇ ਇਕ ਵਿਕਟ ਆਦਮੀ ਨਾਲ ਹੋਵੇਗਾ। ਇਹ ਆਦਮੀ ਅਜਿਹਾ ਸੁਪਨਦਰਸ਼ੀ ਹੈ, ਜੋ ਚਿੰਤਨ ਵੀ ਕਰਦਾ ਹੈ ਅਤੇ ਇਹ ਅਜਿਹਾ ਚਿੰਤਨ ਹੈ ਜੋ ਸੁਫਨੇ ਵੀ ਵੇਖਦਾ ਹੈ। ਡਾ. ਮਾਰਕਸ ਨਾਲ ਇਕ ਹੋਰ ਆਦਮੀ ਵੀ ਹੈ, ਜੋ ਸ਼ਾਇਦ ਜਰਮਨ ਹੀ ਹੈ, ਪਰ ਉਹ ਏਨੀ ਵਧੀਆ ਅੰਗਰੇਜ਼ੀ ਬੋਲਦਾ ਹੈ ਕਿ ਮੇਰੇ ਲਈ ਇਹ ਕਹਿਣਾ ਮੁਸ਼ਕਲ ਹੈ ਕਿ ਉਹ ਜਰਮਨ ਹੈ ਯਾ ਅੰਗਰੇਜ਼ (ਫਰੈਡਰਿਕ ਐਂਗਲਜ਼ ਵੱਲ ਇਸ਼ਾਰਾ ਹੈ—ਅਨੁ-) ਕੀ ਉਹ ਆਦਮੀ ਇਸ ਅੰਤਰੰਮ ਵਾਰਤਾ ਵਿਚ ਮਾਰਕਸ ਦਾ ਗਵਾਹ ਸੀ ? ਮੈਂ ਸਮਝਦਾ ਇੰਜ ਹੀ ਸੀ। ਕੌਂਸਲ ਏਸ ਮੁਲਾਕਾਤ ਦੀ ਖਬਰ ਮਿਲਣ ਤੇ, ਮਾਰਕਸ ਤੋਂ ਇਸ ਬਾਰੇ ਪੁੱਛ ਸਕਦੀ ਹੈ। ਕਿਉਂ ਕਿ ਕਰਾਂਤੀ ਸਭ ਚੀਜ਼ਾਂ ਤੋਂ ਵੱਧ ਮਹੱਤਵਪੂਰਣ ਹੈ; ਕਰਾਂਤੀਕਾਰੀ ਵੀ ਸ਼ੰਕਿਆਂ ਤੋਂ ਉਪਰ ਨਹੀਂ ਹਨ। ਗੱਲਬਾਤ ਸ਼ੁਰੂ ਕਰਦਿਆਂ ਈ ਮੈਂ ਸਿੱਧਾ ਈ ਆਪਣੇ ਕੰਮ ਦੀ ਗੱਲ ਤੇ ਆ ਗਿਆ। ਮੈਂ ਕਿਹਾ, "ਦੁਨੀਆ ਏਸ ਇੰਟਰਨੈਸ਼ਨਲ ਸੰਬੰਧੀ ਬਹੁਤ ਘੱਟ ਜਾਣਦੀ ਹੈ। ਬਹੁਤ ਲੋਕ ਇਸ ਨਾਲ ਨਫਰਤ ਕਰਦੇ ਹਨ, ਪਰ ਉਹ ਇਹ ਨਹੀਂ ਜਾਣਦੇ ਕਿ ਕਿਸ ਚੀਜ਼ ਨਾਲ ਉਹ ਨਫਰਤ ਕਰਦੇ ਹਨ। ਜੋ ਇਹ ਦਾਵਾ ਕਰਦੇ ਹਨ ਕਿ ਉਹ ਇਸ ਸੰਸਥਾ ਬਾਰੇ ਦੂਜਿਆਂ ਨਾਲੋਂ ਵੱਧ ਜਾਣਦੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ **ਜੇਨਸ** ਵਾਂਗ ਏਸ ਸੰਸਥਾ ਦੇ ਵੀ ਦੋ ਚਿਹਰੇ ਹਨ। ਜਿਨ੍ਹਾਂ 'ਚੋਂ ਇੱਕ ਤੇ ਸਹੀ ਤੇ ਇਮਾਨਦਾਰ ਮਜ਼ਦੂਰ ਦੀ ਮੁਸਕਰਾਹਟ ਹੈ ਤੇ ਦੂਜੇ ਚਿਹਰੇ ਤੇ ਕਾਤਲ ਤੇ ਸਾਜ਼ਸ਼ੀ ਦੀਆਂ ਗੁੱਸੇ ਭਰੀਆਂ ਅੱਖਾਂ ਹਨ। ਇਸ ਧਾਰਣਾ ਵਿਚ ਜਿਸ ਰਹੱਸ ਦਾ ਜ਼ਿਕਰ ਹੈ, ਕੀ ਉਸ ਤੇ ਤੁਸੀਂ ਰੌਸ਼ਨੀ ਪਾਉਗੇ ?

ਡਾ. ਮਾਰਕਸ ਹੱਸ ਪਏ। ਇਹ ਜਾਣ ਕਿ ਅਸੀ ਉਨ੍ਹਾਂ ਤੋਂ ਇਨ੍ਹਾਂ ਡਰਦੇ ਹਾਂ, ਇਕ ਹਲਕੀ ਜਿਹੀ ਮੁਸਕਰਾਹਟ ਉਨ੍ਹਾਂ ਦੇ ਚਿਹਰੇ ਤੇ ਦੌੜ ਗਈ, ਅਜਿਹਾ ਮੈਨੂੰ ਜਾਪਿਆ। ਆਪਣੀ ਸੋਧੀ-ਸੰਵਾਰੀ ਮਾਤ-ਭਾਸ਼ਾ ਵਿਚ ਉਨ੍ਹਾਂ ਕਹਿਣਾ ਸ਼ੁਰੂ ਕੀਤਾ, "ਸ਼੍ਰੀ ਮਾਨ ਜੀ, ਇਥੇ ਅਜਿਹਾ ਕੋਈ ਰਹੱਸ ਨਹੀਂ, ਜਿਸ ਤੇ ਰੌਸ਼ਨੀ ਪਾਉਣੀ ਜ਼ਰੂਰੀ ਹੋਵੇ। ਹਾਂ ਉਨ੍ਹਾਂ ਲੋਕਾਂ ਦੀ ਸੁਭਾਵਕ ਮੂਰਖਤਾ ਬਾਰੇ ਕੁਝ ਕਹਿਣਾ ਜ਼ਰੂਰੀ ਹੈ, ਜੋ ਲਗਾਤਾਰ ਏਸ ਤੱਥ ਨੂੰ ਨਜ਼ਰਅੰਦਾਜ਼ ਕਰਦੇ ਹਨ ਕਿ ਸਾਡੀ ਜਥੇਬੰਦੀ ਆਮ ਜਨਤਾ ਦੀ ਖੁਲੀ ਜਥੇਬੰਦੀ ਹੈ ਅਤੇ ਇਸ ਦੀਆਂ ਕਾਰਵਾਈਆਂ ਦੀ ਪੂਰੀ ਰਿਪੋਰਟ ਉਨ੍ਹਾਂ ਸਾਰੇ ਲੋਕਾਂ ਲਈ ਛਪਦੀ ਰਹਿੰਦੀ ਹੈ, ਜੋ ਇਨ੍ਹਾਂ ਨੂੰ

ਪੜ੍ਹਣ ਦਾਂ ਕਸ਼ਟ ਕਰਦੇ ਹਨ। ਤੁਸੀਂ ਇਕ ਪੈਨੀ (ਦਸ ਪੈਸੇ) ਵਿਚ ਸਾਡੀ ਨਿਯਮਾਂਵਲੀ ਖਰੀਦ ਸਕਦੇ ਹੋ ਅਤੇ ਜੇ ਤੁਸੀਂ ਸਾਡੇ ਪੈਂਫਲੇਟ ਲਈ ਇਕ 'ਸਿਲਿੰਗ' (ਇਕ ਰੁਪਇਆ) ਖਰਚ ਕਰੋ ਤਾਂ ਸਾਡੇ ਸਬੰਧੀ ਕਰੀਬ ਕਰੀਬ ਉਨ੍ਹਾਂ ਦੀ ਜਾਣ ਜਾਉਗੇ, ਜਿਨ੍ਹਾਂ ਆਪਣੇ ਬਾਰੇ 'ਚ ਅਸੀਂ ਜਾਣਦੇ ਹਾਂ।'

**ਲੈਂਡਰ :** ਕਰੀਬ ਕਰੀਬ ! ਇਹੋ ਨਾ ! ਤੁਸੀਂ ਠੀਕ ਕਹਿ ਰਹੇ ਹੋ। ਸ਼ਾਇਦ ਇੰਜ ਈ ਹੋਵੇ, ਪਰ ਕੀ ਇੰਜ ਨਹੀਂ ਹੋ ਸਕਦਾ ਕਿ ਜੋ ਥੋੜਾ-ਬਹੁਤ ਮੈਂ ਜਾਣ ਜਾਵਾਂਗਾ, ਉਹੋ ਸਭ ਤੋਂ ਵੱਧ ਮਹੱਤਵ-ਪੂਰਣ ਹੋਵੇ। ਜੇ ਮੈਂ ਤੁਹਾਨੂੰ ਸਾਫ਼ ਸਾਫ਼ ਕਹਾਂ ਤਾਂ ਕੀ ਤੁਹਾਡੀ ਨਿੰਦਾ ਦੀ ਚਾਰੇ ਪਾਸੇ ਫੈਲੀ ਇਸ ਆਮ ਧਾਰਣਾ ਦਾ ਮਤਲਬ ਸਿਰਫ਼ ਭੀੜ ਦੀ ਮੂਰਖਤਾਪੂਰਣ ਸਾੜਾ ਹੀ ਹੈ ਜਾਂ ਕੁਝ ਹੋਰ ? ਮੈਨੂੰ ਜਾਪਦਾ ਏ ਕੁਝ ਹੋਰ ? ਮੈਨੂੰ ਜਾਪਦੈ ਕੁਝ ਹੋਰ ਵੀ ਹੋਣਾ ਚਾਹੀਦੇ। ਤੁਸੀਂ ਜੋ ਕਿਹੋ, ਉਸ ਦੇ ਬਾਵਜੂਦ ਇਹ ਪੁਛਣਾ ਠੀਕ ਲਗਦੈ ਕਿ ਇਹ ਇੰਟਰਨੈਸ਼ਨਲ ਕੀ ਹੈ ?

**ਮਾਰਕਸ :** ਇਹ ਜਾਨਣ ਲਈ ਤੁਹਾਨੂੰ ਇਸ ਦੇ ਮੈਂਬਰਾਂ ਯਾਨੀ ਮਜ਼ਦੂਰਾਂ ਨੂੰ ਜਾਨਣਾ ਪਵੇਗਾ।

ਲੈਂਡਰ : ਹਾਂ, ਪਰ ਇਹ ਜ਼ਰੂਰੀ ਨਹੀਂ ਕਿ ਸਿਪਾਹੀ ਉਸ ਹਕੂਮਤੀ ਕਲਾ ਦਾ ਵਿਆਖਿਆਕਾਰ ਵੀ ਹੋਵੇ, ਜਿਸਤੋਂ ਉਹ ਸੰਚਾਲਤ ਹੁੰਦਾ ਹੈ। ਮੈਂ ਤੁਹਾਡੀ ਸੰਸਥਾ ਦੇ ਕੁਝ ਮੈਂਬਰਾਂ ਨੂੰ ਜਾਣਦਾ ਹਾਂ ਅਤੇ ਮੈਨੂੰ ਯਕੀਨ ਹੈ ਕਿ ਉਹ ਸਾਜ਼ਸ਼ੀਆਂ ਵਰਗੇ ਨਹੀਂ ਹਨ। ਇਸਤੋਂ ਇਲਾਵਾ ਜੇ ਕਿਸੇ ਭੇਤ ਨੂੰ ਲੱਖਾਂ ਲੋਕੀਂ ਜਾਣਦੇ ਹੋਣ ਤਾਂ ਉਸਨੂੰ ਭੇਤ ਨਹੀਂ ਕਿਹਾ ਜਾ ਸਕਦਾ। ਪਰ ਜੇ ਇਹ ਲੋਕੀਂ ਕਿਸੇ ਬੇਹੱਦ ਫਰਜ਼-ਸ਼ਨਾਸ਼ ਗੁਪਤ ਸੰਸਥਾ ਦੇ ਮਜ਼ਬੂਤ ਹਿੰਮਤੀ ਹੱਥਾਂ ਦੇ ਸਿਰਫ਼ ਹਥਿਆਰ ਹੀ ਹੋਣ ਤਾਂ ਕੀ ਕਿਹਾ ਜਾਵੇਗਾ ?

ਮਾਰਕਸ : ਏਸ ਗੱਲ ਦਾ ਕੋਈ ਸਬੂਤ ਨਹੀਂ ਹੈ।

ਲੈਂਡਰ : ਕੀ ਹਾਲ ਦੀ ਪੈਰਿਸ ਬਗ਼ਾਵਤ (ਪੈਰਿਸ ਕਮਿਊਨ) ਇਸਦਾ ਸਬੂਤ ਨਹੀਂ ਹੈ ?

ਮਾਰਕਸ : ਸਭ ਤੋਂ ਪਹਿਲਾਂ ਮੈਨੂੰ ਇਸ ਗੱਲ ਦਾ ਸਬੂਤ ਦਿਓ ਕਿ ਪੈਰਿਸ ਵਿਚ ਸਾਜ਼ਸ਼ ਵਰਗੀ ਕੋਈ ਚੀਜ਼ ਸੀ। ਨਾਲ ਹੀ ਇਹ ਵੀ ਸਾਬਤ ਕਰਨਾ ਪਵੇਗਾ ਕਿ ਉਥੇ ਜੋ ਕੁਝ ਵੀ ਹੋਇਆ, ਉਹ ਸਭ ਉਥੋਂ ਦੀਆਂ ਮੌਕੇ ਦੀਆਂ ਹਾਲਤਾਂ ਦਾ ਹੀ ਨਿਆਂਪੂਰਣ ਨਤੀਜਾ ਨਹੀਂ ਸੀ। ਜੇ ਇਹ ਵੀ ਮੰਨ ਲਿਆ ਜਾਵੇ ਕਿ ਉਥੇ ਕੋਈ ਸਾਜ਼ਸ਼ ਹੋਈ ਸੀ ਤਾਂ ਉਸ ਵਿਚ **ਇੰਟਰਨੈਸ਼ਨਲ** ਦਾ ਵੀ ਹੱਥ ਸੀ, ਇਸ ਦਾ ਕੀ ਸਬੂਤ ਹੈ ?

ਲੈਂਡਰ : ਕਮਿਊਨ ਦੀਆਂ ਕਈ ਕਮੇਟੀਆਂ ਤੇ ਸੰਸਥਾਵਾਂ ਵਿਚ ਇੰਟਰਨੈਸ਼ਨਲ ਦੇ ਅਨੇਕ ਮੈਂਬਰਾਂ ਦਾ ਸਰਗਰਮ ਹੋਣਾ।

ਮਾਰਕਸ : ਤਾਂ ਤੇ ਇਹ ਗੁਪਤ ਸੰਸਦ ਵਾਲਿਆਂ (Free Masons) ਦੀ ਵੀ ਬਗ਼ਾਵਤ ਸੀ, ਕਿਉਂਕਿ ਵਿਅਕਤੀਗਤ ਰੂਪ 'ਚ ਉਨ੍ਹਾਂ ਦੇ ਕੰਮਾਂ ਦਾ ਏਸ ਪ੍ਰਸੰਗ ਵਿਚ ਮਹੱਤਵ ਘੱਟ ਨਹੀਂ ਹੈ। ਮੈਨੂੰ ਹੈਰਾਨੀ ਨਹੀਂ ਹੋਵੇਗੀ ਜੇ ਪੋਪ ਏਸ ਵਿਦਰੋਹ ਦੀ ਪੂਰੀ ਜ਼ਿੰਮੇਵਾਰੀ ਉਨ੍ਹਾਂ ਤੇ ਸੁੱਟ ਦੇਵੇ। ਇਕ ਵਿਆਖਿਆ ਦੇਖੋ— ਪੈਰਿਸ ਦੀ ਬਗ਼ਾਵਤ ਉਥੋਂ ਦੇ ਮਜ਼ਦੂਰਾਂ ਦੀ ਬਗ਼ਾਵਤ ਸੀ, ਇਹ ਜ਼ਾਹਰ ਹੈ ਕਿ ਉਨ੍ਹਾਂ ਮਜ਼ਦੂਰਾਂ 'ਚੋਂ ਜੋ ਸਭ ਤੋਂ ਵੱਧ ਕਾਬਲ ਸਨ, ਉਹ ਬਗ਼ਾਵਤ ਦੇ ਆਗੂ ਤੇ ਬਾਦ 'ਚ ਪ੍ਰਸ਼ਾਸ਼ਕ ਬਣੇ। ਅਤੇ ਇਹ ਸਭ ਤੋਂ ਕਾਬਲ ਮਜ਼ਦੂਰ ਇੰਟਰਨੈਸ਼ਨਲ ਦੇ ਵੀ ਮੈਂਬਰ ਸਨ। ਇਸ ਦੇ ਬਾਵਜੂਦ ਸਾਡੀ ਜਥੇਬੰਦੀ ਉਸ ਬਗ਼ਾਵਤ ਲਈ ਸਿੱਧਿਆਂ ਜ਼ਿੰਮੇਦਾਰ ਨਹੀਂ ਮੰਨੀ ਜਾਵੇਗੀ।

ਲੈਂਡਰ : ਪਰ ਇਸ ਦੇ ਉਲਟ ਦੁਨੀਆਂ ਨੂੰ ਅਜਿਹਾ ਲੱਗ ਰਿਹੈ ਕਿ ਪੈਰਿਸ ਬਗ਼ਾਵਤ 'ਚ ਇੰਟਰਨੈਸ਼ਨਲ ਦਾ ਹੱਥ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਲੰਡਨ ਤੋਂ ਗੁਪਤ ਹੁਕਮ ਪੈਰਿਸ ਭੇਜੇ ਗਏ, ਇਥੋਂ ਤੱਕ ਕਿ ਪੈਸਾ ਵੀ ਭੇਜਿਆ ਗਿਆ। ਕੀ ਇਹ ਸੱਚ ਨਹੀਂ ਹੋ ਸਕਦਾ ਕਿ ਜਥੇਬੰਦੀ ਦੀਆਂ ਸਰਗਰਮੀਆਂ ਦੀ ਇਸ ਖੁਲ੍ਹ ਦੀ ਯੋਜਨਾ ਸੁਨੇਹਿਆਂ ਦੇ ਭੇਤ ਨੂੰ ਲੁਕੋਣ ਲਈ ਹੈ ?

ਮਾਰਕਸ : ਕੀ ਅੱਜ ਤੱਕ ਕੋਈ ਵੀ ਜਥੇਬੰਦੀ ਬਿਨਾਂ ਆਮ ਤੇ ਖਾਸ ਏਜੰਸੀਆਂ ਦੀ ਮਦਦ ਦੇ ਕੰਮ ਕਰ ਸਕੀ ਹੈ ? ਪਰ ਕਿਸੇ ਪੋਪ ਦੇ ਮੁੱਖ ਕੇਂਦਰ ਤੋਂ ਜਾਰੀ ਕੀਤੇ ਜਾਣ ਵਾਲੇ ਆਸਥਾ ਤੇ ਆਚਰਣ ਸੰਬੰਧੀ ਗੁਪਤ ਹੁਕਮਾਂ ਅਤੇ ਸਾਜ਼ਸ਼ਾਂ ਦੀ ਗੱਲ ਕਰਨਾ, ਅਸਲ ਵਿਚ ਇੰਟਰਨੈਸ਼ਨਲ ਦੇ ਸਵਰੂਪ ਨੂੰ ਪੂਰੀ ਤਰ੍ਹਾਂ ਗਲਤ ਸਮਝਣਾ ਹੈ। ਇਸਦਾ ਅਰਥ ਇਹ ਵੀ ਹੋਵੇਗਾ ਕਿ ਇੰਟਰਨੈਸ਼ਨਲ ਇਕ ਤਰ੍ਹਾਂ ਦੀ ਕੇਂਦਰਤ ਸਰਕਾਰ ਹੈ, ਜਦੋਂ ਕਿ ਇਸਦਾ ਅਸਲ ਸਵਰੂਪ ਅਜਿਹਾ ਹੈ ਜਿਸ ਨਾਲ ਸਥਾਨਕ ਕਾਰਜਸ਼ੀਲਤਾ ਅਤੇ ਸੁਤੰਤਰਤਾ ਨੂੰ ਸਭ ਤੋਂ ਵੱਧ ਮਹੱਤਵ ਮਿਲਦਾ ਹੈ। ਅਸਲ ਵਿਚ ਇੰਟਰਨੈਸ਼ਨਲ ਮਜ਼ਦੂਰ ਜਮਾਤ ਦੀ ਕੋਈ ਸਰਕਾਰ ਨਹੀਂ ਹੈ। ਇਹ ਕਾਬੂ ਕਰਨ ਦੀ ਤਾਕਤ ਨਹੀਂ, ਏਕਤਾ ਪੈਦਾ ਕਰਨ ਵਾਲੀ ਸੰਸਥਾ ਮਾਤਰ ਹੈ।

ਲੈਂਡਰ : ਅਤੇ ਏਸ ਏਕਤਾ ਦਾ ਉਦੇਸ਼ ਕੀ ਹੈ ?

ਮਾਰਕਸ : ਰਾਜਨੀਤਕ ਸ਼ਕਤੀ ਤੇ ਜਿੱਤ ਹਾਸਲ ਕਰਕੇ ਮਜ਼ਦੂਰ ਜਮਾਤ ਦੀ ਆਰਥਕ ਮੁਕਤੀ ਲਿਆਉਣਾ। ਉਸ ਰਾਜਨੀਤਕ ਸ਼ਕਤੀ ਦਾ ਸਮਾਜਕ ਉਦੇਸ਼ਾਂ ਹਿਤ ਇਸਤੇਮਾਲ ਕਰਨਾ। ਇਹ ਜ਼ਰੂਰੀ ਹੈ ਕਿ ਸਾਡੇ ਲਕਸ਼ ਏਨੇ ਵਿਆਪਕ ਹੋਣ ਕਿ ਉਨ੍ਹਾਂ ਵਿਚ ਮਜ਼ਦੂਰ ਜਮਾਤ ਦੀਆਂ ਹਰ ਤਰ੍ਹਾਂ ਦੀਆਂ ਸਰਗਰਮੀਆਂ ਨੂੰ ਸ਼ਾਮਲ ਕੀਤਾ ਜਾ ਸਕੇ। ਆਪਣੇ ਲਕਸ਼ਾਂ ਨੂੰ ਸੀਮਤ ਕਰਕੇ ਇਕ ਖਾਸ ਰੂਪ ਦੇਣ ਦਾ ਮਤਲਬ ਹੋਵੇਗਾ ਕਿ ਉਨ੍ਹਾਂ ਨੂੰ ਮਜ਼ਦੂਰਾਂ ਦੇ ਇਕ ਤਬਕੇ ਜਾਂ ਇਕ ਰਾਸ਼ਟਰ ਦੀ ਮਜ਼ਦੂਰ ਜਮਾਤ ਦੀਆਂ ਲੋੜਾਂ ਦੇ ਹੀ ਅਨੁਕੂਲ ਬਣਾ ਦੇਣਾ। ਪਰ ਕੁਝ ਲੋਕਾਂ ਦੇ ਉਦੇਸ਼ ਪੂਰੇ ਕਰਨ ਲਈ ਪੂਰੀ ਮਜ਼ਦੂਰ ਜਮਾਤ ਨੂੰ ਜਥੇਬੰਦ ਕਿਵੇਂ ਕੀਤਾ ਜਾ ਸਕਦੈ ! ਅਜਿਹਾ ਕਰਨ ਨਾਲ ਸਾਡੀ ਜਥੇਬੰਦੀ ਦਾ ਅੰਤਰਰਾਸ਼ਟਰੀ ਕਿਰਦਾਰ ਨਸ਼ਟ ਹੋ ਜਾਵੇਗਾ। ਇਹ ਜਥੇਬੰਦੀ ਰਾਜਨੀਤਕ ਅੰਦੋਲਨਾਂ ਦੇ ਸਰੂਪ ਨੂੰ ਨਿਰਧਾਰਤ ਨਹੀਂ ਕਰਦੀ, ਇਹ ਅੰਦੋਲਨਾਂ ਦੇ ਉਦੇਸ਼ਾਂ ਪ੍ਰਤੀ ਸਿਰਫ ਵਫਾਦਾਰੀ ਨੂੰ ਹੀ ਜ਼ਰੂਰੀ ਸਮਝਦੀ ਹੈ। ਇਹ ਦੁਨੀਆਂ ਭਰ 'ਚ ਫੈਲੀਆਂ ਮਜ਼ਦੂਰ ਜਥੇਬੰਦੀਆਂ ਨਾਲ ਸੰਬੰਧਤ ਹੈ। **ਦੁਨੀਆਂ ਦੇ ਹਰ ਹਿੱਸੇ ਦੀ ਮਜ਼ਦੂਰ ਜਮਾਤ ਦੀਆਂ ਕੁਝ ਸਮੱਸਿਆਵਾਂ ਦਾ ਆਪਣਾ ਵਿਸ਼ੇਸ਼ ਰੂਪ ਹੁੰਦਾ ਹੈ ਅਤੇ ਉਥੋਂ ਦੇ ਮਜ਼ਦੂਰ ਆਪਣੀਆਂ ਸਮੱਸਿਆਵਾਂ ਨੂੰ ਆਪਣੇ ਢੰਗ ਨਾਲ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹਨ।** ਬਰਲਿਨ, ਲੰਦਨ, ਬਾਰਸੀਲੋਨ ਅਤੇ ਨਿਊ ਕੈਸਲਸ ਦੇ ਮਜ਼ਦੂਰਾਂ ਦੀਆਂ ਜਥੇਬੰਦੀਆਂ ਪੂਰੀ ਤਰ੍ਹਾਂ ਇਕੋ ਜਿਹੀਆਂ ਨਹੀਂ ਹੋ ਸਕਦੀਆਂ। ਉਦਾਹਰਣ ਲਈ ਇੰਗਲੈਂਡ ਦੇ ਮਜ਼ਦੂਰਾਂ ਲਈ ਸ਼ਕਤੀ ਜ਼ਾਹਰ ਕਰਨ ਦਾ ਰਸਤਾ ਖੁਲਿਆ ਹੋਇਐ। ਜਿਥੇ ਸ਼ਾਂਤੀਪੂਰਣ ਅਦਲਨ ਮਜ਼ਦੂਰ ਜਮਾਤ ਦੇ ਉਦੇਸ਼ ਨੂੰ ਜਲਦੀ ਪੂਰਾ ਕਰਨ ਵਿਚ ਨਿਸ਼ਚਿਤ ਰੂਪ ਵਿਚ ਕਾਰਗਾਰ ਹੋਣ, ਉਥੇ ਬਗਾਵਤ ਕਰਨਾ ਪਾਗਲਪਨ ਹੀ ਹੈ। ਫਰਾਂਸ ਵਿਚ ਜਮਾਤਾਂ ਦੇ ਤਿੱਖੇ ਆਪਸੀ ਵਿਰੋਧ ਤੇ ਦਮਨਕਾਰੀ ਕਾਨੂੰਨਾਂ ਕਰਕੇ ਹੀ ਹਿੰਸਾਤਮਕ ਸਮਾਜਕ ਸੰਘਰਸ਼ ਜ਼ਰੂਰੀ ਹੋ ਗਿਆ। **ਆਪਣੀਆਂ ਸਮਸਿਆਵਾਂ ਦੇ ਹੱਲ ਲਈ ਸਾਧਨਾਂ ਦੀ ਚੋਣ ਕਰਨਾ ਹਰ ਦੇਸ਼ ਦੀ ਮਜ਼ਦੂਰ ਜਮਾਤ ਦਾ ਆਪਣਾ ਮਾਮਲਾ ਹੈ। ਇਸ ਸੰਬੰਧ ਵਿਚ ਇੰਟਰਨੈਸ਼ਨਲ ਕਿਸੇ ਤਰ੍ਹਾਂ ਦੇ ਹੁਕਮ ਜਾਂ ਸਲਾਹ ਦੇਣ ਦੀ ਕੋਸ਼ਿਸ਼ ਨਹੀਂ ਕਰਦੀ।** ਪਰ ਸਾਡੀ ਜਥੇਬੰਦੀ ਆਪਣੇ ਨਿਯਮਾਂ ਦੀ ਹੱਦ ਵਿਚ ਰਹਿ ਕੇ ਹਰ ਅੰਦੋਲਨ ਨੂੰ ਹਮਦਰਦੀ ਤੇ ਮਦਦ ਕਰਦੀ ਹੈ।

ਲੈਂਡਰ : ਇਹ ਮਦਦ ਕਿਸ ਤਰ੍ਹਾਂ ਦੀ ਹੁੰਦੀ ਹੈ ?

ਮਾਰਕਸ : ਇਕ ਉਦਾਹਰਣ ਲਓ—ਮਜ਼ਦੂਰਾਂ ਦੀ ਆਰਥਕ ਮੁਕਤੀ ਦੇ ਅੰਦੋਲਨ ਦਾ ਇਕ ਸਭ ਤੋਂ ਪ੍ਰਚੱਲਤ ਤਰੀਕਾ ਹੜਤਾਲਾਂ ਦਾ ਹੈ। ਪਹਿਲਾਂ ਜਦ ਇਕ ਮੁਲਕ ਵਿਚ ਹੜਤਾਲ ਹੁੰਦੀ ਸੀ ਤਾਂ ਉਥੇ ਮਿਲ ਮਾਲਕ, ਦੂਜੇ ਮੁਲਕਾਂ ਤੋਂ ਮਜ਼ਦੂਰ ਲਿਆ ਕੇ ਹੜਤਾਲ ਤੁੜਵਾ ਦਿੰਦੇ ਸੀ। ਪਰ ਹੁਣ ਇੰਟਰਨੈਨਲ ਨੇ ਇਸ ਨੂੰ ਕਰੀਬ ਕਰੀਬ ਖਤਮ ਕਰ ਦਿਤਾ ਹੈ। ਜਦ ਸਾਨੂੰ ਕਿਸੇ ਹੋਣ ਵਾਲੀ ਹੜਤਾਲ ਦੀ ਇਤਲਾਹ ਮਿਲਦੀ ਹੈ, ਅਸੀਂ ਉਸ ਇਤਲਾਹ ਨੂੰ ਆਪਣੇ ਮੈਂਬਰਾਂ ਵਿਚ ਪ੍ਰਸਾਰਤ ਕਰਦੇ ਹਾਂ ਤੇ ਉਹ ਫੌਰਨ ਸਮਝ ਜਾਂਦੇ ਹਨ ਕਿ ਸੰਘਰਸ਼ ਦੀ ਜਗ੍ਹਾ ਉਨ੍ਹਾਂ ਲਈ ਵਰਜਿਤ ਭੂਮੀ ਹੈ। ਇਸ ਤਰ੍ਹਾਂ ਮਾਲਕਾਂ ਨੂੰ ਆਪਣੇ ਮਜ਼ਦੂਰਾਂ ਨਾਲ ਖੁਦ ਹੀ ਨਿਬੜਣਾ ਪੈਂਦਾ ਹੈ। ਜ਼ਿਆਦਾਤਰ ਮਾਮਲਿਆਂ ਵਿਚ ਮਜ਼ਦੂਰਾਂ ਨੂੰ ਇਸ ਤੋਂ ਵਧ ਮਦਦ ਦੀ ਲੋੜ ਨਹੀਂ ਹੁੰਦੀ। ਉਨ੍ਹਾਂ ਨੂੰ ਆਪਸੀ ਚੰਦੇ ਤੇ ਆਪਣੀਆਂ ਹੀ ਜਥੇਬੰਦੀਆਂ ਤੋਂ ਪੈਸੇ ਦੀ ਮਦਦ ਮਿਲ ਜਾਂਦੀ ਹੈ। ਪਰ ਜੇ ਉਹਨਾਂ ਦੀਆਂ ਮੁਸ਼ਕਲਾਂ ਵਧ ਜਾਂਦੀਆਂ ਅਤੇ ਉਸ ਹੜਤਾਲ ਨੂੰ ਸਾਡੀ ਜਥੇਬੰਦੀ ਦਾ ਸਹਿਯੋਗ ਹੋਵੇ ਤਾਂ ਅਸੀਂ ਵੀ ਉਨ੍ਹਾਂ ਦੀ ਆਰਥਕ ਮਦਦ ਕਰਦੇ ਹਾਂ। ਇਸ ਢੰਗ ਨਾਲ ਕੁਝ ਦਿਨ ਪਹਿਲਾਂ ਬਾਰਸੀਲੋਨਾ ਦੇ ਸਿਗਰਟ ਬਣਾਉਣ ਵਾਲਿਆਂ ਦੀ ਹੜਤਾਲ ਕਾਮਯਾਬ ਹੋਈ। ਹਾਲਾਂਕਿ ਇਹ ਜਥੇਬੰਦੀ ਕੁਝ ਵਿਸ਼ੇਸ਼ ਹਾਲਤਾਂ 'ਚ ਹੀ ਹੜਤਾਲਾਂ ਦੀ ਹਿਮਾਇਤ ਕਰਦੀ ਹੈ, ਹੜਤਾਲਾਂ ਵਿਚ ਇਸਦੀ ਖਾਸ ਰੁਚੀ ਨਹੀਂ ਹੈ। ਇਸ ਜਥੇਬੰਦੀ ਨੂੰ ਹੜਤਾਲਾਂ ਨਾਲ ਕੋਈ ਫਾਇਦਾ ਨਹੀਂ ਹੋ ਸਕਦਾ, ਬਲਕਿ ਨੁਕਸਾਨ ਦੀ ਹੀ ਸੰਭਾਵਨਾ ਰਹਿੰਦੀ ਹੈ। ਨਿਚੋੜ ਇਹ ਕਿ ਮਜ਼ਦੂਰ ਜਮਾਤ ਸਮਾਜ 'ਚ ਧਨ ਦੇ ਵਾਧੇ ਦੇ ਬਾਵਜੂਦ ਗਰੀਬ ਹੈ ਅਤੇ ਅਰਾਮ ਦੀਆਂ ਵਸਤਾਂ ਦੇ ਹੜ੍ਹ ਦੇ ਬਾਵਜੂਦ ਤਰਸਯੋਗ ਹਾਲਤ ਵਿਚ ਹੈ। ਆਪਣੀ ਆਰਥਕ-ਪਦਾਰਥਕ ਗਰੀਬੀ ਕਾਰਣ ਮਜ਼ਦੂਰ ਜਮਾਤ ਨੈਤਿਕ-ਸ਼ਰੀਰਕ ਦ੍ਰਿਸ਼ਟੀ ਤੋਂ ਬੌਣੀ ਹੁੰਦੀ ਜਾ ਰਹੀ ਹੈ। ਇਹ ਜਮਾਤ ਆਪਣੀਆਂ ਸਮਸਿਆਵਾਂ ਦੇ ਹੱਲ ਲਈ ਦੂਜਿਆਂ ਤੇ ਨਿਰਭਰ ਨਹੀਂ ਹੋ ਸਕਦੀ। ਹੁਣ ਉਨ੍ਹਾਂ ਲਈ ਇਹ ਇਕਦਮ ਜ਼ਰੂਰੀ ਹੋ ਗਿਐ ਕਿ ਉਹ ਆਪਣੀਆਂ ਸਮਸਿਆਵਾਂ ਦਾ ਹੱਲ ਖੁਦ ਕਰਨ। ਹੁਣ ਉਨ੍ਹਾਂ ਨੇ ਆਪਣੇ ਅਤੇ

ਪੂੰਜੀਪਤੀਆਂ ਤੇ ਜ਼ਿਮੀਂਦਾਰਾਂ ਦੇ ਆਪਸੀ ਸੰਬੰਧਾਂ ਨੂੰ ਬਦਲਣਾ ਹੈ, ਜਿਸਦਾ ਅਰਥ ਹੈ ਕਿ ਉਨ੍ਹਾਂ ਸਮਾਜ ਨੂੰ ਈ ਬਦਲਣਾ ਹੈ। ਇਹੋ ਹਰ ਤਰ੍ਹਾਂ ਦੀ ਮਜ਼ਦੂਰ ਜਥੇਬੰਦੀ ਦਾ ਮੁਖ ਉਦੇਸ਼ ਹੈ—ਖੇਤਾਂ ਤੇ ਕਲ-ਕਾਰਖਾਨਿਆਂ ਦੇ ਮਜ਼ਦੂਰਾਂ ਦੇ ਸੰਘ, ਸਹਿਕਾਰੀ ਕਮੇਟੀਆਂ, ਸਹਿਕਾਰੀ ਭੰਡਾਰ ਤੇ ਸਹਿਕਾਰੀ ਪੈਦਾਵਾਰ ਆਦਿ ਤਾਂ ਉਸ ਮੁੱਖ ਲਕਸ਼ ਦੇ ਸਾਧਨ ਮਾਤਰ ਹਨ। ਏਹਨਾਂ ਜਥੇਬੰਦੀਆਂ ਵਿਚ ਪੂਰਣ ਆਪਸੀ ਏਕਤਾ ਕਾਇਮ ਕਰਨਾ ਹੀ ਇੰਟਰਨੈਸ਼ਨਲ ਦਾ ਕੰਮ ਹੈ। ਇਨ੍ਹਾਂ ਦਾ ਅਸਰ ਹਰ ਜਗ੍ਹਾ ਮਹਿਸੂਸ ਕੀਤਾ ਜਾ ਰਿਹਾ ਹੈ। ਸਪੇਨ ਵਿਚ ਦੋ ਅਖਬਾਰ ਇਸ ਦੇ ਵਿਚਾਰਾਂ ਦਾ ਪ੍ਰਚਾਰ ਕਰਦੇ ਹਨ, ਤਿੰਨ ਜਰਮਨੀ ਵਿਚ, ਤਿੰਨ ਹੀ ਅਸਟਰੇਲੀਆ ਤੇ ਹਾਲੈਂਡ ਵਿਚ, ਛੇ ਬੈਲਜੀਅਮ ਵਿਚ ਤੇ ਉਹਨੇ ਹੀ ਸਵਿਟ-ਜ਼ਰਲੈਂਡ ਵਿਚ ਇਸ ਤਰ੍ਹਾਂ ਦੇ ਵਿਚਾਰਾਂ ਨੂੰ ਪ੍ਰਸਾਰਤ ਕਰ ਰਹੇ ਹਨ। ਅਤੇ ਹੁਣ ਜਦ ਮੈਂ ਤੁਹਾਨੂੰ ਇਹ ਦੱਸ ਦਿਤਾ ਹੈ ਕਿ ਇੰਟਰਨੈਸ਼ਨਲ ਕੀ ਹੈ, ਤੁਸੀਂ ਏਸ ਹਾਲਤ ਵਿਚ ਹੋ ਗਏ ਹੋ ਕਿ ਇੰਟਰਨੈਸ਼ਨਲ ਸਬੰਧੀ ਪ੍ਰਚਾਰਤ ਸਾਜ਼ਸ਼ਾਂ ਦੀਆਂ ਕਹਾਣੀਆਂ ਸੰਬੰਧੀ ਖੁਦ ਆਪਣੀ ਰਾਇ ਬਣਾ ਸਕੋਂ।

ਲੈਂਡਰ : ਮੈਂ ਤੁਹਾਡੀ ਗੱਲ ਠੀਕ-ਠੀਕ ਨਹੀਂ ਸਮਝ ਸਕਿਆ।

ਮਾਰਕਸ : ਕੀ ਤੁਸੀਂ ਇਹ ਨਹੀਂ ਦੇਖ ਰਹੇ ਹੋ ਕਿ ਪੁਰਾਣਾ ਸਮਾਜ ਏਸ ਜਥੇਬੰਦੀ ਦਾ ਮੁਕਾਬਲਾ ਬਹਿਸ ਅਤੇ ਜਥੇਬੰਦੀ ਦੇ ਤਰੀਕਿਆਂ ਨਾਲ ਨਾ ਕਰ ਸਕਣ ਕਰਕੇ ਇਸ ਤੇ ਸਾਜ਼ਸ਼ ਕਰਨ ਦੇ ਦੋਸ਼ ਲਾਉਣ ਦੀ ਜਾਲਸਾਜ਼ੀ ਕਰਨ ਲਈ ਮਜਬੂਰ ਹੋ ਰਿਹਾ ਹੈ।

ਲੈਂਡਰ : ਪਰ ਫਰਾਂਸ ਦੀ ਪੁਲਸ ਦਾ ਕਹਿਣਾ ਹੈ ਕਿ ਪਹਿਲਾਂ ਦੀਆਂ ਘਟਨਾਵਾਂ ਨੂੰ ਛੱਡ ਵੀ ਦਿਤਾ ਜਾਏ ਤਾਂ ਵੀ ਹਾਲ ਦੀਆਂ ਘਟਨਾਵਾਂ ਵਿਚ ਇੰਟਰਨੈਸ਼ਨਲ ਦੀ ਸਾਜ਼ਸ਼ ਸਾਬਤ ਕਰਨ ਲਈ ਉਸ ਕੋਲ ਕਾਫੀ ਸਬੂਤ ਹਨ।

ਮਾਰਕਸ : ਜੇ ਤੁਸੀ ਚਾਹੋ ਤਾ ਅਸੀ ਉਨ੍ਹਾ ਪਹਿਲਾਂ ਦੀਆਂ ਘਟਨਾਵਾਂ ਸੰਬੰਧੀ ਵੀ ਕੁਝ ਕਹਿਣਾ ਚਾਹਵਾਂਗੇ ਕਿਉਂਕਿ ਸਾਜ਼ਸ਼ ਕਰਨ ਦੇ ਜੋ ਦੋਸ਼ ਇੰਟਰਨੈਸ਼ਨਲ ਖਿਲਾਫ ਲਾਏ ਗਏ ਹਨ, ਉਨ੍ਹਾਂ ਦੀ ਸੱਚਾਈ ਦਾ ਪਤਾ ਏਸ ਤੋਂ ਲਗ ਸਕਦਾ ਹੈ। ਤੁਸੀਂ ਉਸ ਪਹਿਲੀ ਸਾਜ਼ਸ਼ ਨੂੰ ਯਾਦ ਕਰੋ। ਹੋਇਆ ਇਹ ਕਿ ਵੋਟਾਂ ਰਾਹੀਂ ਆਤਮ-ਨਿਰਣੇ ਦਾ ਐਲਾਨ ਹੋ ਚੁੱਕਿਆ ਸੀ। ਜ਼ਿਆਦਾਤਰ ਵੋਟਰ ਬੇਚੈਨ ਹੋ ਰਹੇ ਸੀ। ਪੁਰਾਣੀ ਸ਼ਾਹੀ ਹਕੂਮਤ ਲਈ ਉਨ੍ਹਾਂ ਦੇ ਮਨ ਵਿਚ ਕੋਈ ਉਤਸ਼ਾਹ ਨਹੀਂ ਸੀ ਅਤੇ ਜਿਸ ਨਵੇਂ ਸਮਾਜ ਤੋਂ ਜਨਤਾ ਨੂੰ ਬਚਾਉਣ ਦਾ ਦਾਵਾ ਕੀਤਾ ਜਾ ਰਿਹਾ ਸੀ, ਉਸ ਸਮਾਜ ਦੇ ਅਖੌਤੀ ਖਤਰਿਆਂ ਤੇ ਉਹ ਯਕੀਨ ਨਹੀਂ ਸੀ ਕਰਦੇ, ਅਜਿਹੀ ਹਾਲਤ ਵਿਚ ਇਕ ਨਵਾਂ ਹਊਆ ਖੜਾ ਕਰਨਾ ਜ਼ਰੂਰੀ ਸੀ। ਪੁਲਸ ਨੇ ਇਕ ਹਊਆ ਖੋਜ ਖੋਜ ਕੱਢਣ ਦੀ ਕੋਸ਼ਿਸ਼ ਕੀਤੀ। ਕਿਉਂਕਿ ਉਹ ਹਰ ਮਜ਼ਦੂਰ ਜਥੇਬੰਦੀ ਨਾਲ ਨਫਰਤ ਕਰਦੇ ਹਨ, ਉਨ੍ਹਾਂ ਦੀ ਭੈੜੀ ਨਜ਼ਰ ਇੰਟਰਨੈਸ਼ਨਲ ਤੇ ਪਈ। ਏਸ ਸੁਖਾਵੇਂ ਖਿਆਲ ਨਾਲ ਉਹ ਉਤੇਜਤ ਹੋ ਉੱਠੇ। ਉਨ੍ਹਾਂ ਦਾ ਖਿਆਲ ਸੀ ਕਿ ਜੇ ਉਹ ਨਵੇਂ ਹਊਏ ਦੇ ਰੂਪ ਵਿਚ ਇੰਟਰਨੈਸ਼ਨਲ ਨੂੰ ਸਾਹਮਣੇ ਲਿਆਉਣ ਵਿਚ ਕਾਮਯਾਬ ਹੋਏ ਤਾਂ ਇਕੋ ਵੇਲੇ ਇੰਟਰਨੈਸ਼ਨਲ ਵੀ ਬਦਨਾਮ ਹੋ ਜਾਵੇਗੀ ਅਤੇ ਸ਼ਾਹੀ ਮਿਹਰਬਾਨੀ ਵੀ ਮਿਲ ਜਾਵੇਗੀ। ਏਸ ਸੁਖਾਵੇਂ ਖਿਆਲ 'ਚੋਂ ਹੀ ਬਾਦਸ਼ਾਹ ਦੇ ਕਤਲ ਦੀ ਹਾਸੋਹੀਣ ਸਾਜ਼ਸ਼ ਦੀ ਪੈਦਾਇਸ਼ ਹੋਈ, ਜਿਵੇਂ ਕਿ ਅਸੀਂ ਉਸ ਗੁਜ਼ਰੇ ਬੁੱਢੇ ਨੂੰ ਕਤਲ ਕਰਨਾ ਚਾਹੁੰਦੇ ਹੋਈਏ! ਉਨ੍ਹਾਂ ਨੇ ਇੰਟਰਨੈਸ਼ਨਲ ਦੇ ਆਗੂਆਂ ਨੂੰ ਕੈਦ ਕਰ ਲਿਆ, ਉਨ੍ਹਾਂ ਖਿਲਾਫ ਤਰ੍ਹਾਂ ਤਰ੍ਹਾਂ ਦੇ ਸਬੂਤ ਘੜੇ ਗਏ। ਅਧਿਕਾਰੀਆਂ ਨੇ ਤਿਆਰੀ ਕੀਤੀ, ਏਸ ਦੌਰਾਨ ਆਤਮ-ਨਿਰਣੇ ਲਈ ਵੋਟਾਂ ਪਈਆਂ। ਇਹ ਘੜੀ ਕਾਮੇਡੀ ਇਕ ਭੱਦਾ ਪ੍ਰਹਸਨ ਬਣ ਕੇ ਰਹਿ ਗਈ। ਏਸ ਘਟੀਆ ਨਾਟਕ ਨੂੰ ਵੇਖਣ ਵਾਲੇ ਵਿਵੇਕਸ਼ੀਲ ਯੂਰਪ ਨੂੰ ਇਕ ਘੜੀ ਲਈ ਵੀ ਏਸ ਦੇ ਵਾਸਤਵਿਕ ਸਰੂਪ ਬਾਰੇ ਧੋਖਾ ਨਹੀਂ ਹੋਇਆ। ਸਿਰਫ ਫਰਾਂਸੀਸੀ ਪੇਂਡੂ ਜਨਤਾ ਨੂੰ ਹੀ ਬੇਵਕੂਫ ਬਣਾਇਆ ਜਾ ਸਕਿਆ। ਤੁਹਾਡੇ ਅੰਗਰੇਜ਼ੀ ਅਖ਼ਬਾਰਾਂ ਨੇ ਏਸ ਘਟਨਾ ਦੀਆਂ ਸ਼ੁਰੂ ਦੀਆਂ ਖਬਰਾਂ ਛਾਪੀਆਂ, ਪਰ ਅੰਤ ਨੂੰ ਯਾਦ ਕਰਨਾ ਭੁੱਲ ਗਏ। ਫਰਾਂਸੀਸੀ ਜਨ ਨੇ ਇੱਜ਼ਤ ਬਚਾਉਣ ਲਈ ਸਾਜ਼ਸ਼ ਦੀ ਹੋਂਦ ਨੂੰ ਤਾਂ ਮੰਨਿਆ, ਪਰ ਇਹ ਐਲਾਨ ਕਰਨ ਲਈ ਵੀ ਮਜਬੂਰ ਹੋਇਆ ਕਿ ਏਸ ਵਿਚ ਇੰਟਰਨੈਸ਼ਨਲ ਦਾ ਕੋਈ ਹੱਥ ਨਹੀਂ ਹੈ। ਮੇਰੀ ਗੱਲ ਦਾ ਯਕੀਨ ਕਰੋ, ਇਹ ਦੂਜੀ ਅਖੌਤੀ ਸਾਜ਼ਸ਼ ਵੀ ਪਹਿਲਾਂ ਵਰਗੀ ਹੀ ਹੈ। ਫਰਾਂਸੀਸੀ ਅਧਿਕਾਰੀ ਫੇਰ ਪਹਿਲਾਂ ਵਾਂਗ ਹੀ ਸਰਗਰਮ ਹੋ ਰਹੇ ਹਨ। **ਦੁਨੀਆਂ ਦੇ ਹੁਣ ਤੱਕ ਦੇ ਸਭ ਤੋਂ ਮਹਾਨ ਅੰਦੋਲਨ** ਦਾ ਲੇਖਾ-ਜੋਖਾ ਕਰਨ ਲਈ ਅਧਿਕਾਰੀਆਂ ਦੀ ਪੁਕਾਰ ਹੋਈ ਹੈ। ਉਨ੍ਹਾਂ ਨੂੰ ਜ਼ਮਾਨੇ ਦੇ ਸੈਂਕੜੇ ਇਸ਼ਾਰਿਆਂ ਤੋਂ

ਸਬਕ ਸਿੱਖਣੇ ਚਾਹੀਦੇ ਹਨ ਅਤੇ ਇਹ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਹ ਜਨ-ਅੰਦੋਲਨ ਮਜ਼ਦੂਰਾਂ ਦੀ ਚੇਤਨਾ ਦੇ ਵਿਕਾਸ ਅਤੇ ਹਾਕਮ ਜਮਾਤਾਂ ਦੀ ਨਾ—ਅਹਿਲੀਅਤ ਅਤੇ ਅਰਾਮ ਦੀ ਭਾਵਨਾ ਦਾ ਨਤੀਜਾ ਹੈ। **ਇਤਿਹਾਸ ਦੀ ਪ੍ਰਗਤੀ ਹੁਣ ਉਸ ਆਖਰੀ ਦੌਰ ਵਿਚ ਪਹੁੰਚ ਗਈ ਹੈ, ਜਦੋਂ ਹਕੂਮਤ ਇਕ ਸ਼ੋਸ਼ਕ ਜਮਾਤ ਦੇ ਹੱਥੋਂ ਨਿਕਲ ਕੇ ਜਨਤਾ ਦੇ ਹੱਥੀਂ ਆ ਜਾਵੇਗੀ।** ਇਹ ਮਹਾਨ ਮੁਕਤੀ ਅੰਦੋਲਨ ਸਮੇਂ, ਸਥਾਨ ਅਤੇ ਪ੍ਰਸਿਥਤੀਆਂ ਦਾ ਨਿਆਂਪੂਰਣ ਨਤੀਜਾ ਹੈ। ਪਰ ਇਤਿਹਾਸ ਦੀ ਇਸ ਪ੍ਰਕਿਰਿਆ ਨੂੰ ਸਮਝਣ ਲਈ ਇਕ ਵਿਚਾਰਨ ਵਾਲ ਬੁੱਧੀ ਦੀ ਲੋੜ ਹੈ, ਜਦ ਕਿ ਅਧਿਕਾਰੀਆਂ ਕੋਲ ਸਿਰਫ ਜਸੂਸੀ ਕਿਸਮ ਦੀ ਸਮਝ ਹੈ। ਆਪਣੀ ਸਮਝ ਅਤੇ ਚੇਤਨਾ ਮੁਤਾਬਕ ਅਧਿਕਾਰੀਆਂ ਨੇ ਏਸ ਮਹਾਨ ਘਟਨਾ ਦੀ ਜਸੂਸਾਂ ਵਰਗੀ ਵਿਆਖਿਆ ਕਰਕੇ ਇਸ ਨੂੰ ਸਿਰਫ ਇਕ ਸਾਜ਼ਸ਼ ਕਹਿ ਕੇ ਛੁੱਟੀ ਕਰ ਲਈ ਹੈ।

ਲੈਂਡਰ : ਜਦ ਫਰਾਂਸ ਦਾ ਹਰ ਅਖਬਾਰ ਇਸ ਤਰ੍ਹਾਂ ਦੀਆਂ ਖਬਰਾਂ ਪ੍ਰਸਾਰਤ ਕਰ ਰਿਹਾ ਹੈ ਤਾਂ ਯੂਰਪ ਦੇ ਲੋਕ ਹੋਰ ਸੋਚ ਵੀ ਕੀ ਸਕਦੇ ਐ ?

ਮਾਰਕਸ : ਹਾਂ, ਜਨਾਬ ! ਹਰ ਫਰਾਂਸੀਸੀ ਅਖਬਾਰ ਦੀ ਇਹੋ ਹਾਲਤ ਹੈ। ਦੇਖੋ, ਉਨ੍ਹਾਂ 'ਚੋਂ ਇਕੋ ਏਥੇ ਪਿਐ (ਲਾ ਸਿਚੂਏਸ਼ਨ ਨੂੰ ਹੱਥ 'ਚ ਲੈ ਕੇ) ਅਤੇ ਤੱਥਾਂ ਦੀ ਦ੍ਰਿਸ਼ਟੀ ਤੋਂ ਇਸ ਦੀ ਸੱਚਾਈ ਤੇ ਤੁਸੀਂ ਖੁਦ ਵਿਚਾਰ ਕਰੋ।(ਮਾਰਕਸ ਅਖਬਾਰ 'ਚ ਛਪੀ ਇਕ ਖਬਰ ਪੜ੍ਹਦੇ ਹਨ)ਡਾ.ਕਾਰਲ ਮਾਰਕਸ(ਇੰਟਰਨੈਸ਼ਨਲ ਵਾਲੇ) ਫਰਾਂਸ ਵੱਲ ਭੱਜਦਿਆਂ ਬੈਲਜਿਅਮ ਵਿਚ ਗ੍ਰਿਫਤਾਰ। ਲੰਦਨ ਦੀ ਪੁਲਸ ਬਹੁਤ ਦਿਨਾਂ ਤੋਂ ਉਸ ਸੰਸਥਾ ਤੇ ਸਖ਼ਤ ਨਿਗਾਹ ਰੱਖੀ ਹੋਈ ਹੈ, ਜਿਸ ਨਾਲ ਮਾਰਕਸ ਜੁੜੇ ਹੋਏ ਹਨ, ਅਤੇ ਸੰਸਥਾ ਨੂੰ ਦਬਾਉਣ ਲਈ ਸਖ਼ਤ ਕਦਮ ਚੁੱਕ ਰਹੀ ਹੈ।' ਦੋ ਵਾਕ ਦੋ ਝੂਠ ! ਤੁਸੀਂ ਦੇਖੋ ਕਿ ਤੁਹਾਡੀਆਂ ਅੱਖਾਂ ਧੋਖਾ ਤਾਂ ਨਹੀਂ ਦੇ ਰਹੀਆਂ। ਤੁਸੀਂ ਦੇਖ ਰਹੇ ਕਿ ਮੈਂ ਬੈਲਜਿਅਮ ਦੀ ਜੇਲ 'ਚ ਨਾ ਹੋ ਕੇ ਇਥੇ ਲੰਦਨ ਵਿਚ ਬੜੇ ਆਰਾਮ ਨਾਲ ਤੁਹਾਡੇ ਸਾਹਮਣੇ ਬੈਠਾਂ ਹਾਂ। ਤੁਸੀਂ ਇਹ ਵੀ ਜਾਣਦੇ ਹੋਵੋਗੇ ਕਿ ਲੰਦਨ ਦੀ ਪੁਲਸ ਇੰਟਰਨੈਸ਼ਨਲ ਦੇ ਮਾਮਲਿਆਂ ਵਿਚ ਉਵੇਂ ਹੀ ਕੋਈ ਦਖਲ ਨਹੀਂ ਦਿੰਦੀ, ਜਿਵੇਂ ਅਸੀਂ ਉਸ ਦੇ ਕਿਸੇ ਮਾਮਲੇ 'ਚ ਦਖਲ ਅੰਦਾਜ਼ੀ ਨਹੀਂ ਕਰਦੇ। ਫੇਰ ਵੀ ਅਜਿਹੀਆਂ ਖਬਰਾਂ ਯੂਰਪ ਭਰ ਦੇ ਅਖਬਾਰਾਂ 'ਚ ਹਰ ਰੋਜ਼ ਛਪਦੀਆਂ ਰਹਿੰਦੀਆਂ ਹਨ, ਏਨਾ ਝੂਠੀਆਂ ਖਬਰਾਂ ਦਾ ਕੋਈ ਖੰਡਨ ਨਹੀਂ ਕਰਦਾ।

ਲੈਂਡਰ : ਕੀ ਤੁਸੀਂ ਏਨਾਂ ਝੂਠੀਆਂ ਖਬਰਾਂ ਦੇ ਖੰਡਨ ਦੀ ਕੋਈ ਕੋਸ਼ਿਸ਼ ਕੀਤੀ ਹੈ ?

ਮਾਰਕਸ : ਮੈਂ ਉਦੋਂ ਤੱਕ ਕੋਸ਼ਿਸ਼ਾਂ ਕੀਤੀਆਂ, ਜਦ ਤੱਕ ਕਿ ਅਜਿਹਾ ਕਰਦਿਆਂ ਮੈਂ ਥੱਕ ਨਹੀਂ ਗਿਆ। ਇੰਟਰਨੈਸ਼ਨਲ ਸੰਬੰਧੀ ਕਿਸ ਤਰ੍ਹਾਂ ਲਾਪਰਵਾਹੀ ਨਾਲ ਖਬਰਾਂ ਘੜੀਆਂ ਜਾਂਦੀਆਂ ਹਨ, ਉਸ ਦਾ ਇਕ ਹੋਰ ਸਬੂਤ ਲਓ। ਇਕ ਅਖਬਾਰ ਵਿਚ ਛਪਿਆ ਸੀ ਕਿ ਫੈਲਿਕਸ ਪਿਆਤ (Felix pyat) ਇੰਟਰਨੈਸ਼ਨਲ ਦਾ ਮੈਂਬਰ ਹੈ।

ਲੈਂਡਰ : ਕੀ ਉਹ ਮੈਂਬਰ ਨਹੀਂ ਹੈ ?

ਮਾਰਕਸ : ਅਜਿਹੇ ਤਾਨਾਸ਼ਾਹ ਆਦਮੀ ਲਈ ਏਸ ਜਥੇਬੰਦੀ ਵਿਚ ਕੋਈ ਜਗ੍ਹਾ ਨਹੀਂ ਹੈ। ਇਕ ਵਾਰ ਜ਼ਬਰਦਸਤੀ ਉਸ ਨੇ ਇਕ ਮੂਰਖਤਾ ਭਰਿਆ ਐਲਾਨ ਸਾਡੇ ਨਾਂ ਤੋਂ ਕਰ ਦਿੱਤਾ ਤਾਂ ਫੌਰਨ ਉਸ ਦਾ ਖੰਡਨ ਕੀਤਾ ਗਿਆ। ਪਰ ਜਨਾਬ, ਅਖਬਾਰ ਵਾਲਿਆਂ ਨੇ ਉਸ ਖੰਡਨ ਨੂੰ ਛਾਪਿਆ ਹੀ ਨਹੀਂ।

ਲੈਂਡਰ : ਕੀ ਮੈਜ਼ਿਨੀ (mazzini) ਤੁਹਾਡੀ ਜਥੇਬੰਦੀ ਦਾ ਮੈਂਬਰ ਨਹੀਂ ਹੈ ?

ਮਾਰਕਸ : (ਹੱਸਦਿਆਂ) ਨਹੀਂ, ਨਹੀਂ। ਜੇ ਅਸੀਂ ਲੋਕ ਉਸ ਦੇ ਵਿਚਾਰਾਂ ਦੇ ਘੇਰੇ ਤੋਂ ਬਾਹਰ ਨਾ ਨਿਕਲੇ ਹੁੰਦੇ ਤਾਂ ਸਾਡੀ ਸ਼ਾਇਦ ਹੀ ਕੋਈ ਪ੍ਰਗਤੀ ਹੋਈ ਹੁੰਦੀ।

ਲੈਂਡਰ : ਮੈਨੂੰ ਇਹ ਸੁਣ ਕੇ ਬੜੀ ਹੈਰਾਨੀ ਹੋ ਰਹੀ ਹੈ। ਮੈਂ ਤਾਂ ਸਮਝਦਾ ਸਾਂ ਕਿ ਉਹ ਬਹੁਤ ਅੱਤਿਵਾਦੀ ਵਿਚਾਰਾਂ ਦਾ ਪ੍ਰਤੀਨਿਧ ਆਦਮੀ ਹੈ।

ਮਾਰਕਸ : ਉਹ ਮੱਧ ਵਰਗ ਦੇ ਲੋਕਤੰਤਰ ਦੀ ਪੁਰਾਣੀ ਧਾਰਾਵਾਂ ਦੀ ਹੀ ਨੁਮਾਇੰਦਗੀ ਕਰਦਾ ਹੈ। ਅਸੀਂ ਮਧ ਵਰਗ ਨਾਲ ਕੋਈ ਮੇਲ-ਮਿਲਾਪ ਨਹੀਂ ਕਰਨਾ ਚਾਹੁੰਦੇ। ਉਹ ਹੁਣ ਆਧੁਨਿਕ ਅੰਦੋਲਨਾਂ ਤੋਂ ਇੰਜ ਹੀ ਪਿਛੜ ਗਿਐ ਜਿਵੇਂ ਜਰਮਨੀ ਦੇ ਉਹ ਅਧਿਆਪਕ ਜਿਹੜੇ ਹੁਣ ਵੀ ਯੂਰਪ ਵਿਚ ਭਾਵੀ ਸਭਿਆਚਾਰਕ ਲੋਕਤੰਤਰਵਾਦ ਦੇ ਮਸੀਹਾ ਮੰਨੇ ਜਾਂਦੇ ਹਨ। ਸੰਨ 1848 ਵਿਚ ਇਹ ਇਕ ਸੱਚਾਈ ਸੀ, ਜਦ ਜਰਮਨੀ ਦਾ ਮੱਧ-ਵਰਗ (ਇੰਗਲੈਂਡ 'ਚ ਪ੍ਰਚਲਤ ਅਰਥਾਂ ਵਿਚ) ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਇਆ ਸੀ। ਪਰ ਹੁਣ ਉਹ ਜਰਮਨ ਅਧਿਆਪਕ ਪੂਰੀ ਤਰ੍ਹਾਂ ਪ੍ਰਤੀਕ੍ਰਿਆਵਾਦੀਆਂ ਦੇ ਨਾਲ ਹਨ ਤੇ ਪ੍ਰੋਲਤਾਰੀ ਜਮਾਤ ਉਨ੍ਹਾਂ ਨੂੰ ਪੂਰੀ ਤਰ੍ਹਾਂ ਭੁਲ ਚੁੱਕੀ ਹੈ।

ਲੈਂਡਰ : ਕੁਝ ਲੋਕਾਂ ਦਾ ਖਿਆਲ ਹੈ ਕਿ ਤੁਹਾਡੀ ਜਥੇਬੰਦੀ ਤੇ ਪ੍ਰਤੱਖਵਾਦੀ (Positivists) ਤੱਤਾਂ ਦਾ ਵੀ ਅਸਰ ਹੈ।

ਮਾਰਕਸ : ਅਜੇਹੀ ਕੋਈ ਗੱਲ ਨਹੀਂ ਹੈ। ਸਾਡੀ ਜਥੇਬੰਦੀ ਵਿਚ ਪ੍ਰਤੱਖਵਾਦੀ ਵਿਚਾਰਾਂ ਦੇ ਆਦਮੀ ਹਨ ਤੇ ਦੂਜੇ ਤਰ੍ਹਾਂ ਦੇ ਆਦਮੀ ਵੀ ਹਨ। ਜੋ ਲੋਕ ਸਾਡੇ ਨਾਲ ਕੰਮ ਕਰਦੇ ਹਨ, ਉਹ ਸਾਡੇ ਨਾਲ ਆਪਣੇ ਫਲਸਫੇ ਕਾਰਣ ਨਹੀਂ ਹਨ। ਅਸੀਂ ਉਸ ਫਲਸਫੇ ਨੂੰ ਜਨਤਾ ਦੀ ਪਾਪੂਲਰ ਸਰਕਾਰ ਲਈ ਫ਼ਜ਼ੂਲ ਸਮਝਦੇ ਹਾਂ। ਇਹ ਫਲਸਫਾ ਪੁਰਾਣੀ ਜਮਾਤੀ ਵਿਵਸਥਾ ਦੀ ਥਾਂ ਤੇ ਇਕ ਨਵਾਂ ਜਮਾਤਾਂ ਵਿਚ ਵੰਡਿਆ ਸਮਾਜ ਹੀ ਬਣਾਉਣਾ ਚਾਹੁੰਦਾ ਹੈ।

ਲੈਂਡਰ : ਮੈਨੂੰ ਲਗਦੈ ਕਿ ਤੁਹਾਡੇ ਨਵੇਂ ਅੰਤਰਰਾਸ਼ਟਰੀ ਅੰਦੋਲਨ ਨੂੰ ਇਕ ਨਵੇਂ ਫਲਸਫੇ ਅਤੇ ਨਵੀਂ ਜਥੇਬੰਦੀ ਦਾ ਨਿਰਮਾਣ ਕਰਨਾ ਪਵੇਗਾ।

ਮਾਰਕਸ : ਤੁਸੀਂ ਠੀਕ ਹੀ ਸਮਝਿਆ ਹੈ। ਇਹ ਸੱਚ ਹੈ। ਉਦਾਹਰਣ ਲਈ, ਜੇ ਅਸੀਂ ਪੂੰਜੀ ਦੇ ਖਿਲਾਫ ਏਸ ਲੜਾਈ ਵਿਚ ਸੰਘਰਸ਼ ਦੇ ਸਿਧਾਂਤ ਤੇ ਤਰੀਕੇ ਮਿਲ (Mill) ਦੇ ਰਾਜਨੀਤਕ ਅਰਥਸ਼ਾਸਤਰ ਤੋਂ ਲਈਏ ਤਾਂ ਸਾਡੀ ਪ੍ਰਗਤੀ ਦੀ ਕੋਈ ਸੰਭਾਵਨਾ ਨਹੀਂ ਹੋਵੇਗੀ। ਮਿਲ ਨੇ ਮਿਹਨਤ ਤੇ ਪੂੰਜੀ ਦੇ ਸੰਬੰਧਾਂ ਦਾ ਜੋ ਰੂਪ ਦੱਸਿਆ ਹੈ, ਅਸੀਂ ਉਸ ਤੋਂ ਵੱਖਰੇ ਦੂਸਰੀ ਤਰ੍ਹਾਂ ਦੇ ਸੰਬੰਧ ਕਾਇਮ ਕਰਨ ਲਈ ਜਤਨਸ਼ੀਲ ਹਾਂ।

ਲੈਂਡਰ : ਧਰਮ ਸੰਬੰਧੀ ਤੁਹਾਡੀ ਕੀ ਰਾਇ ਹੈ ?

ਮਾਰਕਸ : ਇਸ ਸੰਬੰਧੀ ਜਥੇਬੰਦੀ ਵਲੋਂ ਮੈਂ ਕੁਝ ਨਹੀਂ ਕਹਿਣਾ ਚਾਹੁੰਦਾ। ਜਿਥੋਂ ਤਕ ਮੇਰਾ ਸਵਾਲ ਹੈ, ਮੈਂ ਨਾਸਤਕ ਹਾਂ। ਇੰਗਲੈਂਡ ਵਿਚ ਇਸ ਤਰ੍ਹਾਂ ਦੀ ਪ੍ਰਤਿਗਿਆ ਸੁਣ ਕੇ ਲੋਕਾਂ ਨੂੰ ਹੈਰਾਨੀ ਹੋ ਸਕਦੀ ਹੈ। ਪਰ ਇਹ ਗੱਲ ਸੁਖਾਵੀਂ ਹੈ ਕਿ ਫਰਾਂਸ ਜਾਂ ਜਰਮਨੀ ਵਿਚ ਧਰਮ ਖਿਲਾਫ ਅਜਿਹੀਆਂ ਗੱਲਾਂ ਨੂੰ ਹੌਲੀ ਜਿਹਾਂ ਕਹਿਣ ਦੀ ਲੋੜ ਨਹੀਂ।

ਲੈਂਡਰ : ਅਤੇ ਇਸ ਦੇ ਬਾਵਜੂਦ ਤੁਸੀਂ ਆਪਣੀਆਂ ਸਰਗਰਮੀਆਂ ਦਾ ਕੇਂਦਰ ਏਸ ਦੇਸ਼ ਵਿਚ ਸਥਾਪਤ ਕੀਤਾ ਹੈ।

ਮਾਰਕਸ : ਇੰਜ ਕਰਨ ਦੇ ਕੁਝ ਸਪਸ਼ਟ ਕਾਰਣ ਹਨ। ਇਕ ਤਾਂ ਇਹ ਕਿ ਜਥੇਬੰਦੀ ਬਣਾਉਣ ਦੇ ਹੱਕਾਂ ਦੀ ਅਜ਼ਾਦੀ ਇਥੇ ਇਕ ਮੰਨੀ ਹੋਈ ਗੱਲ ਹੈ। ਜਰਮਨੀ ਵਿਚ ਵੀ ਅਜਿਹਾ ਹੱਕ ਹੈ, ਪਰ ਉਥੇ ਇਸ ਵਿਚ ਬਹੁਤ ਮੁਸ਼ਕਲਾਂ ਹਨ। ਫਰਾਂਸ ਵਿਚ ਤਾਂ ਬਹੁਤ ਦਿਨਾਂ ਤੋਂ ਅਜਿਹਾ ਹੱਕ ਹੈ ਹੀ ਨਹੀਂ।

ਲੈਂਡਰ : ਅਤੇ ਸੰਯੁਕਤ ਰਾਜ ਅਮਰੀਕਾ ਸੰਬੰਧੀ ਤੁਹਾਡੀ ਕੀ ਰਾਇ ਹੈ ?

ਮਾਰਕਸ : ਯੂਰਪ ਦਾ ਪੁਰਾਣਾ ਸਮਾਜ ਹੀ ਹਾਲੀ ਤੱਕ ਸਾਡੀ ਸਰਗਰਮੀ ਦਾ ਕੇਂਦਰ ਬਣਿਆ ਹੋਇਆ ਹੈ।

ਕਈ ਕਾਰਣਾਂ ਕਰਕੇ ਅਮਰੀਕਾ ਵਿਚ ਮਿਹਨਤ ਦੀ ਸਮਸਿਆ ਨੂੰ ਵਿਆਪਕ ਮਹਤਵ ਨਹੀਂ ਮਿਲਿਆ ਹੈ। ਪਰ ਮਜ਼ਦੂਰ ਲਹਿਰਾਂ ਦੇ ਵਿਕਾਸ 'ਚ ਰੁਕਾਵਟਾਂ ਪਾਉਣ ਵਾਲੀਆਂ ਹਾਲਤਾਂ ਹੌਲੀ ਹੌਲੀ ਖਤਮ ਹੋ ਰਹੀਆਂ ਹਨ ਅਤੇ ਮਜ਼ਦੂਰ ਅੰਦੋਲਨ ਵਧ ਰਹੇ ਹਨ। ਯੂਰਪ ਵਾਂਗ ਅਮਰੀਕਾ ਵਿਚ ਵੀ ਮਜ਼ਦੂਰ ਜਮਾਤ ਦੇ ਸੁਤੰਤਰ ਵਿਕਾਸ, ਸਮਾਜ ਦੀਆਂ ਦੂਜੀਆਂ ਜਮਾਤਾ ਨਾਲ ਉਸਦੇ ਨਿਖੇੜੇ ਅਤੇ ਪੂੰਜੀ ਨਾਲ ਉਹਨਾਂ ਦੇ ਤੋੜ-ਵਿਛੋੜੇ ਦੇ ਨਾਲ ਨਾਲ ਮਿਹਨਤ ਸਮਸਿਆ ਦਾ ਰੂਪ ਵਿਆਪਕ ਹੁੰਦਾ ਜਾ ਰਿਹਾ ਹੈ।

ਲੈਂਡਰ : ਇੰਜ ਲਗਦੈ ਇਸ ਦੇਸ਼ ਵਿਚ ਮਿਹਨਤ-ਸਮਸਿਆ ਦਾ ਹੱਲ ਉਸਦਾ ਰੂਪ ਭਾਵੇਂ ਕੋਈ ਵੀ ਹੋਵੇ, ਇਨਕਲਾਬ ਦੇ ਹਿੰਸਾਤਮਕ ਸਾਧਨਾਂ ਨੂੰ ਬਿਨਾਂ ਇਸਤੇਮਾਲ ਕੀਤਿਆਂ ਵੀ ਹੋ ਸਕਦਾ ਹੈ। ਜਦ ਤਕ ਘਟ ਗਿਣਤੀ ਬਹੁ-ਗਿਣਤੀ ਵਿਚ ਨਾ ਬਦਲ ਜਾਵੇ, ਉਦੋਂ ਤਕ ਸਭਾਵਾਂ, ਜਥੇਬੰਦੀਆਂ ਅਤੇ ਪ੍ਰੈਸ ਦੇ ਮਾਧਿਅਮ ਰਾਹੀਂ ਅੰਦੋਲਨ ਚਲਾਉਣ ਦੇ ਬਰਿਟਸ਼ ਰਿਵਾਜ ਕਰਕੇ ਅਜਿਹੀ ਉਮੀਦ ਕੀਤੀ ਜਾ ਸਕਦੀ ਹੈ।

ਮਾਰਕਸ : ਮੈਂ ਏਸ ਸੰਬੰਧ ਵਿਚ ਤੁਹਾਡੇ ਵਾਂਗ ਆਸ਼ਾ-ਵਾਦੀ ਨਹੀਂ ਹਾਂ। ਤੁਸੀਂ ਮੇਰੀ ਗੱਲ ਤੇ ਗੌਰ ਕਰਨਾ—ਆਪਣੀ ਹੋਂਦ ਦੇ ਫੈਸਲਾਕੁਨ ਸਵਾਲਾਂ ਤੇ ਜਦ ਇੰਗਲੈਂਡ ਦੀ ਹਾਕਮ ਜਮਾਤ, ਵੋਟਾਂ ਵਿਚ ਹਾਰੇਗੀ, ਉਦੋਂ ਇਥੇ ਇੰਗਲੈਂਡ ਵਿਚ ਵੀ ਇਕ ਨਵੇਂ ਕਿਸਮ ਦੀ ਗੁਲਾਮਦਾਰੀ ਕਾਇਮ ਕਰਨ ਵਾਲੀ ਲੜਾਈ ਸ਼ੁਰੂ ਹੋ ਜਾਵੇਗੀ। oo

[ਏਸ ਵਿਲੱਖਣ ਆਦਮੀ ਨਾਲ ਹੋਈ ਆਪਣੀ ਅੰਤਰਮ ਵਾਰਤਾ ਦੇ ਮੁਖ ਮੁੱਦਿਆਂ ਦਾ ਨਿਚੋੜ, ਆਪਣੀ ਯਾਦਦਾਸ਼ਤ ਮੁਤਾਬਕ ਮੈਂ ਤੁਹਾਨੂੰ ਭੇਜ ਰਿਹਾ ਹਾਂ। ਤੁਸੀਂ ਇਸਦੇ ਅਧਾਰ ਤੇ ਆਪਣੀ ਰਾਇ ਬਣਾ ਸਕਦੇ ਹੋ। ਕਮਿਊਨ ਦੀ ਘਟਨਾ ਵਿਚ ਇਸ ਦੀ ਸਾਜ਼ਸ਼ ਦੇ ਪੱਖ-ਵਿਰੋਧ ਵਿਚ ਜੋ ਵੀ ਕਿਹਾ ਜਾਏ, ਸਾਨੂੰ ਨਿਸ਼ਚਿਤ ਰੂਪ 'ਚ ਇਹ ਮੰਨਣਾ ਚਾਹੀਦਾ ਹੈ ਕਿ ਏਸ ਅੰਤਰ-ਰਾਸ਼ਟਰੀ ਜਥੇਬੰਦੀ ਦੇ ਰੂਪ ਵਿਚ ਸੱਭਿਆ ਦੁਨੀਆਂ ਵਿਚ ਇਕ ਨਵੀਂ ਤਾਕਤ ਦਾ ਉਦੇ ਹੋਇਐ, ਜਿਸ ਦੇ ਚੰਗੇ ਜਾਂ ਮਾੜੇ ਅਸਰ ਛੇਤੀ ਹੀ ਸਾਰੀ ਦੁਨੀਆਂ ਵਿਚ ਮਹਿਸੂਸ ਕੀਤੇ ਜਾਣਗੇ।] o ਆਰ. ਲੈਂਡਰ

'ਨਿਊਯਾਰਕ ਵਰਲਡ'

18 ਜੁਲਾਈ 1871 (ਅਨੁਵਾਦਕ—ਚਮਨ ਲਾਲ)

# ਪ੍ਰੋ: ਪ੍ਰੀਤਮ ਸਿੰਘ ਦੇ ਮੈਨੀਫੈਸਟੋ ਦਾ ਵਿਸ਼ਲੇਸ਼ਣ

**ਬਾਰੂ ਸਤਵਰਗ**

ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਪ੍ਰੋ: ਪ੍ਰੀਤਮ ਸਿੰਘ ਜੀ ਵਲੋਂ, ਅਖ਼ਬਾਰ ਪੰਜਾਬੀ ਟ੍ਰਿਬਿਊਨ 'ਚ, ਜਨਵਰੀ 83 ਦੀ 23 ਤਾਰੀਖ਼ ਤੋਂ ਲੈ ਕੇ 28 ਤਾਰੀਖ਼ ਤੱਕ, ਕਿਸ਼ਤਵਾਰ ਛਪਵਾਇਆ ਗਿਆ—"ਮੈਨੀਫੈਸਟੋ—ਇਕ ਪੰਜਾਬੀ ਲੇਖਕ ਦਾ" ਬੇਸ਼ੱਕ ਪ੍ਰੋ: ਸਾਹਿਬ ਨੇ ਇਕ ਪੰਜਾਬੀ ਲੇਖਕ ਦੇ ਨਾਤੇ, ਆਪਣੇ ਮੈਨੀਫੈਸਟੋ ਵਜੋਂ ਪੇਸ਼ ਕੀਤਾ ਹੈ ਪਰ ਮੈਨੀਫੈਸਟੋ 'ਚ ਸਮਾਈ ਵਿਚਾਰਧਾਰਾ ਤੇ ਰਾਜਨੀਤੀ ਬਕਾਇਦਾ ਇਕ ਜਮਾਤ ਦੀ ਵਿਚਾਰਧਾਰਾ ਤੇ ਰਾਜਨੀਤੀ ਹੈ, ਇਹ ਕਿਹੜੀ ਜਮਾਤ ਦੀ ਹੈ? ਆਓ! ਇਸ ਸਵਾਲ ਦੇ ਜੁਆਬ ਨੂੰ, ਮੈਨੀਫੈਸਟੋ ਦਾ ਘੋਖਵੀਂ ਦ੍ਰਿਸ਼ਟੀ ਨਾਲ ਵਿਸ਼ਲੇਸ਼ਣ ਕਰਕੇ ਸਮਝੀਏ।

## ਪੰਜਾਬ ਅੰਦਰਲੇ ਸਮਾਜਿਕ ਸੰਬੰਧਾਂ ਤੇ ਇਨ੍ਹਾਂ ਦੇ ਅਧਾਰ ਬਾਰੇ ਧਾਰਨਾ

ਪ੍ਰੋ: ਪ੍ਰੀਤਮ ਸਿੰਘ ਜੀ ਨੇ ਆਪਣੇ ਮੈਨੀਫੈਸਟੋ ਦੀ ਪਹਿਲੀ ਕਿਸ਼ਤ 'ਚ ਲਿਖਿਆ ਹੈ—"ਕਈ ਲੋਕ ਜਾਂ ਤਾਂ ਗੋਤਾਂ ਦੇ ਅਧਾਰ" ਤੇ ਵੰਡੇ ਹੋਏ ਦਿਸਦੇ ਹਨ। ਸ਼ਹਿਰੀ ਤੇ ਪੇਂਡੂ ਵੰਡ ਜਾਂ ਅਮੀਰ ਤੇ ਗਰੀਬ ਦੀ ਵੰਡ ਇਨ੍ਹਾਂ ਤੋਂ ਵੱਖਰੀ ਹੈ। ਪਰ ਇਨ੍ਹਾਂ ਵੰਡੀਆਂ ਤੋਂ ਉੱਪਰ ਦੀ ਇਨ੍ਹਾਂ ਦੀ ਇਕ ਜੋੜਵੀਂ ਸਾਂਝ ਹੈ। ਤੇ ਇਹ ਹੈ, ਇਨ੍ਹਾਂ ਦੀ ਪੰਜਾਬੀਅਤ ਦੀ ਸਾਂਝ।" ਪਹਿਲੀ ਗੱਲ ਤਾਂ ਪ੍ਰੋ: ਸਾਹਿਬ ਵਲੋਂ ਸ਼ਹਿਰੀ ਤੇ ਪੇਂਡੂ ਵੰਡ ਨੂੰ 'ਜਾਂ" ਸ਼ਬਦ ਦੀ ਵਰਤੋਂ ਕਰਕੇ ਅਮੀਰ ਤੇ ਗ਼ਰੀਬ ਦੀ ਵੰਡ ਦੇ ਬਰਾਬਰ ਦੀ ਵਿਖਾਉਣਾ, ਇਨ੍ਹਾਂ ਦੋਵਾਂ ਵੰਡਾਂ ਵਿਚਲੇ ਵਿਸ਼ੇਸ਼ ਅੰਤਰ ਦੀ ਮਹੱਤਤਾ ਨੂੰ ਛੁਟਿਆਉਣਾ ਹੈ। ਕਿਉਂਕਿ, ਅਸਲੀਅਤ 'ਚ ਇਨ੍ਹਾਂ ਦੋਵਾਂ ਵੰਡਾਂ ਦੇ ਅਧਾਰ ਇਕ ਦੂਸਰੇ ਨਾਲੋਂ ਵੱਖੋ-ਵੱਖਰੇ ਹਨ। ਜਿਵੇਂ ਸ਼ਹਿਰੀ ਤੇ ਪੇਂਡੂ ਵੰਡ ਦਾ ਅਧਾਰ, ਪਿੰਡਾਂ ਦੀਆਂ ਪੈਦਾਵਾਰੀ ਸ਼ਕਤੀਆਂ ਦਾ ਸ਼ਹਿਰਾਂ ਦੀਆਂ ਪੈਦਾਵਾਰੀ ਸ਼ਕਤੀਆਂ ਨਾਲੋਂ ਪਛੜਿਆ ਹੋਣਾ ਹੈ ਤੇ ਅਮੀਰ ਤੇ ਗਰੀਬ ਦੀ ਵੰਡ ਦਾ ਅਧਾਰ, ਪੈਦਾਵਾਰੀ ਸ਼ਕਤੀਆਂ ਦੀ ਮਾਲਕੀ ਤੇ ਨਮਾਲਕੀ ਅੰਦਰਲਾ ਵਿਰੋਧ ਹੈ। ਇਨ੍ਹਾਂ ਦੋਵਾਂ ਅਧਾਰਾਂ ਨੂੰ ਅੱਖੋਂ ਉਹਲੇ ਕਰਕੇ, ਸ਼ਹਿਰੀ ਤੇ ਪੇਂਡੂ ਵੰਡ ਨੂੰ ਅਮੀਰ ਤੇ ਗ਼ਰੀਬ ਦੀ ਵੰਡ ਦੇ ਬਰਾਬਰ ਦੀ ਵਿਖਾਉਣ ਵਾਲੀ ਧਾਰਨਾ ਸਾਫ ਵਿਚਾਰਵਾਦੀ ਧਾਰਨਾ ਹੈ। ਪ੍ਰੋ: ਸਾਹਿਬ ਦੀ ਇਹੋ ਧਾਰਨਾ ਹੀ ਨਹੀਂ ਉਹ ਤਾਂ ਅਗਹਾਂ, ਪੰਜਾਬੀਅਤ ਨੂੰ ਪੈਦਾਵਾਰੀ ਸ਼ਕਤੀਆਂ ਦੇ ਮਾਲਕਾਂ (ਅਮੀਰਾਂ) ਤੇ ਨਮਾਲਕਾਂ (ਗਰੀਬਾਂ) ਦੇ ਵਿਰੋਧ ਤੋਂ ਉੱਪਰ ਦੀ ਵਿਖਾਉਂਦੇ ਹੋਏ, ਤੇ ਉਸ ਨੂੰ ਜੋੜਵੀਂ ਸਾਂਝ ਵਲੋਂ ਪੇਸ਼ ਕਰਦੇ ਹੋਏ, ਬੁਨਿਆਦ ਨੂੰ ਪਰ-ਉਸਾਰ ਉੱਤੇ ਖੜਾ ਕਰਨ ਤੇ ਵਿਰੋਧ ਨੂੰ ਪਰਗਟਾਂਉਣ ਵਾਲੇ ਮਧਿਅਮ ਪੰਜਾਬੀ ਬੋਲੀ ਦੇ ਅਧਾਰ 'ਤੇ ਪੰਜਾਬੀਅਤ ਨੂੰ ਜੋੜਵੀਂ ਸਾਂਝ ਬਨਾਂਉਣ ਦੀ ਪੁੱਠੀ ਵਿਚਾਰਧਾਰਾ ਦੇ ਹਾਮੀ ਵੀ ਹਨ। ਉਨ੍ਹਾਂ ਦੀ ਇਹ ਧਾਰਨਾਂ ਵੀ ਸਾਫ ਵਿਚਾਰਵਾਦੀ ਹੈ, ਕਿਉਂਕਿ ਪੈਦਾਵਾਰੀ ਸ਼ਕਤੀਆਂ ਦੇ ਮਾਲਕਾਂ ਤੇ ਨਮਾਲਕਾਂ ਅੰਦਰਲਾ ਬੁਨਿਆਦੀ ਵਿਰੋਧ ਦੋਵਾਂ ਸ੍ਰੇਣੀਆਂ ਨੂੰ ਇੱਕ ਦੂਸਰੀ ਦੇ ਉਲਟ ਖੜੀ ਕਰਦਾ ਹੈ। ਇਨ੍ਹਾਂ ਦੋਵਾਂ ਦੇ ਹਿੱਤ ਰਹਿਣ-ਸਹਿਣ, ਗਮੀਆਂ-ਸ਼ਾਦੀਆਂ, ਦੁੱਖ-ਸੁੱਖ, ਇਛਾਵਾਂ-ਚਾਵਾਂ ਤੇ ਸੌਹਜ-ਸੁਆਦ, ਆਪਸ 'ਚ ਸਾਂਝੇ ਨਹੀਂ ਹੁੰਦੇ ਸਗੋਂ ਟਕਰਾਂਉਂਦੇ ਹਨ। ਇਸ ਟਕਰਾਅ ਨੂੰ ਪਰਗਟਾਂਉਣ ਵਾਲੇ ਮੱਧਿਅਮ ਨੂੰ ਜੋੜਵੀਂ ਸਾਂਝ ਦਾ ਦਰਜਾ ਦੇਣਾ, ਪ੍ਰੋ: ਸਾਹਿਬ ਵਲੋਂ ਕੀਤਾ ਜਾ ਰਿਹਾ, ਅਰਥਾਂ ਦਾ ਅਨਰਥ ਹੈ।

## ਇਜਾਰੇਦਾਰ ਸਰਮਾਏਦਾਰਾਂ ਤੇ ਇਨ੍ਹਾਂ ਦੇ ਏਜੰਟਾਂ ਦੀਆਂ ਆਰਥਿਕ ਤੇ ਰਾਜਨੀਤਕ ਨੀਤੀਆਂ ਬਾਰੇ ਧਾਰਨਾ

ਪ੍ਰੋ: ਪ੍ਰੀਤਮ ਸਿੰਘ ਜੀ ਅਮੀਰਾਂ ਭਾਵ ਇਜਾਰੇਦਾਰ ਸਰਮਾਏਦਾਰਾਂ ਤੇ ਇਨ੍ਹਾਂ ਤੇ ਭਾਰਤ ਅੰਦਰਲੇ ਏਜੰਟਾਂ ਨਾਲ, ਗਰੀਬਾਂ ਭਾਵ ਮਜ਼ਦੂਰਾਂ ਤੇ ਦੂਸਰੇ ਮਿਹਨਤਕਸ਼ਾਂ ਦੀ, ਪੰਜਾਬੀਅਤ ਦੇ ਅਧਾਰ ਤੇ ਸਾਂਝ ਵਿਖਾਉਂਦੇ ਹੋਏ ਸਰਮਾਏ ਤੇ ਕਿਰਤ ਦੀ 'ਸੁਲਾਹ-ਸਫਾਈ' ਹੀ ਨਹੀਂ ਕਰਵਾ ਰਹੇ ਉਹ ਤਾਂ ਸਗੋਂ ਇਜ਼ਾਰੇਦਾਰਾਂ ਤੇ ਏਜੰਟਾਂ ਦੀਆਂ ਆਰਥਿਕ ਤੇ ਰਾਜਨੀਤਕ ਨੀਤੀਆਂ ਨੂੰ ਕਿਰਤੀਆਂ ਦੇ ਹਿੱਤਾਂ ਤੇ ਪਹਿਰਾ ਦਿੰਦੀਆਂ ਵੀ ਵਿਖਾ ਰਹੇ ਹਨ। ਉਨ੍ਹਾਂ ਦੇ ਮੈਨੀਫੈਸਟੋ ਦੀ ਪਹਿਲੀ ਕਿਸ਼ਤ 'ਚੋਂ ਹੀ ਇਹ ਧਾਰਨਾ ਸਮਝੀ ਜਾ ਸਕਦੀ ਹੈ। ਉਹ ਲਿਖਦੇ ਹਨ—"ਆਪਣੇ ਮਿਹਨਤੀ ਲੋਕਾਂ ਨੂੰ ਖੁਸ਼ ਤੇ ਖੁਸ਼ਹਾਲ ਵੇਖ ਕੇ ਮੇਰੇ ਕਲੇਜੇ ਵਿਚ ਠੰਡਕ ਪੈਂਦੀ ਹੈ। ਇਨ੍ਹਾਂ ਨੂੰ ਵਧੇਰੇ ਖੁਸ਼ ਬਨਾਉਣ ਦੀਆਂ ਵਿਉਂਤਾਂ ਘੜਨ ਵਾਲਿਆਂ ਨੂੰ ਮੈਂ ਆਪਣੀ ਛਾਤੀ ਨਾਲ ਲਾਂਉਂਦਾ ਹਾਂ। ਪਰ ਜੇ ਕੋਈ ਇਨ੍ਹਾਂ ਦੀ ਖੁਸ਼ਹਾਲੀ ਤੋਂ ਸੜ ਕੇ ਮੰਦਹਾਲੀ ਲਿਆਂਉਣ ਦੀ ਸਾਜ਼ਿਸ਼ ਕਰਦਾ ਹੈ ਤਾਂ ਉਹ ਮੇਰੇ ਵਿਰੋਧ ਦਾ ਨਿਸ਼ਾਨਾ ਬਣੇ ਵਿਗੈਰ ਨਹੀਂ ਰਹਿ ਸਕਦਾ।" ਪ੍ਰੋ: ਸਾਹਿਬ ਦੇ ਮੈਨੀਫੈਸਟੋ ਦੀ ਇਸ ਦਲੀਲ

ਦੇ ਅਰਥ ਸਾਫ ਇਹ ਨਿਕਲਦੇ ਹਨ ਕਿ ਸਰਮਾਇਆ ਕਿਰਤ ਨੂੰ ਖੁਸ਼ ਤੇ ਖੁਸ਼ਹਾਲ ਬਣਾ ਰਿਹਾ ਹੈ। ਉਹਨਾਂ ਦੀ ਦਲੀਲ ਹਕੀਕਤ ਨਾਲ ਮੇਲ ਨਹੀਂ ਖਾਂਦੀ ਕਿਉਂਕਿ ਸਰਮਾਇਆ ਪੈਦਾ ਹੀ ਕ੍ਰਿਤ ਦੀ ਖੁਸ਼ੀ ਅਤੇ ਖੁਸ਼ਹਾਲੀ ਲੁੱਟ ਕੇ ਹੁੰਦਾ ਹੈ। ਇਸ ਅਧਾਰ ਤੋਂ ਬਿਨਾਂ ਸਰਮਾਏ ਦੇ ਪੈਦਾ ਹੋਣ ਦਾ ਹੋਰ ਕੋਈ ਅਧਾਰ ਹੁੰਦਾ ਹੀ ਨਹੀਂ। ਸਰਮਾਇਆ ਜਿਸ ਅਨੁਪਾਤ ਨਾਲ ਵਧਦਾ ਹੈ, ਉਸੇ ਹੀ ਅਨੁਪਾਤ ਨਾਲ ਕਿਰਤੀਆਂ ਦੇ ਦੁੱਖ ਤੇ ਮੰਦਹਾਲੀ ਵਧਦੀ ਹੈ। ਇਹ ਹਕੀਕਤ ਨੂੰ ਹਰ ਕੋਈ ਅੱਜ ਜਿਉਂਦੇ-ਜਾਗਦੇ ਰੂਪ 'ਚ ਪਰਤੱਖ ਵੇਖ ਸਕਦਾ ਹੈ। ਇਹ ਹਕੀਕਤ ਜੇ ਪ੍ਰੋ: ਸਾਹਿਬ ਨੂੰ ਨਹੀਂ ਦਿਸੀ ਤਾਂ ਇਸ 'ਚ ਹਕੀਕਤ ਦਾ ਕਸੂਰ ਨਹੀਂ, ਪ੍ਰੋ: ਸਾਹਿਬ ਦੇ ਨਜ਼ਰੀਏ ਦਾ ਕਸੂਰ ਹੈ, ਜਿਸ ਮੁਤਾਬਕ ਉਨ੍ਹਾਂ ਨੂੰ ਬੇਰੁਜ਼ਗਾਰੀ, ਮਹਿੰਗਾਈ; ਭੁੱਖ-ਨੰਗ-ਕੰਗਾਲੀ ਜਿਹੀਆਂ ਹੋਰ ਕਿਨ੍ਹੀਆਂ ਹੀ ਸਮਾਜਕ ਅਲਾਮਤਾਂ ਦਾ ਸ਼ਿਕਾਰ ਹੋ ਰਹੇ ਕਿਰਤੀ ਨਹੀਂ ਦਿਸੇ ਜਾਂ ਫੇਰ ਪ੍ਰੋ: ਸਾਹਿਬ ਦੇ ਸ਼ਬਦ ਦੇ ਸ਼ਬਦ-ਕੋਸ਼ 'ਚ ਇਨ੍ਹਾਂ ਸਮਾਜਿਕ ਅਲਾਮਤਾਂ ਦਾ ਅਰਥ 'ਖੁਸ਼ੀ' 'ਖੁਸਹਾਲੀ' ਹੋਵੇਗਾ। ਜਮਾਤੀ—ਜਦੋ ਜਹਿਦਾਂ ਦਾ ਅਰਥ 'ਸਾਜ਼ਿਸ਼' ਹੋਵੇਗਾ। ਗੱਲ ਇਹੋ ਹੀ ਲੱਗਦੀ ਹੈ, ਕਿਉਂਕਿ ਇਸ ਗੱਲ ਦੀ ਪੁਸ਼ਟੀ ਪ੍ਰੋ: ਸਾਹਿਬ ਦੀ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਇਤਿਹਾਸ ਵੀ ਕਰਦਾ ਹੈ।

## ਇਜਾਰੇਦਾਰ ਸਰਮਾਏਦਾਰਾਂ ਤੇ ਇਨ੍ਹਾਂ ਦੇ ਏਜੰਟਾਂ ਦੇ ਪਰਬੰਧਕੀ ਅਦਾਰਿਆਂ ਬਾਰੇ ਧਾਰਨਾ

ਇਜਾਰੇਦਾਰ ਸਰਮਾਏਦਾਰਾਂ ਤੇ ਇਨ੍ਹਾਂ ਦੇ ਏਜੰਟਾਂ ਵਲੋਂ ਕੀਤੀ ਜਾ ਰਹੀ ਲੁੱਟ-ਖਸੁੱਟ ਤੇ ਜ਼ੁਲਮ-ਜਬਰ ਨੂੰ ਕਿਰਤੀਆਂ ਦੀ 'ਖੁਸ਼ੀ' ਤੇ 'ਖੁਸ਼ਹਾਲੀ' ਬਣਾ ਕੇ ਹੀ ਪ੍ਰੋ: ਸਾਹਿਬ ਪੇਸ਼ ਨਹੀਂ ਕਰਦੇ, ਉਹ ਤਾਂ ਉਨ੍ਹਾਂ ਦੇ ਪਰਬੰਧੀ ਅਦਾਰਿਆਂ ਦੇ ਲੋਕ-ਵਿਰੋਧੀ ਕਿਰਦਾਰ ਨੂੰ ਵੀ ਆਪਣੇ,—ਪੰਜਾਬੀ ਬੋਲੀ ਦੇ ਮੋਹ ਹੇਠ ਛੁਪਾਉਣ ਦੀ ਚੁਸਤੀ ਵੀ ਵਰਤਦੇ ਹਨ। ਆਪਣੇ ਮੈਨੀਫੈਸਟੋ ਦੀ ਚੌਥੀ ਕਿਸ਼ਤ 'ਚ ਲਿਖਦੇ ਹਨ—"ਜਦ ਮੈਂ ਸਰਕਾਰੀ ਤੇ ਅਰਧ ਸਰਕਾਰੀ ਦਫਤਰਾਂ ਯੂਨੀਵਰਸਟੀਆਂ, ਬੋਰਡਾਂ, ਫੈਡਰੇਸ਼ਨਾਂ, ਕਾਰਪੋਰੇਸ਼ਨਾਂ, ਪ੍ਰੀਸ਼ਦਾਂ ਸੰਮਤੀਆਂ,ਮਿਉਸਪਲ ਕਮੇਟੀਆਂ ਹਾਈਕੋਰਟਾਂ ਤੇ ਛੋਟੀਆਂ ਕਚਹਿਰੀਆਂ ਅਤੇ ਰੇਡੀਓ ਤੇ ਟੀ. ਵੀ ਤੋਂ ਛੁੱਟ, ਪੰਜਾਬ ਦੀਆਂ ਮੰਡੀਆਂ ਤੇ ਬਜ਼ਾਰਾਂ 'ਚ ਬੈਠੇ ਸਾਰੇ ਹਟਵਾਣੀਏ ਤੇ ਵਿਪਾਰੀਆਂ ਅਤੇ ਸਾਧਾਰਨ ਲੋਕਾਂ ਦੀ ਆਪਸੀ ਲਿਖਾ ਪੜ੍ਹੀ ਪੰਜਾਬੀ 'ਚ ਵੇਖਣ ਲਈ ਕਾਹਲਾ ਹਾਂ ਤਾਂ ਉਦੋਂ ਵੀ ਮੇਰਾ ਨਿਸ਼ਾਨਾ ਆਪਸੀ ਸਾਂਝ ਦਾ ਵਰਤਾਰਾ ਹੀ ਹੁੰਦਾ ਹੈ।' ਪ੍ਰੋ: ਸਾਹਿਬ ਦੇ ਪੰਜਾਬੀ ਬੋਲੀ ਸਬੰਧੀ ਮੋਹ ਤੇ ਕਿਸੇ ਨੂੰ ਕੋਈ ਕਿੰਤੂ ਨਹੀਂ ਪਰ ਇਸ ਮੋਹ ਦੇ ਅਤੇ 'ਆਪਸੀ ਸਾਂਝ' ਦੇ ਨਾਂ ਹੇਠ ਜਿਹੜੀ—'ਮਸਤ-ਫਕੀਰਾਂ' ਵਾਲੀ ਧਾਰਨਾਂ ਉਹ ਇਨ੍ਹਾਂ ਅਦਾਰਿਆ ਦੇ ਕਿਰਦਾਰ ਬਾਰੇ ਧਾਰਦੇ ਹਨ ਉਸ ਧਾਰਨਾਂ 'ਤੇ ਜ਼ਰੂਰ ਕਿੰਤੂ ਹੈ। ਉਨ੍ਹਾਂ ਦੀ ਇਸ ਧਾਰਨਾ ਮੁਤਾਬਕ, ਜੇ ਸਰਕਾਰੀ ਤੇ ਅਰਧ ਸਰਕਾਰੀ ਦਫਤਰ, ਇਜਾਰੇਦਾਰ ਸਰਮਾਏਦਾਰੀ ਤੇ ਉਸ ਦੇ ਏਜੰਟਾਂ ਦੀਆਂ ਆਰਥਿਕ, ਰਾਜਨੀਤਕ ਤੇ ਸੱਭਿਆਚਕ ਨੀਤੀਆਂ ਨੂੰ ਅਮਲ 'ਚ ਲਿਆ ਰਹੇ ਹਨ ਤਾਂ ਲਿਆਉਂਦੇ ਰਹਿਣ, ਯੂਨੀਵਰਸਟੀਆਂ-ਬੋਰਡ ਜੇ ਬੇਰੁਜ਼ਗਾਰੀ ਫੈਲਾਉਣ ਵਾਲੀ ਵਿਦਿਆ ਪ੍ਰਣਾਲੀ ਦਾ ਪਾਲਣ-ਪੋਸਣ ਕਰਦੇ ਹਨ ਤਾਂ ਕਰਦੇ ਰਹਿਣ, ਫੈਡਰੇਸ਼ਨਾਂ, ਕਾਰਪੋਰੇਸ਼ਨਾਂ ਜੇ ਲੁੱਟ ਦੇ ਅੱਡੇ ਬਣੀਆਂ ਹਨ ਤਾਂ ਬਣੀਆਂ ਰਹਿਣ, ਪ੍ਰੀਸ਼ਦਾਂ, ਸੰਮਤੀਆਂ, ਮਿਉਂਸਪਲ ਕਮੇਟੀਆਂ ਜੇ ਕਿਰਤੀਆਂ ਦੀਆਂ ਅੱਖਾਂ 'ਚ ਘੱਟਾ ਪਾਉਂਦੀਆਂ ਹਨ ਤਾਂ ਪਾਉਂਦੀਆਂ ਰਹਿਣ। ਅਦਾਲਤਾਂ ਜੇ ਸੱਚ ਨੂੰ ਫਾਹੇ ਲਾਉਂਦੀਆਂ ਹਨ ਤਾਂ ਲਾਉਂਦੀਆਂ ਰਹਿਣ, ਬਜ਼ਾਰ ਮੰਡੀਆਂ 'ਚ ਕਿਰਤ ਜੇ ਸਰਮਾਏ ਹੱਥੋਂ ਲੁੱਟੀ ਜਾ ਰਹੀ ਹੈ ਤਾਂ ਲੁੱਟੀ ਜਾਂਦੀ ਰਹੇ।...'ਇਹ ਮਸਤ-ਫਕੀਰਾਂ ਵਾਲੀ, ਪ੍ਰੋ: ਸਾਹਿਬ ਦੀ ਧਾਰਨਾ, ਸਿੱਧੀ ਇਜਾਰੇਦਾਰ ਸਰਮਾਏਦਾਰਾਂ ਤੇ ਇਨ੍ਹਾਂ ਦੇ ਏਜੰਟਾਂ ਦੇ ਹਿਤਾਂ 'ਚ ਜਾਂਦੀ ਹੈ।

## ਪੰਜਾਬ ਅੰਦਰਲੇ ਉਦਯੋਗ ਦੇ ਪਛੜੇਪਣ ਬਾਰੇ ਧਾਰਨਾ —

ਪੰਜਾਬ ਅੰਦਰਲੇ ਉਦਯੋਗ ਦੇ ਪਛੜੇਪਣ ਬਾਰੇ, ਇਜਾਰੇਦਾਰ ਸਰਮਾਏਦਾਰੀ ਤੇ ਇਨ੍ਹਾਂ ਦੇ ਏਜੰਟਾਂ ਦੀ ਵਿਚਾਰਧਾਰਾ ਤੇ ਰਾਜਨੀਤੀ ਦੇ ਅਧਾਰ ਉਤੇ ਖੜੇ, ਪ੍ਰੋ: ਪ੍ਰੀਤਮ ਸਿੰਘ ਜੀ ਦੀ, ਕਿਹੋ-ਜਿਹੀ ਧਾਰਨਾ ਹੋ ਸਕਦੀ ਇਸ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਫੇਰ ਵੀ ਉਨ੍ਹਾਂ ਦੇ ਮੈਨੀਫੈਸਟੋ ਦੀ ਚੌਥੀ ਕਿਸ਼ਤ 'ਚੋਂ ਇਹ ਲਾਇਨਾਂ ਹਾਜ਼ਰ ਹਨ—"ਪੰਜਾਬ ਨੂੰ ਗਿਲਾ ਹੈ ਕਿ ਰੱਜੇ ਹੋਏ ਰਾਜਾਂ ਨੂੰ ਹੋਰ ਰਜਾਉਣ ਲਈ, ਉਸ ਨੂੰ ਵੱਡੇ ਉਦਯੋਗਾਂ ਤੋਂ ਵਾਂਝਿਆ ਰੱਖਿਆ ਜਾ ਰਿਹਾ ਹੈ। ਤੇ ਉਨਤ ਸੂਬਿਆਂ ਦੀ ਵਧੇਰੇ ਉਨ੍ਹਤੀ ਲਈ ਉਸ ਦੇ ਬੱਚਤੀ ਖਾਤੇ ਦਾ ਦੋਤਿਹਾਈ ਹਿੱਸਾ ਬੈਂਕਾਂ ਰਾਹੀਂ ਪੰਜਾਬ ਤੋਂ ਬਾਹਰ ਭੇਜ ਦਿਤਾ ਜਾਂਦਾ ਹੈ। ਹਾਲ੍ਹਾਂ ਕਿ ਪੰਜਾਬ ਦੀ ਆਪਣੀ ਉਨ੍ਹਤੀ ਵੀ ਪੱਕੇ ਪੈਰੀਂ ਨਹੀਂ ਖੜੀ।" ਇਹ ਲਾਈਨਾਂ ਸਾਫ ਕਰ ਰਹੀਆਂ ਹਨ ਕਿ ਪੰਜਾਬ ਅੰਦਰਲੇ ਉਦਯੋਗ ਦੇ ਪਛੜੇਪਣ ਦਾ ਕਾਰਨ, 'ਦੂਸਰੇ ਰਾਜ ਹਨ।' 'ਦੂਸਰੇ ਰਾਜ ਹੀ ਪੰਜਾਬ ਦੀ ਆਮਦਨ ਦਾ ਦੋਤਿਹਾਈ ਹਿੱਸਾ, ਬੈਂਕਾਂ ਰਾਹੀਂ ਲੁੱਟਦੇ, ਪੰਜਾਬ ਨੂੰ ਉਨ੍ਹਤ ਨਹੀਂ ਹੋਣ ਦਿੰਦੇ। ਕੀ ਮੈਨੀਫੈਸਟੋ ਦੀ ਇਹ ਦਲੀਲ ਬਾਹਰਮੁਖੀ ਹਕੀਕਤ ਨਾਲ ਮੇਲ ਖਾਂਦੀ ਹੈ ?

ਬਿਲਕੁਲ ਮੇਲ ਨਹੀਂ ਖਾਂਦੀ, ਕਿਉਂਕਿ ਪੰਜਾਬ ਦੀ ਜਾਂ ਕਿਸੇ ਹੋਰ ਸੂਬੇ ਦੀ ਉਨਤੀ ਮੁਖ ਰੂਪ 'ਚ, ਵੱਖ ਵੱਖ ਸਾਧਨਾਂ ਰਾਹੀਂ ਅੱਜ ਸੰਸਾਰ, ਸੰਸਾਰ ਇਜਾਰੇਦਾਰੀ ਸਰਮਾਏਦਾਰੀ ਉਤੇ ਨਿਰਭਰ ਹੈ ਅਤੇ ਇਸ ਦਾ ਪਛੜੇ ਦੇਸ਼ਾਂ ਜਾਂ ਸੂਬਿਆਂ ਦੀ ਸਨਅਤ ਨੂੰ ਆਤਮ-ਨਿਰਭਰ ਕਰਨ ਦੀ ਥਾਂ ਆਪਣੀਆਂ ਸਨਅਤਾਂ ਦੇ ਮਾਲ, ਮਸ਼ੀਨਰੀ ਅਤੇ ਸਰਮਾਏ ਆਦਿ ਉਤੇ ਨਿਰਭਰ ਰੱਖੀ ਰੱਖਣਾ ਹਿਤ ਹੈ। ਉਸ ਦੀ ਇਸ ਇੱਛਾ ਦੇ ਬਾਵਜੂਦ ਵੀ ਪਛੜੇ ਦੇਸ਼ਾਂ ਜਾਂ ਸੂਬਿਆਂ 'ਚ, ਸੰਸਾਰ ਦੇ ਆਵਾਜਾਈ, ਢੋ-ਢੁਆਈ ਤੇ ਸੰਚਾਰ ਆਦਿ ਦੇ ਸਾਧਨਾਂ ਰਾਹੀਂ ਸਰਮਾਏਦਾਰੀ ਕੁਝ ਨਾ ਕੁਝ ਹੱਦ ਤੀਕ ਵਿਕਸਤ ਹੁੰਦੀ ਹੈ, ਪਰ ਇਸ ਸਰਮਾਏਦਾਰੀ ਨੂੰ ਆਤਮ-ਨਿਰਭਰ ਜਾਂ ਅਜ਼ਾਦ ਸਮਝਣਾ ਪੈਰ ਨੂੰ ਵੱਡ ਕੇ ਜੁੱਤੀ ਦੇ ਮੇਚ ਕਰਨ ਦੇ ਤੁਲ ਹੈ।

**ਅਮਨ ਅਤੇ ਜੰਗ ਬਾਰੇ ਧਾਰਨਾ :-**

ਅਸੀਂ, ਮਹਤਵਪੂਰਨ ਨੁਕਤਿਆਂ ਬਾਰੇ ਮੈਨੀਫੈਸਟੋ ਦੀਆਂ ਧਾਰਨਾਵਾਂ ਦਾ ਵਿਸ਼ਲੇਸ਼ਣ ਕਰਦੇ ਵੇਖ ਚੁਕੇ ਹਾਂ ਕਿ ਪ੍ਰੋ: ਪ੍ਰੀਤਮ ਸਿੰਘ ਜੀ ਦਾ ਇਨ੍ਹਾਂ ਨੁਕਤਿਆਂ ਬਾਰੇ ਧਾਰਨਾ ਸਾਫ ਬੁਰਜੂਆ ਹੈ ਤੇ ਬੁਰਜੂਆ ਵਿਚਾਰਧਾਰਾ ਤੇ ਰ ਜਨੀਤੀ ਦਾ ਝੰਡਾ ਬੁਲੰਦ ਕਰਨ ਵਾਲੇ ਪ੍ਰੋ: ਸਾਹਿਬ ਸਾਹਿਬ ਕੋਲੋਂ ਅਮਨ ਅਤੇ ਜੰਗ ਦੇ ਸਬੰਧ 'ਚ ਕਿਰਤੀ-ਕਾਮਿਆਂ ਦੀ ਵਿਚਾਰਧਾਰਕ ਤੇ ਰਾਜਨੀਤਕ ਧਾਰਨਾਂ ਦੀ ਆਸ ਰੱਖਣੀ, ਝੋਟਿਆਂ ਵਾਲੇ ਘਰੋਂ ਲੱਸੀ ਭਾਲਣ ਤੋਂ ਘੱਟ ਨਹੀਂ। ਇਸ ਸੱਚਾਈ ਨੂੰ ਪ੍ਰੋ: ਸਾਹਿਬ ਆਪਣੇ ਮੈਨੀਫੈਸਟੋ ਦੀ ਪੰਜਵੀਂ ਕਿਸ਼ਤ 'ਚ ਆਪ ਵੀ ਕਬੂਲ ਕੀਤਾ ਹੈ। ਉਹ ਭਾਰਤ ਅੰਦਰਲੀ ਸੰਸਾਰ ਇਜਾਰੇਦਾਰਾਂ ਸਰਮਾਏਦਾਰਾਂ ਤੇ ਇਨ੍ਹਾਂ ਦੇ ਏਜੰਟ ਪੂੰਜੀਪਤੀਆਂ, ਭੋਂ-ਪਤੀਆਂ ਦੀ ਹਕੂਮਤ ਨੂੰ ਵਿਸ਼ਵਾਸ ਦਿਵਾਉਂਦੇ ਹੋਏ ਲਿਖਦੇ ਹਨ—"ਮੈਂ ਵਿਸ਼ਵਾਸ਼ ਦਿਵਾਉਣਾ ਚਾਹੁੰਦਾ ਹਾਂ ਕਿ ਕਦੀ ਭਾਰਤ ਦੀ ਅਜ਼ਾਦੀ ਨੂੰ ਕਿਸੇ ਬੰਨਿਓਂ ਕੋਈ ਖਤਰਾ ਹੋਇਆ ਤਾਂ ਮੈਨੂੰ ਅੱਗੇ ਵਾਂਗ ਫੇਰ ਨਿਸ਼ਚੇ ਨਾਲ ਜਿੱਤ ਕਰਨ ਲਈ ਰਣ ਵਿਚ ਜੂਝਦਾ ਵੇਖੋਗੇ।" ਇਹ ਲਾਈਨਾਂ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿਣ ਦਿੰਦੀਆਂ ਕਿ ਪ੍ਰੋ: ਸਾਹਿਬ ਦੇ ਮੈਨੀਫੈਸਟੋ ਮੁਤਾਬਕ; ਭਾਰਤ ਅੰਦਰ ਅੱਜ 'ਅਮਨ-ਇਮਾਨ' ਹੈ। ਉਨ੍ਹਾਂ ਦੇ ਸ਼ਬਦ-ਕੋਸ਼ ਮੁਤਾਬਕ ਤਾਂ ਭਾਰਤ ਦੇ 'ਅਮਨ-ਇਮਾਨ' ਨੂੰ ਸਿਰਫ ਉਦੋਂ ਹੀ ਖਤਰਾ ਹੋਵੇਗਾ ਜਦੋਂ ਸੰਸਾਰ ਇਜਾਰੇ-ਦਾਰ ਸਰਮਾਏਦਾਰੀ ਦੀ ਏਜੰਟ ਭਾਰਤ ਦੀ ਪੂੰਜੀਪਤੀ ਤੇ ਭੋਂ-ਪਤੀ ਜਮਾਤ ਦੇ ਹਿਤਾਂ ਨੂੰ ਖਤਰਾ ਹੋਇਆ। ਭਾਰਤ ਦੇ ਕਿਰਤੀ ਕਾਮੇ ਬੇਸ਼ਕ ਜ਼ੁਲਮ ਜਬਰ ਦੀ ਚੱਕੀ 'ਚ ਪਿਸਦੇ ਰਹਿਣ, ਇਨ੍ਹਾਂ ਨਾਲ ਉਸ ਨੂੰ ਕੋਈ ਸਰੋਕਾਰ ਨਹੀਂ। ਵਿਦੇਸ਼ੀ-ਦੇਸੀ ਲੁਟੇਰਿਆਂ ਦੇ ਹਿਤਾਂ ਨੂੰ ਖਤਰਾ ਖੜਾ ਹੋਣ ਤੇ, ਪ੍ਰੋ: ਸਾਹਿਬ "ਭਰਾ-ਮਰਵਾਊ ਲੜਾਈ" ਦੇ ਰਣ ਨੂੰ ਤਪਾਉਣ ਤੀਕ ਚਲੇ ਜਾਂਦੇ ਹਨ। ਅਮਨ ਤੇ ਜੰਗ ਦੀ ਇਸ ਧਾਰਨਾ ਨਾਲੋਂ ਪ੍ਰੋ: ਸਾਹਿਬ ਦੀ ਸੰਸਾਰ ਅਮਨ ਤੇ ਜੰਗ ਬਾਰੇ ਵੀ ਕੋਈ ਵੱਖਰੀ ਧਾਰਨਾ ਨਹੀਂ। ਸੰਸਾਰ ਦੇ ਮਜ਼ਦੂਰਾਂ ਤੇ ਦੂਸਰੇ ਮਿਹਨਤਕਸ਼ਾਂ ਦੀ ਹੋ ਰਹੀ ਲੁਟ-ਚੋਂਘ ਤੇ ਇਨ੍ਹਾਂ ਉਤੇ ਢਾਹੇ ਜਾ ਰਹੇ ਜ਼ੁਲਮ-ਜਬਰ ਦੇ ਅਰਥ ਪ੍ਰੋ: ਸਾਹਿਬ ਦੇ ਸ਼ਬਦ-ਕੋਸ਼ 'ਚ 'ਅਮਨ' ਹੈ ਤੇ ਸੰਸਾਰ ਇਜਾਰੇਦਾਰ ਸਰਮਾਏਦਾਰ ਦੇ ਮਹਾਂ-ਜੁੱਟਾਂ ਦੀ ਇਕ ਦੂਸਰੇ ਦੀਆਂ ਬਸਤੀਆਂ ਖੋਹਣ ਲਈ ਛਿੜੀ ਲੜਾਈ ਨੂੰ ਉਹ 'ਸੰਸਾਰ ਅਮਨ ਦਾ ਭੰਗ' ਹੋਣਾ ਸਮਝਦੇ ਹਨ।

ਅਸੀਂ ਪੋ: ਸਾਹਿਬ ਦੇ ਸਮੁੱਚੇ ਮੈਨੀਫੈਸਟੋ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਸਹਿਜੇ ਹੀ ਇਹ ਸਿੱਟਾ ਕਢਦੇ ਹਾਂ ਕਿ ਮੈਨੀਫੈਸਟੋ ਦੀ ਵਿਚਾਰਧਾਰਾ ਤੇ ਰਾਜਨੀਤੀ, ਪੰਜਾਬ, ਭਾਰਤ ਜਾਂ ਸੰਸਾਰ ਦੀ ਮਜ਼ਦੂਰ ਜਮਾਤ ਤੇ ਦੂਸਰੇ ਮਿਹਨਤਕਸ਼ਾਂ ਦੇ ਹਿਤਾਂ 'ਤੇ ਪਹਿਰਾ ਦੇਣ ਵਾਲੀ ਨਹੀਂ, ਸਗੋਂ ਸੰਸਾਰ ਇਜਾਰੇਦਾਰ ਸਰਮਾਏ-ਦਾਰੀ ਤੇ ਇਨ੍ਹਾਂ ਦੀ ਏਜੰਟ ਭਾਰਤ ਦੀ ਪੂੰਜੀਪਤੀ ਤੇ ਭੋਂ-ਪਤੀ ਜਮਾਤ 'ਤੇ ਪਹਿਰਾ ਦੇਣ ਦਾ ਸੰਦ ਹੈ। ਪ੍ਰੋ: ਸਾਹਿਬ ਦੀ ਇਸ ਕੋਸ਼ਸ਼ ਨੂੰ ਪਛਾਣਨਾ ਤੇ ਪਛਾੜਨਾ, ਸਮੁੱਚੇ ਲੋਕ-ਪੱਖੀ ਲੇਖਕਾਂ ਦਾ ਪਵਿੱਤਰ ਕਾਰਜ ਬਣਦਾ ਹੈ।

---


**ਸਮਤਾ**

ਫਾਰਮ IV

(ਦੇਖੋ ਰੂਲ 8)

| | |
|---|---|
| ਪ੍ਰਕਾਸ਼ਨ ਦੀ ਥਾਂ : | ਅੰਮ੍ਰਿਤਸਰ |
| ਪ੍ਰਕਾਸ਼ਨ ਦਾ ਸਮਾਂ : | ਮਾਸਿਕ |
| ਛਾਪਕ, ਪ੍ਰਕਾਸ਼ਕ ਤੇ ਸੰਪਾਦਕ ਦਾ ਨਾਂ : | ਕੈਲਾਸ਼ ਕੌਰ |
| ਨਾਗਰਿਕਤਾ : | ਭਾਰਤੀ |
| ਪਤਾ : | ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ ਅੰਮ੍ਰਿਤਸਰ। |
| ਸਮੁੱਚਾ ਮਾਲਕ : | ਕੈਲਾਸ਼ ਕੌਰ। |

ਮੈਂ, ਕੈਲਾਸ਼ ਕੌਰ ਐਲਾਨ ਕਰਦੀ ਹਾਂ ਕਿ ਉਪ੍ਰੋਕਤ ਬਿਆਨ ਮੇਰੀ ਜਾਣਕਾਰੀ ਮੁਤਾਬਿਕ ਸਹੀ ਹੈ।

ਸਹੀ/-ਕੈਲਾਸ਼ ਕੌਰ

(ਪ੍ਰਕਾਸ਼ਕ ਦੇ ਦਸਤਖ਼ਤ)

ਇਕ ਕਹਾਣੀ

# "ਡਾਕਟਰ ਨਾਲ ਇਕ ਸਵੇਰ"

o ਐਲਬਰਟ ਹਾਪਰ

—ਐਲਬਰਟ ਹਾਪਰ ਦੀ ਕਹਾਣੀ ਅਨੁਵਾਦ ਕਰਕੇ ਭੇਜ ਰਿਹਾ ਹਾਂ। ਲੋਕਾਂ ਨੂੰ ਦਬਾਈ ਰੱਖਣ ਵਾਸਤੇ ਸਰਮਾਏਦਾਰੀ ਕਿਹੋ ਜਿਹੇ ਕੋਝੇ ਯਤਨ ਕਰ ਸਕਦੀ ਹੈ ਇਸ ਵਿਚੋਂ ਜ਼ਾਹਰ ਹੋ ਜਾਂਦਾ ਹੈ। 1978 ਵਿਚ ਡਾਕਟਰਾਂ ਦੀ ਇਕ ਟੀਮ ਨੇ ਦਿੱਲੀ ਵਿਚ ਸਰਵੇ ਕੀਤਾ ਸੀ ਕਿ ਦਿੱਲੀ ਦੇ ਪਾਣੀ ਵਿਚ ਜਾਣ ਬੁੱਝ ਕੇ ਇਹੋ ਜਿਹੇ ਜ਼ਰਮ ਪਾਏ ਜਾਂਦੇ ਹਨ ਤਾਂ ਕਿ ਲੋਕਾਂ ਨੂੰ ਪਟੇ ਦੀਆਂ ਬੀਮਾਰੀਆਂ ਵੱਖ ਲੱਗਣ ਤੇ ਉਨ੍ਹਾਂ ਦੀਆਂ ਦਵਾਈਆਂ ਦਾ ਮੁਨਾਫਾ ਦੁੱਗਣਾ ਚੌਗਣਾ ਹੋ ਜਾਵੇ। ਇਸ ਕਹਾਣੀ ਵਿਚ ਅਨਾਜ ਗੁਦਾਮਾਂ ਵਿਚ ਬੰਦ ਹੈ, ਪਰ ਲੋਕ ਭੁੱਖ ਨਾਲ ਬੀਮਾਰੀਆਂ ਹਾਸਲ ਕਰ ਰਹੇ ਹਨ (ਸੰਤੁਲਨ ਭੋਜਨ ਦੀ ਘਾਟ) ਇਹ ਕਹਾਣੀ ਅਮਰੀਕਾ ਵਿਚ ਇਸ ਸੱਦੀ ਦੇ ਵੀਹਵੇਂ ਦਹਾਕੇ ਵਿਚ ਛਪਣ ਵਾਲੇ ਮੈਗਜ਼ੀਨ ਵਿਚ ਛਪ ਚੁੱਕੀ ਹੈ। ਜਿਸ ਵਿਚ ਉਸ ਵੇਲੇ ਦੀ ਹਕੂਮਤ ਨੇ "ਕਲਾ ਤੇ ਸੁਹਜ ਤੋਂ ਕੋਰਾ ਤੇ ਇਕ ਨਿਰਾਸ਼ਾ ਪੂਰਣ, ਦੂਸਰਿਆਂ ਨੂੰ ਹੀਨ ਸਮਝਣ ਵਾਲੀ ਬਦੇਸ਼ੀ ਫਿਲਾਸਫੀ ਦਾ ਸਵਾਮੀ ਭਗਤ ਕਿਹਾ ਸੀ।" ਪਰਚੇ ਦਾ ਨਾਂ ਸੀ New Masses ਇਸ ਵਿਚ ਹੈਮਿੰਗਵੇ, ਰਿਚਰਡ ਰਾਈਟ, ਵਿਲੀਅਮ ਸੋਰਾਇਆਂ, ਮਾਈਕਲ ਗੋਲਡ, ਥਾਮਸ ਵੋਲਫ ਜਿਹੇ ਛਪਦੇ ਸਨ। ਆਸ ਹੈ ਪਸੰਦ ਆਏਗੀ।

—(ਅਨੁਵਾਦਕ) ਸੁਖਦੇਵ ਸਿਧੂ

ਡਾਕਟਰ ਦਾ ਸਰੀਰ ਭਾਰਾ ਹੈ ਤੇ ਚਾਲੀਆਂ ਕੁ ਸਾਲਾਂ ਦਾ ਹੈ। ਉਹ ਪਹਿਲਾਂ ਫੌਜ ਵਿਚ ਸੀ ਤੇ ਲੜਾਈ ਦੌਰਾਨ ਮੋਰਚੇ ਵਿਚ ਉਸਦੇ ਪੈਰ ਨੂੰ ਕੁਝ ਹੋ ਗਿਆ ਸੀ, ਤੇ ਹੁਣ ਜਦੋਂ ਉਹ ਤੁਰਦਾ ਹੈ ਤਾਂ ਇਉਂ ਲੱਗਦਾ ਜਿਵੇਂ ਉਸ ਦੀ ਜੁੱਤੀ ਘੁੱਟਦੀ ਹੋਵੇ। ਮੰਦਵਾੜ ਤੋਂ ਪਹਿਲਾਂ ਉਸਦੀ ਪ੍ਰੈਕਟਿਸ ਮੱਧ-ਵਰਗ ਵਿਚ ਚੰਗੀ ਚਲਦੀ ਸੀ, ਪਰ ਜਦੋਂ ਦਾ ਸ਼ਿਕਾਗੋ ਵਿਚ ਮੰਦਾ ਆਇਆ ਹੈ ਉਹ ਤਕਰੀਬਨ ਵਿਹਲਾ ਹੀ ਹੈ। ਇਸ ਕਰਕੇ ਉਸ ਕੋਲ ਮੈਡੀਕਲ ਪੇਪਰ ਤੇ ਦੂਸਰੇ ਪੇਪਰ ਪੜ੍ਹਨ ਲਈ ਕਾਫੀ ਸਮਾਂ ਹੁੰਦਾ ਹੈ।

ਫਿਰ ਵੀ ਸਵੇਰੇ ਸਵੇਰੇ ਉਹ ਬਹੁਤ ਮਸਰੂਫ ਹੁੰਦਾ ਹੈ। ਉਹ ਸੱਤ ਅੱਠ ਪਬਲਿਕ ਸਕੂਲਾਂ ਦਾ ਦੌਰਾ ਕਰਦਾ ਹੈ ਤੇ ਬੱਚਿਆਂ ਨੂੰ ਟਾਕਸੋਇਡ Toxoid ਵੀ ਦਿੰਦਾ ਹੈ। ਸਿਵਲ ਹੈਲਥ ਅਫਸਰ ਹੈ। ਉਸਨੂੰ ਨੌਆਂ ਮਹਿਨਿਆਂ ਤੋਂ ਤਨਖਾਹ ਨਹੀਂ ਮਿਲੀ ਫਿਰ ਵੀ ਉਹ ਕੰਮ ਕਰੀਂ ਜਾਂਦਾ ਹੈ। ਅਸੀਂ ਬੜੇ ਗੂੜ੍ਹੇ ਮਿੱਤਰ ਹਾਂ ਉਦੋਂ ਤੋਂ ਜਦੋਂ ਉਸਨੇ ਮੇਰੀ ਧੌਣ ਦੇ ਪਿਛਲੇ ਪਾਸੇ ਚੀਰਾ ਦਿੱਤਾ ਸੀ ਪੈਸੇ ਲੈਣੇ ਭੁੱਲ ਗਿਆ ਸੀ ਫਿਰ ਇਹੀ ਘਟਨਾ ਦੋਸਤੀ ਵਿਚ ਬਦਲ ਗਈ ਸੀ। ਹੁਣ ਜਦੋਂ ਮੈਂ ਸ਼ਿਕਾਗੋ ਆਇਆ ਤਾਂ ਉਸਦੇ ਕਾਰੋਬਾਰ ਦਾ ਪਤਾ ਲੈਣ ਗਿਆ।

ਮੈਂ ਸਵੇਰੇ ਸੁਵਖਤੇ ਹੀ ਚਲਾ ਗਿਆ ਸੀ ਕਿਉਂਕਿ ਮੀਂਹ ਦਾ ਰੁਖ ਹੁੰਦਾ ਜਾਂਦਾ ਸੀ। ਉਸ ਦੀ ਤੀਵੀਂ ਨੇ ਸਾਨੂੰ ਨਾਸ਼ਤਾ ਦਿੱਤਾਂ ਤੇ ਅਸੀਂ ਬੈਠ ਗਏ। ਮੈਂ ਦੇਖਿਆ ਉਹ ਪਹਿਲਾਂ ਨਾਲੋਂ ਬਹੁਤ ਬਦਲਿਆ ਹੋਇਆ ਸੀ। ਉਹਦੀਆਂ ਅੱਖਾਂ ਤਾਂ ਨੀਲੀਆਂ ਹੀ ਸਨ, ਪਰ ਉਹਦੇ ਵਾਲ ਉਘੜ ਦੁਗੜੇ ਸਨ ਤੇ ਕੰਨਾਂ ਤੱਕ ਆਉਂਦੇ ਸਨ ਤੇ ਚਿਹਰਾ ਬਹੁਤ ਬਦਲਿਆ ਹੋਇਆ ਸੀ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਉਹ ਬਹੁਤ ਸਸਤੇ ਸਿਗਾਰ ਪੀਂਦਾ ਰਿਹਾ ਸੀ।

ਉਸਨੇ ਟਾਈਮ ਪੀਸ ਵੱਲ ਦੇਖਿਆ ਤੇ ਕਿਹਾ, ਮੈਨੂੰ ਜਾਣਾ ਚਾਹੀਦਾ ਹੈ, ਮੈਨੂੰ ਸਵੇਰੇ ਸਵੇਰੇ ਸਕੂਲਾਂ ਦੇ ਦੌਰੇ ਤੇ ਜਾਣਾ ਪੈਂਦਾ ਹੈ, ਜੇਕਰ ਤੂੰ ਵਿਹਲਾਂ ਏਂ ਤਾਂ ਤੂੰ ਵੀ ਆ ਸਕਦਾ ਏ।"

ਅਸੀਂ ਇਕ ਗਲੀ ਵੱਲ ਉਹਦੇ ਪੁਰਾਣੇ ਘਰ ਨੂੰ ਗਏ। ਰਾਹ ਵਿਚ ਮੈਂ ਦੇਖਿਆ ਕਿ ਉਹਦੇ ਓਵਰਕੋਟ ਦਾ ਕਾਲਰ ਜ਼ਿਆਦਾ ਪਾਉਣ ਕਰਕੇ ਏਨਾ ਚਮਕਦਾ ਸੀ ਜਿਵੇਂ ਕਿਸੇ ਨੇ ਮੁਲੰਮਾ ਕੀਤਾ ਹੋਵੇ।

ਕਾਰ ਦੋ ਤਿੰਨ ਵਾਰ ਬੁੜ੍ਹਕੀ। ਡਾਕਟਰ ਨੇ ਦੱਸਿਆ ਇਥੇ ਸੜਕ ਵਿਚ ਬਹੁਤ ਟੋਏ ਹਨ। ਤੂੰ ਕਿਉਂ ਦੀਵਾਲੀਏ ਸ਼ਹਿਰ ਵਿਚ ਆ ਗਿਆ ਏਂ।" ਫਿਰ ਉਹ ਸਾਰੇ ਲੀਡਰਾਂ ਨੂੰ ਗਾਲਾਂ ਕੱਢਣ ਲੱਗ ਪਿਆ ਜਿਹੜਾ ਵੀ ਇਸ ਸ਼ਹਿਰ ਵਿਚ ਆਇਆ ਸੀ। ਗੁੱਸੇ ਵਿਚ ਬੋਲਦੇ ਨੇ ਉਸ ਨੇ ਦਸਿਆ ਕਿ ਸਾਰੇ ਮਹਿਕਮਿਆਂ ਦੇ ਸਕੈਂਡਲਾਂ ਬਾਰੇ ਸਾਰੇ ਹੀ ਸਮਾਜ ਸੇਵਕ ਜਾਣਦੇ ਹਨ, ਪਰ ਮਜਾਲ ਹੈ ਕੋਈ ਅਖਬਾਰ ਵਿਚ ਬਿਆਨ ਦੇਵੇ। ਜਦੋਂ ਮੈਂ ਦੱਖਣ ਵਿਚ ਇਕ ਉੱਚ ਅਫਸਰ ਦੀ ਹੱਤਿਆ ਬਾਰੇ ਦੱਸਿਆ ਤਾਂ ਡਾਕਟਰ ਹੱਸ ਪਿਆ, "ਉਹ ਦਗੇਬਾਜ਼? "ਤੂੰ ਕਦੇ ਸੁਣਿਆ ਲੋਕਾਂ ਨੂੰ ਜੰਗਲਾਂ ਦੀ ਵੰਡ ਉਸਨੇ ਕਿਵੇਂ ਕੀਤੀ ਸੀ? ਉਸਨੇ ਘੱਟ ਘੱਟ ਦਸ ਲੱਖ ਉਦੋਂ ਬਣਾਇਆ ਸੀ ਤੇ ਆਪਣੇ ਸਾਰੇ ਰਿਸ਼ਤੇਦਾਰ ਡਾਇਰੈਕਟਰ ਬੋਰਡ ਵਿਚ ਰਖਵਾਲੇ ਸਨ ਉਸ ਦਗੇਬਾਜ਼

ਨੇ।" ਤੇ ਉਹ ਫਿਰ ਹੱਸ ਪਿਆ।

ਪਹਿਲੇ ਸਕੂਲ ਵਿਚ ਜਾਣ ਤੱਕ ਵੀ ਉਹ ਹੱਸਦਾ ਰਿਹਾ ਸੀ। ਅਸੀਂ ਇਕ ਪਾਸੇ ਵਾਲੇ ਬੂਹੇ ਥਾਣੀਂ ਲੰਘ ਕੇ ਪ੍ਰਿੰਸੀਪਲ ਦੇ ਦਫ਼ਤਰ ਵੱਲ ਗਏ "ਮੈਨੂੰ ਤੇਰਾ ਨਕਲੀ ਨਾਂ ਰੱਖਣਾ ਪਏਗਾ, ਹੋ ਸਕਦਾ ਹੈ ਤੇਰਾ ਇਸ ਤਰਾਂ ਆਉਣਾ ਗ਼ੈਰ ਕਾਨੂੰਨੀ ਹੋਵੇ। ਜਦੋਂ ਅਸੀਂ ਅੰਦਰ ਗਏ ਤਾਂ ਇਹ ਡਾਕਟਰ ਹਾਲ ਹੈ ਨਿਊਯਾਰਕ ਤੋਂ ਮੇਰਾ ਪੁਰਾਣਾ ਦੋਸਤ।" ਡਾਕਟਰ ਨੇ ਜਾਣ ਪਛਾਣ ਕਰਾਈ।

ਜਿਉਂ ਹੀ ਅਸੀਂ ਦਫਤਰ ਵਿਚ ਪੈਰ ਪਾਇਆ ਤਾਂ ਪ੍ਰਿੰਸੀਪਲ ਦੀ ਸੈਕਟਰੀ ਨੇ ਇਕ ਬਟਨ ਦਬਾਇਆ ਤੇ ਸਾਰੇ ਸਕੂਲ ਵਿਚ ਘੰਟੀ ਵੱਜਣ ਲੱਗ ਪਈ। ਡਾਕਟਰ ਨੇ ਕੰਧ ਨਾਲੋਂ ਇਕ ਚਾਬੀ ਲਾਹੀ ਤੇ ਅਸੀਂ ਇਕ ਹੋਰ ਕਮਰੇ ਵਿਚ ਚਲੇ ਗਏ। ਛੇਤੀ ਹੀ ਮੈਂ ਪੈਰਾਂ ਦੀ ਠੱਪ ਠੱਪ ਦੀ ਆਵਾਜ਼ ਸੁਣੀ। ਉਸ ਪਲ ਨਿਆਣੇ ਕਤਾਰ ਬਣਾਈ ਚੁਪ ਚਾਪ ਅੰਦਰ ਆਏ ਤੇ ਖਾਮੋਸ਼ ਖੜੇ ਗਏ। ਕੋਈ ਸੱਠ ਕੁ ਹੋਣਗੇ ਡਾਕਟਰ ਨੇ ਆਪਣੀ ਟੋਪੀ ਲਾਹੀ ਤੇ ਓਵਰਕੋਟ ਸਣੇ ਹੀ ਡੈਸਕ ਤੇ ਬੈਠ ਗਿਆ। ਜਿਵੇਂ ਜਿਵੇਂ ਬੱਚਿਆਂ ਨੂੰ ਕਿਹਾ ਗਿਆ ਉਨ੍ਹਾਂ ਨੇ ਆਪਣੀਆਂ ਜੀਭਾਂ ਬਾਹਰ ਕੱਢੀਆਂ ਤੇ ਹੱਥ ਦਿਖਾਏ ਤੇ ਡਾਕਟਰ ਦੇ ਨੁਸਖੇ ਦੀ ਉਡੀਕ ਕਰਨ ਲਗੇ ਇਹ ਬੱਚੇ ਬੀਮਾਰੀ ਕਾਰਨ ਸਕੂਲੋਂ ਗੈਰਹਾਜ਼ਰ ਰਹੇ ਸਨ ਤੇ ਇਨਾਂ ਨੂੰ ਡਾਕਟਰ ਦੀ ਤਸਦੀਕ ਦੀ ਜ਼ਰੂਰਤ ਸੀ।

ਡਾਕਟਰ ਨੇ ਉਨ੍ਹਾਂ ਦੇ ਸੰਘ, ਹੱਥ, ਕੰਨ ਤੇ ਧੌਣਾਂ ਦੇਖੀਆਂ। ਬਹੁਤੇ ਬੱਚੇ ਕਮਜ਼ੋਰ ਤੇ ਪੀਲੇ-ਭੂਕ ਸਨ। ਉਹ ਖਾਮੋਸ਼ ਆਪਣੇ ਹੱਥਾਂ ਵਿਚ ਹੱਥ ਲਈ ਖੜੇ ਸਨ। ਡਾਕਟਰ ਵੀ ਬੱਚਿਆਂ ਨੂੰ ਪਿਆਰ ਕਰਦਾ ਸੀ ਤੇ ਬੱਚੇ ਵੀ ਡਾਕਟਰ ਨੂੰ ਪਸੰਦ ਕਰਦੇ ਸਨ, ਪਰ ਜਦ ਉਹ ਡਾਕਟਰ ਕੋਲ ਆਉਂਦੇ ਤਾਂ ਡਰ ਜਾਂਦੇ। ਕੁਝ ਬੱਚੇ ਇਸ ਤਰ੍ਹਾਂ ਲੰਘਾ ਕੇ ਉਸਨੇ ਇਕ ਨੂੰ ਰੋਕ ਲਿਆ, "ਕਿੰਨੇ ਦਿਨ ਹੋਏ ਖ ਣਾ ਖਾਧੇ ਨੂੰ?" ਡਾਕਟਰ ਨੇ ਪੁਛਿਆ। ਬੱਚਾ ਬੋਲ ਨਾ ਸਕਿਆ, ਅਖੀਰ ਉਹ ਮੂੰਹ ਵਿਚ ਹੀ ਬੁੜਾਇਆ। ਉਸਦਾ ਸਿਰ ਬਹੁਤ ਵੱਡਾ ਸੀ ਤੇ ਧੌਣ ਪਤਲੀ ਜਿਹੀ ਇਉਂ ਲੱਗਦਾ ਸੀ ਜਿਵੇਂ ਕਿਸੇ ਪਤਲੀ ਜਿਹੀ ਡੰਡੀ ਤੇ ਵੱਡਾ ਸਾਰਾ ਫੁੱਲ ਹੋਵੇ। ਉਹ ਬਹੁਤ ਥੱਕਿਆ ਹੋਇਆ ਲੱਗਦਾ ਸੀ। ਡਾਕਟਰ ਨੇ ਪੇਪਰ ਤੇ ਕੁਝ ਝਰੀਟਿਆ ਤੇ ਬੱਚੇ ਨੂੰ ਦੇ ਦਿੱਤਾ ਤੇ ਕਿਹਾ, "ਆਪਣੀ ਮਾਂ ਨੂੰ ਕਹੀਂ ਇਸ ਪਤੇ ਤੇ ਜਾ ਕੇ ਮਦਦ ਦੀਆਂ ਟਿਕਟਾਂ ਲੈ ਆਵੇ। ਤੂੰ ਘਰ ਜਾਹ ਤੇ ਤਿੰਨ ਦਿਨ ਘਰੇ ਰਹੀਂ, ਸਮਝਿਆ?" ਬੱਚਾ ਪੇਪਰ ਫੜ ਕੇ ਤੁਰ ਪਿਆ ਤੇ ਦਰਵ ਜ਼ੇ ਕੋਲ ਜਾ ਕੇ ਡੁਸਕਣ ਲੱਗ ਪਿਆ। ਦੂਜੇ ਪਹਿਲਾਂ ਵਾਂਗ ਹੀ ਖਾਮੋਸ਼ ਰਹੇ। ਜਦੋਂ ਉਹ ਆਪਣੀਆਂ ਜੀਭਾਂ ਬਾਹਰ ਕੱਢਦੇ ਤਾਂ ਉਨ੍ਹਾਂ ਚੋਂ ਬਹੁਤਿਆਂ ਦੀਆਂ ਜੀਭਾਂ ਦਾਗਾਂ ਨਾਲ ਭਰੀਆਂ ਹੋਈਆਂ ਸਨ। ਬਹੁਤ ਸਾਰਿਆਂ ਦੇ ਕੰਨਾਂ ਦੇ ਪਿਛਲੇ ਪਾਸੇ ਖਸਰੇ ਦੇ ਦਾਣੇ ਸਨ। ਡਾਕਟਰ ਕਾਹਲੀ ਕਾਹਲੀ ਪੇਪਰ ਤੇ ਲਿਖੀ ਜਾਂਦਾ ਸੀ।

ਜਦੋਂ ਅਖੀਰਲਾ ਬੱਚਾ ਅੰਦਰੋਂ ਚਲਾ ਗਿਆ ਤਾਂ ਡਾਕਟਰ ਨੇ ਦਰਵਾਜ਼ਾ ਬੰਦ ਕਰ ਦਿੱਤਾ ਤੇ ਕੰਧ ਨਾਲ ਚਾਬੀ ਵਾਪਸ ਟੰਗ ਦਿੱਤੀ ਤੇ ਅਸੀਂ ਬਾਹਰ ਆ ਗਏ। ਪ੍ਰਿੰਸੀਪਲ ਨੇ ਮੈਨੂੰ ਪੁਛਿਆ ਕਿ ਨਿਊਯਾਰਕ ਵਿਚ ਸਕੂਲਾਂ ਦੇ ਮਾਸਟਰਾਂ ਤੇ ਡਾਕਟਰਾਂ ਦੀ ਕੀ ਹਾਲਤ ਹੈ। ਉਸਨੇ ਮੈਨੂੰ ਦਸਿਆ ਕਿ ਸ਼ਿਕਾਗੋ ਦੇ ਮਾਸਟਰ ਤਨਖਾਹਾਂ ਵਿਚ ਬਹੁਤ ਪਿੱਛੇ ਹਨ। ਉਹ ਬਹੁਤ ਥੱਕਿਆ ਹੋਇਆ ਤੇ ਬੇ-ਬਸ ਲਗਦਾ ਸੀ।

ਅਗਲੇ ਸਕੂਲ ਵਿਚ ਵੀ ਡਾਕਟਰ ਨੇ ਮੈਨੂੰ ਨਿਊਯਾਰਕ ਦਾ ਡਾਕਟਰ ਹਾਲ ਹੀ ਦੱਸਿਆ ਤੀਜੇ ਚੌਥੇ ਸਕੂਲ ਤੋਂ ਬਾਅਦ ਤਾਂ ਨੇਮ ਹੀ ਬਣ ਗਿਆ। ਸਭ ਸਕੂਲਾਂ ਵਿਚ ਸਭ ਕੁਝ ਇਕੋ ਜਿਹਾ ਹੀ ਸੀ। ਅਸੀਂ ਅੰਦਰ ਜਾਂਦੇ, ਡਾਕਟਰ ਚਾਬੀ ਲੈਂਦਾ, ਪ੍ਰਿੰਸੀਪਲ ਦੀ ਸੈਕਟਰੀ ਘੰਟੀ ਵਜਾਉਂਦੀ। ਬੱਚੇ ਹੱਥਾਂ ਵਿਚ ਹੱਥ ਫੜੀ ਖਾਮੋਸ਼ ਆ ਖੜੇ ਹੁੰਦੇ। ਜਿੰਨਾ ਜ਼ਿਆਦਾ ਮੈਂ ਉਨ੍ਹਾਂ ਵਲ ਧਿਆਨ ਨਾਲ ਦੇਖਦਾ ਮੈਨੂੰ ਅਹਿਸਾਸ ਹੁੰਦਾ ਜਿਵੇਂ ਮੈਂ ਬੁੱਢਿਆਂ ਦੀ ਟੋਲੀ ਦੇਖ ਰਿਹਾ ਹੋਵਾਂ। ਸਾਢੇ ਦਸ ਵਜੇ ਅਸੀਂ ਸਕੂਲਾਂ ਤੋਂ ਵਿਹਲੇ ਹੋਏ ਤਾਂ ਡਾਕਟਰ ਨੇ ਤਿੰਨਾ ਸਫਿਆਂ ਦੀ ਲੰਬੀ ਰਿਪੋਰਟ ਬਣਾਈ।

ਫਿਰ ਅਸੀਂ ਘਰੋ ਘਰੀਂ ਟਾਕਸਾਇਡ ਦੇਣ ਚਲੇ ਗਏ। ਇਸ ਸਮੇਂ ਦੌਰਾਨ ਡਾਕਟਰ ਨੇ ਜ਼ਿਆਦਾ ਗੱਲ ਬਾਤ ਨਹੀਂ ਕੀਤੀ। ਅਸੀਂ ਇਕ ਦੂਜੇ ਨੂੰ ਚਾਰ ਸਾਲ ਬਾਅਦ ਮਿਲੇ ਸੀ ਪਰ ਡਾਕਟਰ ਕੁਝ ਨਹੀਂ ਸੀ ਪੁਛ ਰਿਹਾ ਮਸਲਨ ਪੂਰਬੀ ਪਾਸੇ ਕੀ ਵਾਪਰਿਆ ਹੈ। ਉਹ ਇਸ ਪਾਸੇ ਕੋਈ ਰੁਚੀ ਨਹੀਂ ਸੀ ਲੈ ਰਿਹਾ। ਫਿਰ ਅਸੀਂ ਕਾਰ ਵਿਚ ਬੈਠ ਗਏ ਤੇ ਉਸਦੇ ਦੋਵਾਂ ਹੱਥਾਂ ਨੇ ਸਟੇਰਿੰਗ ਫੜ ਲਿਆ ਉਹ ਨਕਲੀ ਵਾਰਤਾਲਾਪ ਨਹੀਂ ਸੀ ਕਰਨੀ ਚਾਹੁੰਦਾ ਮੈਨੂੰ ਉਸ ਦੀ ਇਹ ਗੱਲ ਬਹੁਤ ਪਸੰਦ ਸੀ।

ਦੂਜੀ ਥਾਂ ਟਾਕਸਾਇਡ* ਦੇਣ ਜਾਣ ਤੋਂ ਪਹਿਲਾਂ ਉਸਨੇ ਆਪਣਾ ਸਾਰਾ ਬੈਗ ਫਿਰ ਚੈੱਕ ਕੀਤਾ ਅਸੀਂ ਰੇਲ-ਰੋਡ ਟਰੈਕਸ ਲਾਗੇ ਇਕ ਘਰ ਅੱਗੇ ਕਾਰ ਖੜੀ ਕੀਤੀ।

"ਕੀ ਮੈਂ ਵੀ ਅੰਦਰ ਆਵਾਂ?" ਮੈਂ ਡਾਕਟਰ ਨੂੰ ਪੁਛਿਆ।

"ਜ਼ਰੂਰ, ਜ਼ਰੂਰ! ਕਿਉਂ ਨਹੀਂ?" ਡਾਕਟਰ ਨੇ ਕਿਹਾ।

ਸੋ ਮੈਂ ਵੀ ਅੰਦਰ ਚਲਾ ਗਿਆ। ਇਕ ਜ਼ਨਾਨੀ ਨੇ ਬਾਰੀ ਥਾਣੀਂ ਦੇਖਿਆ ਤੇ ਸਾਨੂੰ ਅੰਦਰ ਆਉਣ ਲਈ ਕਿਹਾ। ਜ਼ਨਾਨੀ ਨੇ ਤਿੰਨ ਕੁ ਸਾਲਾਂ ਦੀ ਕੁੜੀ ਆਪਣੀਆਂ ਬਾਹਾਂ ਵਿਚ ਫੜੀ ਹੋਈ ਸੀ। ਜ਼ਨਾਨੀ ਮਧਰੀ ਤੇ ਮੋਟੀ ਸੀ ਤੇ ਪੋਲਿਸ਼ ਲਗਦੀ ਸੀ। ਜਿਉਂ ਹੀ ਅਸੀਂ ਅੰਦਰ ਵੜੇ ਬੱਚੇ ਨੇ ਰੋਣਾ ਸ਼ੁਰੂ ਕਰ ਦਿੱਤਾ। ਡਾਕਟਰ ਨੇ ਉਸ ਵੱਲ ਕੋਈ ਧਿਆਨ ਨਾ ਦਿੱਤਾ ਤੇ ਅੱਗੇ ਰਸੋਈ ਵਿਚ ਜਾ ਕੇ ਲੋ ਹਾਰੇ ਆਪਣਾ ਬੈਗ ਖੋਹਲਣ ਲੱਗ ਪਿਆ। ਕੁਝ ਹਫਤੇ ਪਹਿਲਾਂ ਵੀ ਡਾਕਟਰ ਨੇ ਟੀਕਾ ਲਾਇਆ ਸੀ ਤੇ ਬੱਚਾ ਅਜੇ ਉਸਨੂੰ ਭੁੱਲਿਆ ਨਹੀਂ ਸੀ। ਮਾਂ ਨੇ ਬੱਚੇ ਦੀ ਬਾਂਹ ਘੁੱਟ ਕੇ ਫੜੀ ਹੋਈ ਸੀ ਤੇ ਡਾਕਟਰ ਨੇ ਪੂਰੀ ਹੁਸ਼ਿਆਰੀ ਨਾਲ ਟੀਕਾ ਲਾ ਕੇ ਇਕ ਦਮ ਸੂਈ ਬਾਹਰ ਕੱਢ ਲਈ ਜੋ ਕਿ ਇਕ ਤਜਰਬੇਕਾਰ ਡਾਕਟਰ ਹੀ ਕਰ ਸਕਦਾ ਹੈ। ਜਿਸਨੇ ਮਹੀਨੇ ਵਿਚ ਸੌਆਂ (100) ਦੇ ਹਿਸਾਬ ਨਾਲ ਟੀਕੇ ਲਾਏ ਹੋਣ। ਅਸੀਂ ਦਰਵਾਜ਼ੇ ਵੱਲ ਨੂੰ ਹੋਏ ਤਾਂ ਜ਼ਨਾਨੀ ਨੇ ਟੁੱਟੀ ਫੁੱਟੀ ਅੰਗਰੇਜ਼ੀ ਵਿਚ ਡਾਕਟਰ ਦਾ ਧੰਨਵਾਦ ਕੀਤਾ ਤੇ ਬੱਚੇ ਨੂੰ ਮੋਢੇ ਨਾਲ ਲਾ ਕੇ ਥਾੜ੍ਹਪਨ ਲੱਗ ਪਈ ਤੇ ਬੱਚਾ ਰੀਂ ਰੀਂ ਕਰਦਾ ਚੁਪ ਕਰ ਗਿਆ।

ਜਦੋਂ ਅਸੀਂ ਅਗਲੀ ਥਾਂ ਗਏ ਤਾਂ ਕਮਰਾ ਬੱਚਿਆਂ ਨਾਲ ਭਰਿਆ ਪਿਆ ਸੀ। ਜਿਉਂ ਹੀ ਅਸੀਂ ਅੰਦਰ ਗਏ ਬੱਚੇ ਰੋਂਦੇ ਰੋਂਦੇ ਵੱਖਰੇ ਵੱਖਰੇ ਕਮਰਿਆਂ ਵਿਚ ਚਲੇ ਗਏ। ਬੱਚਿਆਂ ਦੀਆਂ ਮਾਵਾਂ ਬੱਚਿਆਂ ਦੀਆਂ ਬਾਹਾਂ ਵਿਚ ਸੂਈਆਂ ਚੁਭਾਦੀਆਂ ਨਹੀਂ ਸੀ ਦੇਖ ਸਕਦੀਆਂ ਇਸ ਕਰਕੇ ਮੈਨੂੰ ਉਨ੍ਹਾਂ ਦੀ ਬਾਂਹ ਫੜਨੀ ਪੈਂਦੀ ਤੇ ਡਾਕਟਰ ਆਪਣਾ ਕੰਮ ਕਿੰਦਾ। ਮੈਨੂੰ ਪਸੀਨਾ ਆ ਗਿਆ ਸੀ ਤੇ ਮੈਂ ਆਪਣੀ ਟੋਪੀ ਲਾਹ ਕੇ ਰੱਖ ਦਿੰਦਾ।

"ਟੋਪੀ ਚੁੱਕ ਕੇ ਪਾ ਲੈ" ਡਾਕਟਰ ਇਕ ਦਮ ਚੌਂਕਿਆ "ਇਨ੍ਹਾਂ ਘਰਾਂ ਵਿਚ ਕਦੇ ਵੀ ਆਪਣੀ ਟੋਪੀ ਜਾਂ ਕੱਪੜਾ ਨਹੀਂ ਲਾਹੁਣਾ ਚਾਹੀਦਾ। ਤੈਨੂੰ ਨਹੀਂ ਪਤਾ ਇਥੋਂ ਤੂੰ ਮਾਂਗਣੂ, ਜੂਆਂ ਜਾਂ ਖਟਮਲ ਵੀ ਟੋਪੀ ਨਾਲ ਲਿਜਾ ਸਕਦਾ ਏਂ।" ਮੈਂ ਆਪਣੀ ਟੋਪੀ ਲੈ ਲਈ। ਜਦੋਂ ਅਸੀਂ ਦੂਸਰੇ ਕਮਰੇ ਵਿਚ ਖੜੀਆਂ ਮਾਵਾਂ ਕੋਲ ਦੀ ਲੰਘਣ ਲੱਗੇ ਤਾਂ ਉਨ੍ਹਾਂ ਨੇ ਸਿਲ੍ਹੀਆਂ ਅੱਖਾਂ ਨਾਲ ਸਾਡਾ ਧੰਨਵਾਦ ਕੀਤਾ ਤੇ ਡਾਕਟਰ ਨੂੰ ਪੁਛਣ ਲੱਗੀਆਂ "ਹੁਣ ਤਾਂ ਉਹ ਠੀਕ ਹਨ, ਹੁਣ ਤਾਂ ਉਨ੍ਹਾਂ ਨੂੰ ਬੀਮਾਰੀ ਨਹੀਂ ਲਗੇਗੀ ਨਾ ?" "ਹਾਂ, ਹਾਂ ਬਿਲਕੁਲ ਠੀਕ ਹਨ।" ਡਾਕਟਰ ਨੇ ਕਿਹਾ ਤੇ ਬਾਹਰ ਨਿਕਲ ਗਿਆ।

ਅਸੀਂ ਘਰੋਂ ਘਰੀਂ ਟਾਕਸਾਇਡ ਦਿੰਦੇ ਗਏ! ਇਹੋ ਜਿਹੀ ਗਰੀਬੀ ਮੈਂ ਪਹਿਲਾਂ ਕਦੇ ਨਹੀਂ ਸੀ ਦੇਖੀ, ਮੈਨਹੈਟਨ ਦੇ ਚੜ੍ਹਦੇ ਪਾਸੇ ਵਾਲੇ ਘਰਾਂ ਵਿਚ ਵੀ ਨਹੀਂ। ਹੁਣ ਮੈਨੂੰ ਥੋੜ੍ਹਾ ਥੋੜ੍ਹਾ ਪਤਾ ਲੱਗਾ ਕਿ ਡਾਕਟਰ ਦਾ ਮੂੰਹ ਸਸਤੀਆਂ ਪੀਤੀਆਂ ਸਿਗਾਰਾਂ ਦੇ ਅਸਰ ਵਾਲਾ ਕਿਉਂ ਲਗਦਾ ਸੀ। ਇਹ ਬੜਾ ਭਿਆਨਕ ਦ੍ਰਿਸ਼ ਸੀ। ਸਾਰਾ ਟੱਬਰ ਇਕ ਥਾਂ ਤੇ ਪੰਜ ਸੱਤ ਬੱਚਿਆਂ ਸਮੇਤ ਜ਼ਮੀਨ ਤੇ ਗੱਦੇ ਸੁੱਟ ਕੇ ਸੌਂਦਾ ਸੀ 'ਨਿਆਣੇ ਹਮੇਸ਼ਾਂ ਸਲ੍ਹਾਬੇ ਵਿਚ ਰਹਿੰਦੇ ਸਨ ਤੇ ਉਨ੍ਹਾਂ ਦੇ ਮੂੰਹ ਹਮੇਸ਼ਾਂ ਖੁਲ੍ਹੇ ਰਹਿੰਦੇ ਸਨ ਜਿਵੇਂ ਉਨ੍ਹਾਂ ਨੂੰ ਸਾਹ ਲੈਣ ਵਿਚ ਮੁਸ਼ਕਲ ਆਉਂਦਾ ਹੋਵੇ। ਇਕ ਦੂਜੇ ਨੂੰ ਕੁਝ ਕਹੇ ਬਗੈਰ ਮੈਂ ਤੇ ਡਾਕਟਰ ਬਾਹਰ ਆ ਗਏ।

ਮੈਂ ਸੋਚ ਰਿਹਾ ਸਾਂ ਅਗਲੇ ਥਾਂ ਜਾ ਕੇ ਡਾਕਟਰ ਆਪਣਾ ਬੈਗ ਖੋਲ੍ਹੇਗਾ ਤੇ ਬੱਚੇ ਰੋਣਾ ਸ਼ੁਰੂ ਕਰ ਦੇਣਗੇ ਤੇ ਉਹ ਏਨਾਂ ਰੋਣਗੇ ਕਿ ਮਕਾਨ ਸਿਰ ਤੇ ਚੁੱਕ ਲੈਣਗੇ।

ਮਾਵਾਂ ਬੱਚਿਆਂ ਨੂੰ ਰੋਂਦਿਆਂ ਦੇਖ ਕੇ ਕ੍ਰੋਧ ਵਿਚ ਆ ਜਾਂਦੀਆਂ ਪਰ ਜਦੋਂ ਡਾਕਟਰ ਕੰਮ ਕਰ ਲੈਂਦਾ ਤਾਂ ਬਾਅਦ ਵਿਚ ਧੰਨਵਾਦ ਕਰਦੀਆਂ। ਫਿਰ ਪੁੱਛਦੀਆਂ "ਇਨ੍ਹਾਂ ਨੂੰ ਹੁਣ ਤਾਂ ਕੋਈ ਬੀਮਾਰੀ ਨਹੀਂ ਲੱਗੇਗੀ।" ਡਾਕਟਰ ਹੌਲੀ ਜਿਹੀ ਸਿਰ ਹਿਲਾ ਦਿੰਦਾ।

ਕੁਝ ਘਰਾਂ ਵਿਚ ਆਦਮੀ ਉਥੇ ਹੀ ਗੇੜੇ ਕੱਢਦੇ ਦੇਖੇ, ਭਾਵੇਂ ਕਿ ਦਿਨ ਕਾਫੀ ਨਿਕਲ ਆਇਆ ਸੀ। ਜਿਉਂ ਹੀ ਅਸੀਂ ਅੰਦਰ ਜਾਂਦੇ ਉਹ ਉਠ ਕੇ ਹੋਰ ਕਮਰੇ ਵਿਚ ਚਲੇ ਜਾਂਦੇ ਤੇ ਓਨਾਂ ਚਿਰ ਨਾ ਦਿਸਦੇ ਜਿਨਾਂ ਚਿਰ ਅਸੀਂ ਉਥੇ ਰਹਿੰਦੇ। ਉਹ ਸ਼ਰਮ ਵਿਚ ਹੀ ਉਰੇ ਪਰ੍ਹੇ ਹੋ ਜਾਂਦੇ ਸਨ। ਉਹ ਨਹੀਂ ਸਨ ਚਾਹੁੰਦੇ ਕਿ ਅਸੀਂ ਉਨ੍ਹਾਂ ਦੀ ਗਰੀਬੀ ਤੇ ਮੰਦਹਾਲੀ ਦੇਖੀਏ। ਉਨ੍ਹਾਂ 'ਚੋਂ ਬਹੁਤਿਆਂ ਨੂੰ ਤਾਂ ਦੋ, ਤਿੰਨ ਜਾਂ ਚਾਰ ਸਾਲ ਤੋਂ ਵੀ ਵੱਧ ਸਮਾਂ ਹੋ ਗਿਆ ਸੀ ਵਿਹਲਿਆਂ ਬੈਠਿਆਂ। ਉਹ ਸ਼ਰਮ ਵਿਚ ਮਰਨ ਨੂੰ ਫਿਰਦੇ ਸਨ ਪਰ ਨੌਕਰੀ ਕਿਤੇ ਮਿਲਦੀ ਨਹੀਂ ਸੀ।

ਅਸੀਂ ਬੜਾ ਹੀ ਦੁੱਖ ਤੇ ਕੁਰਲਾਹਣ ਦੇਖ ਲਈ ਸੀ। ਜ਼ਨਾਨੀਆਂ ਆਪਣੇ ਬੱਚੇ ਚੁੱਕ ਕੇ ਵਾਰਉਂਦੀਆਂ ਕਿ ਡਾਕਟਰ ਤੁਹਾਡੇ ਭਲੇ ਲਈ ਹੀ ਕਰਦਾ ਹੈ। ਬੱਚੇ ਫਿਰ ਰੋਣਾ ਸ਼ੁਰੂ ਕਰ ਦਿੰਦੇ। ਕਈ ਜ਼ਨਾਨੀਆਂ ਆਪਣੇ ਬੱਚਿਆਂ ਨੂੰ ਰੋਂਦੇ ਨਹੀਂ ਸੀ ਦੇਖ ਸਕਦੀਆਂ ਤੇ ਪਰ੍ਹੇ ਹੋ ਜਾਂਦੀਆਂ ਤੇ ਆਪਣੇ ਹੱਥਾਂ ਕੰਨਾਂ ਤੇ ਰੱਖ ਲੈਂਦੀਆਂ ਜਿੰਨਾ ਚਿਰ ਡਾਕਟਰ ਕੰਮ ਖਤਮ ਨਾ ਕਰ ਲੈਂਦਾ। ਮੈਂ ਉਨ੍ਹਾਂ ਦੀਆਂ ਅੱਖਾਂ ਅੱਖਾਂ ਚੋਂ ਦੇਖਿਆ ਕਿ ਡਾਕਟਰ ਦੀ ਇੱਜ਼ਤ ਕਰਦੇ ਸਨ ਕਿਉਂਕਿ ਡਾਕਟਰ ਨੂੰ ਭਾਵੇਂ ਨੌਆਂ ਮਹੀਨਿਆਂ ਤੋਂ ਧੇਲਾ ਵੀ ਨਹੀਂ ਸੀ ਮਿਲਿਆ ਫਿਰ ਵੀ ਉਹ ਹੌਲੀ ਹੌਲੀ ਕੰਮ ਚਲਾਈ ਜਾਂਦਾ ਸੀ। ਆਪਣੇ ਕੋਲੋਂ ਪੈਟਰੋਲ ਪਾਉਂਦਾ ਸੀ।

ਸੋ ਮੈਂ ਵੀ ਅੰਦਰ ਚਲਾ ਗਿਆ। ਇਕ ਜ਼ਨਾਨੀ ਨੇ ਬਾਰੀ ਥਾਣੀਂ ਦੇਖਿਆ ਤੇ ਸਾਨੂੰ ਅੰਦਰ ਆਉਣ ਲਈ ਕਿਹਾ। ਜ਼ਨਾਨੀ ਨੇ ਤਿੰਨ ਕੁ ਸਾਲਾਂ ਦੀ ਕੁੜੀ ਆਪਣੀ-ਆਂ ਬਾਹਾਂ ਵਿਚ ਫੜੀ ਹੋਈ ਸੀ। ਜ਼ਨਾਨੀ ਮਧਰੀ ਤੇ ਮੋਟੀ ਸੀ ਤੇ ਪੋਲਿਸ਼ ਲਗਦੀ ਸੀ। ਜਿਉਂ ਹੀ ਅਸੀਂ ਅੰਦਰ ਵੜੇ ਬੱਚੇ ਨੇ ਰੋਣਾ ਸ਼ੁਰੂ ਕਰ ਦਿੱਤਾ। ਡਾਕਟਰ ਨੇ ਉਸ ਵੱਲ ਕੋਈ ਧਿਆਨ ਨਾ ਦਿੱਤਾ ਤੇ ਅੱਗੇ ਰਸੋਈ ਵਿਚ ਜਾ ਕੇ ਲੰ ਹਾਰੇ ਆਪਣਾ ਬੈਗ ਖੋਹਲਣ ਲੱਗ ਪਿਆ। ਕੁਝ ਹਫਤੇ ਪਹਿਲਾਂ ਵੀ ਡਾਕਟਰ ਨੇ ਟੀਕਾ ਲਾਇਆ ਸੀ ਤੇ ਬੱਚਾ ਅਜੇ ਉਸਨੂੰ ਭੁੱਲਿਆ ਨਹੀਂ ਸੀ। ਮਾਂ ਨੇ ਬੱਚੇ ਦੀ ਬਾਂਹ ਘੁੱਟ ਕੇ ਫੜੀ ਹੋਈ ਸੀ ਤੇ ਡਾਕ-ਟਰ ਨੇ ਪੂਰੀ ਹੁਸ਼ਿਆਰੀ ਨਾਲ ਟੀਕਾ ਲਾ ਕੇ ਇਕ ਦਮ ਸੂਈ ਬਾਹਰ ਕੱਢ ਲਈ ਜੋ ਕਿ ਇਕ ਤਜਰਬੇਕਾਰ ਡਾਕਟਰ ਹੀ ਕਰ ਸਕਦਾ ਹੈ। ਜਿਸਨੇ ਮਹੀਨੇ ਵਿਚ ਸੈਂਆਂ (100) ਦੇ ਹਿਸਾਬ ਨਾਲ ਟੀਕੇ ਲਾਏ ਹੋਣ। ਅਸੀਂ ਦਰਵਾਜ਼ੇ ਵੱਲ ਨੂੰ ਹੋਏ ਤਾਂ ਜ਼ਨਾਨੀ ਨੇ ਟੁੱਟੀ ਫੁੱਟੀ ਅੰਗਰੇਜ਼ੀ ਵਿਚ ਡਾਕਟਰ ਦਾ ਧੰਨਵਾਦ ਕੀਤਾ ਤੇ ਬੱਚੇ ਨੂੰ ਮੋਢੇ ਨਾਲ ਲਾ ਕੇ ਥਾਪੜਨ ਲੱਗ ਪਈ ਤੇ ਬੱਚਾ ਰੀਂ ਰੀਂ ਕਰਦਾ ਚੁਪ ਕਰ ਗਿਆ।

ਜਦੋਂ ਅਸੀਂ ਅਗਲੀ ਥਾਂ ਗਏ ਤਾਂ ਕਮਰਾ ਬੱਚਿਆਂ ਨਾਲ ਭਰਿਆ ਪਿਆ ਸੀ। ਜਿਉਂ ਹੀ ਅਸੀਂ ਅੰਦਰ ਗਏ ਬੱਚੇ ਰੋਂਦੇ ਰੋਂਦੇ ਵੱਖਰੇ ਵੱਖਰੇ ਕਮਰਿਆਂ ਵਿਚ ਚਲੇ ਗਏ। ਬੱਚਿਆਂ ਦੀਆਂ ਮਾਵਾਂ ਬੱਚਿਆਂ ਦੀਆਂ ਬਾਹਾਂ ਵਿਚ ਸੂਈਆਂ ਚੁਭਾਦੀਆਂ ਨਹੀਂ ਸੀ ਦੇਖ ਸਕਦੀਆਂ ਇਸ ਕਰਕੇ ਮੈਨੂੰ ਉਨ੍ਹਾਂ ਦੀ ਬਾਂਹ ਫੜਨੀ ਪੈਂਦੀ ਤੇ ਡਾਕਟਰ ਆਪਣਾ ਕੰਮ ਦਿੰਦਾ। ਮੈਨੂੰ ਪਸੀਨਾ ਆ ਗਿਆ ਸੀ ਤੇ ਮੈਂ ਆਪਣੀ ਟੋਪੀ ਲਾਹ ਕੇ ਰੱਖ ਦਿੰਦਾ।

"ਟੋਪੀ ਚੁੱਕ ਕੇ ਪਾ ਲੈ" ਡਾਕਟਰ ਇਕ ਦਮ ਚੰਕਿਆ "ਇਨ੍ਹਾਂ ਘਰਾਂ ਵਿਚ ਕਦੇ ਵੀ ਆਪਣੀ ਟੋਪੀ ਜਾਂ ਕੱਪੜਾ ਨਹੀਂ ਲਾਹੁਣਾ ਚਾਹੀਦਾ। ਤੈਨੂੰ ਨਹੀਂ ਪਤਾ ਇਥੋਂ ਤੂੰ ਮਾਂਗਣੂ, ਜੂਆਂ ਜਾਂ ਖਟਮਲ ਵੀ ਟੋਪੀ ਨਾਲ ਲਿਜਾ ਸਕਦਾ ਏਂ।" ਮੈਂ ਆਪਣੀ ਟੋਪੀ ਲੈ ਲਈ। ਜਦੋਂ ਅਸੀਂ ਦੂਸਰੇ ਕਮਰੇ ਵਿਚ ਖੜੀਆਂ ਮਾਵਾਂ ਕੋਲ ਦੀ ਲੰਘਣ ਲੱਗੇ ਤਾਂ ਉਨ੍ਹਾਂ ਨੇ ਸਿਲ੍ਹੀਆਂ ਅੱਖਾਂ ਨਾਲ ਸਾਡਾ ਧੰਨਵਾਦ ਕੀਤਾ ਤੇ ਡਾਕਟਰ ਨੂੰ ਪੁਛਣ ਲੱਗੀਆਂ "ਹੁਣ ਤਾਂ ਉਹ ਠੀਕ ਹਨ, ਹੁਣ ਤਾਂ ਉਨ੍ਹਾਂ ਨੂੰ ਬੀਮਾਰੀ ਨਹੀਂ ਲਗੇਗੀ ਨਾ ?" "ਹਾਂ, ਹਾਂ ਬਿਲਕੁਲ ਠੀਕ ਹਨ।" ਡਾਕਟਰ ਨੇ ਕਿਹਾ ਤੇ ਬਾਹਰ ਨਿਕਲ ਗਿਆ।

ਅਸੀਂ ਘਰੋਂ ਘਰੀਂ ਟਾਕਸਾਇਡ ਦਿੰਦੇ ਗਏ! ਇਹੋ ਜਿਹੀ ਗਰੀਬੀ ਮੈਂ ਪਹਿਲਾਂ ਕਦੇ ਨਹੀਂ ਸੀ ਦੇਖੀ, ਮੈਨਹੈਟਨ ਦੇ ਚੜ੍ਹਦੇ ਪਾਸੇ ਵਾਲੇ ਘਰਾਂ ਵਿਚ ਵੀ ਨਹੀਂ। ਹੁਣ ਮੈਨੂੰ ਥੋੜ੍ਹਾ ਥੋੜ੍ਹਾ ਪਤਾ ਲੱਗਾ ਕਿ ਡਾਕਟਰ ਦਾ ਮੂੰਹ ਸਸਤੀਆਂ ਪੀਤੀਆਂ ਸਿਗਾਰਾਂ ਦੇ ਅਸਰ ਵਾਲਾ ਕਿਉਂ ਲਗਦਾ ਸੀ। ਇਹ ਬੜਾ ਭਿਆਨਕ ਦ੍ਰਿਸ਼ ਸੀ। ਸਾਰਾ ਟੱਬਰ ਇਕ ਥਾਂ ਤੇ ਪੰਜ ਸੱਤ ਬੱਚਿਆਂ ਸਮੇਤ ਜ਼ਮੀਨ ਤੇ ਗੱਦੇ ਸੁੱਟ ਕੇ ਸੌਂਦਾ ਸੀ 'ਨਿਆਣੇ ਹਮੇਸ਼ਾਂ ਸਲ੍ਹਾਬੇ ਵਿਚ ਰਹਿੰਦੇ ਸਨ ਤੇ ਉਨ੍ਹਾਂ ਦੇ ਮੂੰਹ ਹਮੇਸ਼ਾਂ ਖੁਲ੍ਹੇ ਰਹਿੰਦੇ ਸਨ ਜਿਵੇਂ ਉਨ੍ਹਾਂ ਨੂੰ ਸਾਹ ਲੈਣ ਵਿਚ ਮੁਸ਼ਕਲ ਆਉਂਦਾ ਹੋਵੇ। ਇਕ ਦੂਜੇ ਨੂੰ ਕੁਝ ਕਹੇ ਬਗੈਰ ਮੈਂ ਤੇ ਡਾਕਟਰ ਬਾਹਰ ਆ ਗਏ।

ਮੈਂ ਸੋਚ ਰਿਹਾ ਸਾਂ ਅਗਲੇ ਥਾਂ ਜਾ ਕੇ ਡਾਕਟਰ ਆਪਣਾ ਬੈਗ ਖੋਲੇਗਾ ਤੇ ਬੱਚੇ ਰੋਣਾ ਸ਼ੁਰੂ ਕਰ ਦੇਣਗੇ ਤੇ ਉਹ ਏਨਾਂ ਰੋਣਗੇ ਕਿ ਮਕਾਨ ਸਿਰ ਤੇ ਚੁੱਕ ਲੈਣਗੇ।

ਮਾਵਾਂ ਬੱਚਿਆਂ ਨੂੰ ਰੋਂਦਿਆਂ ਦੇਖ ਕੇ ਕ੍ਰੋਧ ਵਿਚ ਆ ਜਾਂਦੀਆਂ ਪਰ ਜਦੋਂ ਡਾਕਟਰ ਕੰਮ ਕਰ ਲੈਂਦਾ ਤਾਂ ਬਾਅਦ ਵਿਚ ਧੰਨਵਾਦ ਕਰਦੀਆਂ। ਫਿਰ ਪੁੱਛਦੀਆਂ "ਇਨ੍ਹਾਂ ਨੂੰ ਹੁਣ ਤਾਂ ਕੋਈ ਬੀਮਾਰੀ ਨਹੀਂ ਲੱਗੇਗੀ।" ਡਾਕਟਰ ਹੌਲੀ ਜਿਹੀ ਸਿਰ ਹਿਲਾ ਦਿੰਦਾ।

ਕੁਝ ਘਰਾਂ ਵਿਚ ਆਦਮੀ ਉਥੇ ਹੀ ਗੇੜੇ ਕੱਢਦੇ ਦੇਖੇ, ਭਾਵੇਂ ਕਿ ਦਿਨ ਕਾਫੀ ਨਿਕਲ ਆਇਆ ਸੀ। ਜਿਉਂ ਹੀ ਅਸੀਂ ਅੰਦਰ ਜਾਂਦੇ ਉਹ ਉਠ ਕੇ ਹੋਰ ਕਮਰੇ ਵਿਚ ਚਲੇ ਜਾਂਦੇ ਤੇ ਓਨਾਂ ਚਿਰ ਨਾ ਦਿਸਦੇ ਜਿਨਾਂ ਚਿਰ ਅਸੀਂ ਓਥੇ ਰਹਿੰਦੇ। ਉਹ ਸ਼ਰਮ ਵਿਚ ਹੀ ਉਰੇ ਪਰ੍ਹੇ ਹੋ ਜਾਂਦੇ ਸਨ। ਉਹ ਨਹੀਂ ਸਨ ਚਾਹੁੰਦੇ ਕਿ ਅਸੀਂ ਉਨ੍ਹਾਂ ਦੀ ਗਰੀਬੀ ਤੇ ਮੰਦਹਾਲੀ ਦੇਖੀਏ। ਉਨ੍ਹਾਂ 'ਚੋਂ ਬਹੁਤਿਆਂ ਨੂੰ ਤਾਂ ਦੋ, ਤਿੰਨ ਜਾਂ ਚਾਰ ਸਾਲ ਤੋਂ ਵੀ ਵੱਧ ਸਮਾਂ ਹੋ ਗਿਆ ਸੀ ਵਿਹਲਿਆਂ ਬੈਠਿਆਂ। ਉਹ ਸ਼ਰਮ ਵਿਚ ਮਰਨ ਨੂੰ ਫਿਰਦੇ ਸਨ ਪਰ ਨੌਕਰੀ ਕਿਤੇ ਮਿਲਦੀ ਨਹੀਂ ਸੀ।

ਅਸੀਂ ਬੜਾ ਹੀ ਦੁੱਖ ਤੇ ਕੁਰਲਾਹਟ ਦੇਖ ਲਈ ਸੀ। ਜ਼ਨਾਨੀਆਂ ਆਪਣੇ ਬੱਚੇ ਚੁੱਕ ਕੇ ਵਾਰਉਂਦੀਆਂ ਕਿ ਡਾਕਟਰ ਤੁਹਾਡੇ ਭਲੇ ਲਈ ਹੀ ਕਰਦਾ ਹੈ। ਬੱਚੇ ਫਿਰ ਰੋਣਾ ਸ਼ੁਰੂ ਕਰ ਦਿੰਦੇ। ਕਈ ਜ਼ਨਾਨੀਆਂ ਆਪਣੇ ਬੱਚਿਆਂ ਨੂੰ ਰੋਂਦੇ ਨਹੀਂ ਸੀ ਦੇਖ ਸਕਦੀਆਂ ਤੇ ਪਰ੍ਹੇ ਹੋ ਜਾਂਦੀਆਂ ਤੇ ਆਪਣੇ ਹੱਥਾਂ ਕੰਨਾਂ ਤੇ ਰੱਖ ਲੈਂਦੀਆਂ ਜਿੰਨਾ ਚਿਰ ਡਾਕਟਰ ਕੰਮ ਖਤਮ ਨਾ ਕਰ ਲੈਂਦਾ। ਮੈਂ ਉਨ੍ਹਾਂ ਦੀਆਂ ਅੱਖਾਂ ਅੱਖਾਂ ਚੋਂ ਦੇਖਿਆ ਕਿ ਡਾਕਟਰ ਦੀ ਇੱਜ਼ਤ ਕਰਦੇ ਸਨ ਕਿਉਂਕਿ ਡਾਕਟਰ ਨੂੰ ਭਾਵੇਂ ਨੌਆਂ ਮਹੀਨਿਆਂ ਤੋਂ ਧੇਲਾ ਵੀ ਨਹੀਂ ਸੀ ਮਿਲਿਆ ਫਿਰ ਵੀ ਉਹ ਹੌਲੀ ਹੌਲੀ ਕੰਮ ਚਲਾਈ ਜਾਂਦਾ ਸੀ। ਆਪਣੇ ਕੋਲੋਂ ਪੈਟਰੋਲ ਪਾਉਂਦਾ ਸੀ।

ਨਾਲੇ ਲੋਕਾਂ ਦੇ ਘਰੋਂ ਮਾਂਗਣੂੰ ਤੇ ਖਟਮਲ ਵੀ ਲੈ ਆਂਦਾ ਸੀ।

ਅਖੀਰਲੀ ਥਾਂ ਸਾਨੂੰ ਬੜੀ ਮੁਸ਼ਕਲ ਪੇਸ਼ ਆਈ ਸੀ। ਤਕਰੀਬਨ ਦੁਪਹਿਰ ਹੋ ਗਈ ਸੀ ਤੇ ਡਾਕਟਰ ਟਾਈਮ ਨਾਲ ਖਾਣ ਦਾ ਆਦੀ ਸੀ ਤੇ ਉਹ ਉਤਾਵਲਾ ਹੋ ਰਿਹਾ ਸੀ ਫਿਰ ਵੀ ਉਹ ਆਪਣਾ ਕੰਮ ਪੂਰੀ ਹੁਸ਼ਿਆਰੀ ਨਾਲ ਕਰਦਾ ਸੀ। ਉਂਝ ਉਹ 12 ਕੁ ਵਜੇ ਥਕਾਵਟ ਮਹਿਸੂਸ ਕਰਨ ਲੱਗ ਪੈਂਦਾ।

ਅੰਤ ਵਿਚ ਅਸੀਂ ਇਕ ਅੱਠ ਸਾਲਾਂ ਦੇ ਮੁੰਡੇ ਨੂੰ ਟਾਕਸੋਇਡ* ਦਿੱਤੀ। ਉਹ ਮੰਜੇ ਤੇ ਬੀਮਾਰ ਪਿਆ ਸੀ ਤੇ ਬਹੁਤ ਮਾੜਚੂ ਜਿਹਾ ਸੀ। ਅਸੀਂ ਇਕ ਹਨੇਰੇ ਹਾਲ ਥਾਣੀਂ ਗਏ ਤਾਂ ਡਾਕਟਰ ਨੇ ਦਰਵਾਜ਼ਾ ਖੜਕਾਇਆ ਤਾਂ ਮੁੰਡਾ ਅੰਦਰ ਰੋਣ ਲੱਗ ਪਿਆ ਸੀ। ਭਾਵੇਂ ਉਸਨੇ ਸਾਨੂੰ ਦੇਖਿਆ ਵੀ ਨਹੀਂ ਸੀ ਪਰ ਲੱਗਦਾ ਸੀ ਜਿਵੇਂ ਉਸ ਨੇ ਸਾਨੂੰ ਸੁੰਘ ਲਿਆ ਸੀ ਕਿ ਡਾਕਟਰ ਆ ਗਿਆ ਹੈ। ਉਲਝੇ ਹੋਏ ਵਾਲਾਂ ਵਾਲੀ ਤੀਹਾਂ ਕੁ ਸਾਲਾਂ ਦੀ ਜ਼ਨਾਨੀ ਨੇ ਦਰਵਾਜ਼ਾ ਖੋਲ੍ਹਿਆ। ਅਸੀਂ ਅੰਦਰ ਗਏ ਤਾਂ ਬੱਚਾ ਪਹਿਲਾਂ ਨਾਲੋਂ ਵੀ ਉੱਚੀ ਰੋਣ ਲੱਗ ਪਿਆ ਜਿਉਂ ਹੀ ਡਾਕਟਰ ਨੇ ਬੈਗ ਖੋਹਲਿਆ ਤੀਵੀਂ ਅੰਦਰੋਂ ਤਿੰਨ ਕੁ ਸਾਲਾਂ ਦਾ ਹੋਰ ਬੱਚਾ ਲੈ ਆਈ। ਉਸਨੇ ਬੱਚੇ ਦੀ ਬਾਂਹ ਨੰਗੀ ਕਰਨ ਲਈ ਕਮੀਜ਼ ਉਪਰ ਚੱਕਣੀ ਸ਼ੁਰੂ ਕੀਤਾ ਤਾਂ ਬੱਚਾ ਮੁਸਕਰਾਉਣ ਲੱਗ ਪਿਆ। ਡਾਕਟਰ ਨੇ ਪਿਆਰ ਨਾਲ ਬੁਲਾਇਆ ਤਾਂ ਉਹ ਹੱਸਣ ਲੱਗ ਪਿਆ। ਉਸਨੂੰ ਅਜੇ ਪਤਾ ਨਹੀਂ ਸੀ ਕਿਉਂਕਿ ਇਹ ਉਹਦਾ ਪਹਿਲਾ ਟੀਕਾ ਸੀ। ਜਦੋਂ ਉਸਨੇ ਸੂਈ ਦੇਖੀ ਤਾਂ ਗਰਲ ਗਰਲ ਕਰਨ ਲੱਗ ਪਿਆ ਤੇ...ਠੱਪ ਕੰਮ ਹੋ ਗਿਆ ਸੀ ਅੱਖ ਦੇ ਫੋਰ ਵਿਚ ਬਾਅਦ ਵਿਚ ਉਹ ਰੋਣ ਲੱਗ ਪਿਆ ਸੀ। ਉਸਨੂੰ ਰੋਂਦੇ ਨੂੰ ਸੁਣਕੇ ਉਹਦਾ ਵੱਡਾ ਭਰਾ ਜ਼ਿਆਦਾ ਰੋਣ ਲਗ ਪਿਆ ਸੀ। ਫਿਰ ਚਾਦਰ ਚਿਥਣ ਲੱਗ ਪਿਆ ਸੀ। ਡਾਕਟਰ ਨੇ ਉਸ ਵੱਲ ਦੇਖਿਆ ਤਾਂ ਉਸਨੇ ਚਾਦਰ ਦੰਦਾਂ ਹੇਠ ਜ਼ੋਰ ਨਾਲ ਘੁੱਟ ਲਈ ਸੀ। ਜਦੋਂ ਡਾਕਟਰ ਸੂਈ ਲੈ ਕੇ ਅੱਗੇ ਹੋਇਆ ਤਾਂ ਬੱਚਾ ਕੰਧ ਨਾਲ ਲੱਗ ਗਿਆ ਜਿਵੇਂ ਸ਼ੇਰ ਬੈਠਾ ਹੋਏ । ਡਾਕਟਰ ਨੇ ਕਿਹਾ "ਮੈਂ ਇਕੱਲਾ ਤਾਂ ਨਹੀਂ ਉਸਨੂੰ ਕਾਬੂ ਕਰ ਸਕਦਾ।" ਜ਼ਨਾਨੀ ਨੇ ਉਸਨੂੰ ਪੁਚਕਾਰਨਾ ਸ਼ੁਰੂ ਕਰ ਦਿੱਤਾ ਸੀ "ਮੈਂ ਤੈਨੂੰ ਪੈਸਾ ਦੇਊਂਗੀ, ਡਾਕਟਰ ਨੂੰ ਟੀਕਾ ਲਾ ਲੈਣ ਦੇ।" ਉਸ ਨੇ ਕਿਹਾ।

ਬੱਚਾ ਹੋਰ ਕੰਧ ਨਾਲ ਲੱਗ ਗਿਆ ਤੇ ਜ਼ੋਰ ਨਾਲ ਚੀਕਣ ਲਗ ਪਿਆ ਜਦੋਂ ਉਹ ਉਠਿਆ ਤਾਂ ਮੈਂ ਦੇਖਿਆ ਉਸ ਦਾ ਕੱਛਾ ਬਹੁਤ ਹੀ ਗੰਦਾ ਸੀ ਤੇ ਦੂਜੇ ਕਪੜੇ ਵੀ।

"ਮੈਂ ਇਸ ਨੂੰ ਫੜ ਲਵਾਂਗੀ" ਉਸਦੀ ਮਾਂ ਨੇ ਕਿਹਾ ਪਰ ਉਹ ਫੜ ਨਾ ਸਕੀ ਤਾਂ ਉਹ ਗੁਸੇ ਵਿਚ ਉਸ ਨੂੰ ਝਿੜਕਣ ਲੱਗ ਪਈ। ਫਿਰ ਕਹਿਣ ਲੱਗੀ, "ਮੈਂ ਤੈਨੂੰ ਪੈਸਾ ਦਿਆਂਗੀ ਪੈਸਾ ਦੇਵਾਂਗੀ।" ਤੇ ਆਪਣਾ ਪਰਸ ਖੋਹਲਣ ਲਗੀ ਪਰ ਉਸ ਵਿਚ ਕੋਈ ਪੈਸਾ ਨਹੀਂ ਸੀ। ਮੈਂ ਆਪਣੀ ਜੇਬ ਵਿਚ ਹੱਥ ਮਾਰਿਆ ਤੇ ਇਕ ਪੈਸਾ ਦੇ ਦਿੱਤਾ "ਦੇਖਿਆ ਦੂਜੇ ਡਾਕਟਰ ਨੇ ਤੈਨੂੰ ਪੈਸਾ ਦਿੱਤਾ ਹੈ।" ਮੈਂ ਆਪਣੀ ਜੇਬ ਵਿਚ ਹੱਥ ਮਾਰਿਆ ਤਾਂ ਇਕ ਪੈਸਾ ਹੋਰ ਕੱਢਿਆ ਮੈਂ ਸੋਚਿਆ ਇਕ ਪੈਸਾ ਕਿਸ ਕੰਮ ਹੈ। "ਦੇਖਿਆ ਡਾਕਟਰ ਨੇ ਦੋ ਪੈਸੇ ਦਿਤੇ ਹਨ, ਦੋ ਪੈਸੇ।" ਪਰ ਉਸ ਨੇ ਕੋਈ ਨਾ ਫੜਿਆ। ਉਸ ਦਾ ਚਿਹਰਾ ਨੀਲਾ ਹੋ ਗਿਆ ਸੀ। ਡਾਕਟਰ ਨੇ ਦੇਖਿਆ ਤਾਂ ਕਿਹਾ ਕਿ ਜਲਦੀ ਕਰਨੀ ਚਹੀਦੀ ਹੈ ਦੁਪਹਿਰ ਹੋ ਚੁੱਕੀ ਸੀ ਤੇ ਡਾਕਟਰ ਉਤਾਵਲਾ ਸੀ ਉਸਨੇ ਮੇਰੇ ਵੱਲ ਦੇਖਿਆ।

"ਤੂੰ ਫੜ ਏਹਨੂੰ" ਡਾਕਟਰ ਨੇ ਕਿਹਾ "ਤੂੰ ਘੁਲਦਾ ਰਿਹਾ ਏਂ, ਏਦਾਂ ਘੁੱਟ ਕੇ ਫੜੀਂ ਕਿ ਹਿੱਲੇ ਨਾ।"

ਮੈਂ ਉਸ ਨੂੰ ਦਬੋਚ ਲਿਆ। ਉਹ ਜ਼ੋਰ ਨਾਲ ਚੀਕਿਆ ਤੇ ਘਰੂਟ ਵੱਢਣ ਨੂੰ ਪਿਆ। ਪਰ ਮੈਂ ਫੜੀ ਰਖਿਆ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਉਸ ਵਿਚ ਦਸਾਂ ਰਾਖਸ਼ਾਂ ਦੀ ਤਾਕਤ ਆ ਗਈ ਹੋਵੇ ਪਰ ਮੈਂ ਫੜੀ ਰੱਖਿਆ। ਥੋੜ੍ਹਾ ਅੱਗੇ ਕਰਕੇ ਮੈਂ ਉਸਦੀਆਂ ਲੱਤਾਂ ਨੂੰ ਕੈਂਚੀ ਮਾਰ ਲਈ ਤੇ ਘੁੱਟ ਕੇ ਬਾਹਾਂ ਵੀ ਫੜ ਲਈਆਂ ਡਾਕਟਰ ਨੇ ਅੱਖ ਦੇ ਫੋਰ ਵਿਚ ਟੀਕਾ ਲਾ ਦਿੱਤਾ। ਬੱਸ, ਚੁਪ ਕਰ ਗਿਆ। ਬਾਅਦ ਵਿਚ ਫਿਰ ਰੀਂ...ਰੀਂ ਕਰਨ ਲੱਗ ਪਿਆ। ਜ਼ਨਾਨੀ ਨੇ ਮੇਰਾ ਧੰਨਵਾਦ ਕੀਤਾ। ਜਦੋਂ ਅਸੀਂ ਉਥੋਂ ਤੁਰ ਪਏ ਤਾਂ ਉਸ ਨੂੰ ਪਤਾ ਲੱਗ ਗਿਆ ਕਿ ਟੀਕਾ ਲਾ ਦਿੱਤਾ ਹੈ ਤਾਂ ਹੋਰ ਉੱਚੀ ਉੱਚੀ ਰੋਣ ਲੱਗ ਪਿਆ।

ਮੈਂ ਤੇ ਡਾਕਟਰ ਘਰ ਆ ਗਏ। ਸੂਰਜ ਡੁਬ ਚੁੱਕਾ ਸੀ। ਜਦੋਂ ਅਸੀਂ ਐਸਲੈਂਡ ਐਵੀਨਿਊ ਕੋਲ ਪਹੁੰਚੇ ਤਾਂ ਮੀਂਹ ਦੀਆਂ ਕਣੀਆਂ ਜ਼ੋਰ ਜ਼ੋਰ ਨਾਲ ਕਾਰ ਉਪਰ ਪੈਣ ਲੱਗ ਪਈਆਂ ਪਰ ਡਾਕਟਰ ਦੇ ਮੋਟੇ ਹੱਥ ਸਟੇਰਿੰਗ ਤੇ ਟਿਕੇ ਰਹੇ। ਅਜੇ ਅਸੀਂ ਘਰ ਤੋਂ ਚਾਰ ਮੀਲ ਦੂਰ ਸਾਂ। ਉਸ ਦੀ ਬੀਵੀ ਨੇ ਖਾਣਾ ਤਿਆਰ ਕੀਤਾ ਹੋਇਆ ਸੀ ਤੇ ਉਹ ਛੇਤੀ ਘਰ ਪਹੁੰਚਣਾ ਚਾਹੁੰਦਾ ਸੀ। ਜਿਸ ਕਰਕੇ ਉਸ ਨੇ ਕੋਈ ਗੱਲਬਾਤ ਨਹੀਂ ਸੀ ਕੀਤੀ ਪਹਿਲਾ ਮੀਲ ਤਾਂ ਬਿਲਕੁਲ ਹੀ ਚੁਪ ਰਿਹਾ ਸੀ। ਫਿਰ ਥੋੜ੍ਹਾ ਥੋੜ੍ਹਾ ਬੋਲਣ ਲੱਗ ਪਿਆ ਸੀ। ਉਹ ਜੋ ਕੁਝ ਵੀ ਬੋਲਦਾ ਸੀ ਅੰਦਰੋਂ ਬੋਲਦਾ ਸੀ ਉਹ ਸਾਰੇ ਸਿਸਟਮ

ਨੂੰ ਨਫਰਤ ਕਰਨ ਲੱਗ ਪਿਆ ਸੀ ਤੇ ਨਿੰਦਣ ਲੱਗ ਪਿਆ ਸੀ। ਮੀਂਹ ਜ਼ੋਰ ਨਾਲ ਪੈਣ ਲੱਗ ਪਿਆ ਸੀ।

ਕਾਰ ਇਕ ਡੂੰਘੇ ਟੋਏ ਵਿੱਚ ਜਾ ਪਈ ਤੇ ਸਾਡੇ ਦੋਨਾਂ ਦੇ ਸਿਰ ਕਾਰ ਦੀ ਛੱਤ ਨਾਲ ਜਾ ਲੱਗੇ ਫਿਰ ਤਾਂ ਡਾਕਟਰ ਗਾਲ੍ਹਾਂ ਤੇ ਉਤਰ ਆਇਆ...।

"ਉਹ ਹੋਰ ਜ਼ਿਆਦਾ ਸਹਿਨ ਨਹੀਂ ਕਰਨਗੇ।" ਉਸ ਨੇ ਕਿਹਾ "ਤੁਸੀਂ ਲੋਕਾਂ ਦੀਆਂ ਅੱਖਾਂ ਅੱਗੇ ਜ਼ਿਆਦਾ ਦੇਰ ਹੇਰਾ ਫੇਰਾ ਨਹੀਂ ਕਰ ਸਕਦੇ, ਇਨ੍ਹਾਂ ਨੂੰ ਇਕ ਦਿਨ ਪਤਾ ਲੱਗ ਜਾਣਾ ਹੈ, ਕਿ ਬਹੁਤ ਸਾਰਾ ਅਨਾਜ ਤੇ ਕਪੜਾ ਵਾਧੂ ਪਿਆ ਹੈ ਤੇ ਇਨ੍ਹਾਂ ਨੇ ਇਹ ਖੋਹ ਲੈਣਾ ਹੈ!"

ਉਦੋਂ ਹੀ ਕਾਰ ਇਕ ਹੋਰ ਟੋਏ ਜਾ ਪਈ ਡਾਕਟਰ ਫਿਰ ਚੀਕਿਆ "ਅਜ ਕਲ ਆਦਮੀ ਕਿਸੇ ਦੇਵਤੇ ਜਾਂ ਪੈਗੰਬਰ ਤੋਂ ਪੁੱਛਣ ਦੀ ਜ਼ਰੂਰਤ ਨਹੀਂ ਸਮਝਦਾ ਕਿ ਕੀ ਹੋਣ ਵਾਲਾ ਹੈ। ਜ਼ਿਆਦਾ ਦੇਰ ਲੋਕਾਂ ਨੂੰ ਨਹੀਂ ਦਬਾਇਆ ਜਾ ਸਕਦਾ। ਉਹ ਬਿਲਕੁਲ ਨਹੀਂ ਸਹਿਣਗੇ।"

o o o

* ਟਾਕਸੋਇਡ (Toxoid) ਇਕ ਕਿਸਮ ਦੀ ਜ਼ਹਿਰ ਹੈ ਜਿਸਨੂੰ ਉਸਦੇ ਜ਼ਹਿਰ ਵਾਲੇ ਤੱਤਾਂ ਨੂੰ ਘਟਾ ਕੇ ਦਵਾ ਦੇ ਤੌਰ ਤੇ ਵਰਤਿਆ ਜਾਂਦਾ ਹੈ।

---

ਹਿੰਦੀ ਕਹਾਣੀ :—

## ਦੋ ਸ਼ਬਦ

ਲੇਖਕ :—ਕ੍ਰਿਸ਼ਨਾ ਅਗਨੀਹੋਤਰੀ
ਪੰਜਾਬੀ ਰੂਪ :—ਗੁਰਸ਼ਰਨ ਸਿੰਘ ਸੇਖੋਂ

ਸੁਬਾਹ ਸੁਬਾਹ ਕੋਰੇ-ਤਰੇਲ ਨਾਲ ਭਿੱਜਦਾ ਪ੍ਰਭਾਤ ਸਾਈਕਲ ਦੇ ਪੈਡਲ ਜ਼ੋਰ ਜ਼ੋਰ ਨਾਲ ਮਾਰਦਾ ਦਫਤਰ ਵਲ ਵਧ ਰਿਹਾ ਸੀ। ਠੰਡ ਕਾਰਨ ਮੂੰਹ ਵਿਚੋਂ ਧੂੰਆਂ ਨਿਕਲ ਰਿਹਾ ਸੀ। ਮਫਲਰ ਕਸਕੇ ਬੰਨਣ ਬਾਦ ਵੀ ਠੰਡ ਦੇ ਥਪੇੜੇ ਚੋਟ ਮਾਰਨ ਵਿਚ ਪਿਛੇ ਨਹੀਂ ਸਨ। ਉਹ ਸੀ-ਸੀ ਕਰਦਾ ਵਧ ਰਿਹਾ ਸੀ ਕਿ ਅਚਾਨਕ ਪੀਲੇ ਮਕਾਨ ਕੋਲ ਜਮ੍ਹਾਂ ਭੀੜ ਦੀ ਮਹਿੰਗਾਈ ਕਾਰਨ ਸਾਈਕਲ ਤੋਂ ਉਤਰਨ ਲਈ ਮਜਬੂਰ ਹੋ ਗਿਆ ਉਹ ਝੁੰਜਲਾਇਆ, ਪਰ ਉਸਦੀ ਇਹ ਝੁੰਜਲਾਹਟ ਅਚਾਨਕ ਪ੍ਰਸੰਨਤਾ ਵਿਚ ਬਦਲ ਗਈ, ਜਦੋਂ ਉਸਨੇ ਉਥੇ ਸ਼ਹਿਰ ਦੇ ਐਮ. ਐਲ. ਏ. ਭਈਆ ਜਮਨਾ ਲਾਲ ਜੀ ਨੂੰ ਦੇਖਿਆ।

ਪਰ ਉਸਨੇ ਕੁਝ ਹੈਰਤ ਨਾਲ ਦੇਖਿਆ ਕਿ ਸ਼ਹਿਰ ਦੀ ਸਾਰੀ ਜਨਤਾ ਉਸ ਸੜਕ ਦੇ ਚੱਪੇ ਚੱਪੇ ਤੇ ਆਪਣੀ ਜਗ੍ਹਾ ਬਨਾਉਣ ਲਈ ਅੱਗੇ ਵਧ ਰਹੀ ਹੈ। ਤਦੇ ਘਰ ਦੇ ਅੰਦਰੋਂ ਆਉਂਦੀ ਇਕ ਚੀਕ ਦੀ ਕਾਤਰ ਨੇ ਸਪਸ਼ਟ ਕਰ ਦਿਤਾ ਕਿ ਭਈਆ ਜੀ ਦੇ ਵੱਡੇ ਭਾਈ ਸਾਹਿਬ ਦਾ ਦੇਹਾਂਤ ਹੋ ਗਿਆ ਹੈ। ਉਹ ਤਿੰਨ ਸਾਲਾਂ ਤੋਂ ਲਕਵੇ ਨਾਲ ਪੀੜਤ ਸਨ।

ਆਉਣ ਵਾਲੇ ਪ੍ਰਮੁਖ ਵਿਅਕਤੀ ਸਵਰਗਵਾਸੀ ਦੇ ਪਰਵਾਰ ਪਾਸ ਨਾ ਜਾ ਕੇ, ਭਈਆ ਜੀ ਐਮ. ਐਲ. ਏ. ਦੇ ਚਿਹਰੇ ਵਲ ਦੇਖ ਆਪਣੇ ਚਿਹਰੇ ਉਪਰ ਭਰਪੂਰ ਦੁੱਖ ਫੈਲਾ ਕੇ ਬੋਲਦੇ, "ਅਰੇ ਭਈਆ, ਬਹੁਤ ਬੁਰਾ ਹੋਇਆ ਭਈਆ-ਆ-ਆ ਬਹੁਤ ਬੁਰਾ ਹੋਇਆ।"

ਭਈਆ ਜੀ ਆਪਣੇ ਵੱਡੇ ਭਾਈ ਦੀ ਮੌਤ ਨਾਲ ਸਚਮੁਚ ਬਹੁਤ ਦੁਖੀ ਸਨ। ਉਹਨਾਂ ਦੀਆਂ ਅੱਖਾਂ ਲਾਲ ਸਨ ਅਤੇ ਉਹ ਰੋ ਰੋ ਕੇ ਹੰਝੂ ਪੂੰਝ ਰਹੇ ਸਨ। ਅਚਾਨਕ ਉਹਨਾਂ ਦੀ ਦ੍ਰਿਸ਼ਟੀ ਪ੍ਰਭਾਤ ਵਲ ਗਈ।

"ਤੁਸੀਂ ਕਿਸ ਵਿਭਾਗ ਵਿਚ ਹੋ?"

"ਜੀ ਇੰਨਸ਼ੋਰੈਂਸ ਵਿਚ।"

"ਤਾਂ ਠੀਕ ਹੈ, ਜਰਾ ਲਪਕ ਕੇ ਦਫਤਰ ਤੋਂ ਕੁਝ ਲੋਕਾਂ ਨੂੰ ਟਰੰਕ ਕਾਲ ਕਰੋ ਤੇ ਕੁਝ ਲੋਕਾਂ ਨੂੰ ਲੋਕਲ ਕਾਲ।" ਫਿਰ ਉਹਨਾਂ ਨੇ ਕੁਝ ਨੰਬਰ ਨੋਟ ਕਰਵਾ ਦਿਤੇ।

ਪ੍ਰਭਾਤ ਅੱਗੇ ਵਧਿਆ ਹੀ ਸੀ ਕਿ ਉਸਦੀ ਵੱਖੀ ਵਲ ਖੜੇ ਵਿਆਸ ਜੀ ਲਪਕ ਕੇ ਭਈਆ ਜੀ ਵਲ ਵਧੇ ਅਤੇ ਆਪਣੇ ਆਪ ਨੂੰ ਸਾਹਮਣੇ ਲਿਆਉਣ ਵਿਚ ਕ੍ਰਿਤਾਰਥ ਸਮਝ ਪੁੱਛਣ ਲੱਗੇ,"ਮੇਰੇ ਯੋਗ ਸੇਵਾ?"

ਉਦੋਂ ਤੱਕ ਪ੍ਰਭਾਤ ਨੇ ਆਪਣੇ ਲੰਬੇ ਸਰੀਰ ਨੂੰ ਸਮੇਟਿਆ ਅਤੇ ਜਿਉਂ ਹੀ ਉਹ ਸਾਈਕਲ ਤੇ ਬੈਠਣ ਲੱਗਿਆ ਤਾਂ ਭਈਆ ਜੀ ਦੀ ਵੱਖੀ ਵਲ ਖੜੇ ਇਕ ਸਾਂਵਲੇ ਪਰ ਤਿੱਖੇ ਨਕਸ਼ਾਂ ਵਾਲੇ ਸੱਜਣ ਤਪਾਕ ਨਾਲ ਪ੍ਰਭਾਤ ਕੋਲ ਆਏ ਅਤੇ ਬੋਲੇ, "ਤੁਸੀਂ ਇੰਨਸੋਰੈਂਸ ਵਿਚ ਹੋ ਨਾ?"

"ਜੀ ਹਾਂ।" ਪ੍ਰਭਾਤ ਨੇ ਰੁੱਖਾਈ ਨਾਲ ਉਤਰ ਦਿਤਾ।

"ਮੈਂ ਹਾਂ ਦੀਕਸ਼ਿਤ, ਡਵੀਜ਼ਨਲ ਇੰਨਸ਼ੋਰੈਂਸ ਅਫਸਰ।"

ਪ੍ਰਭਾਤ ਦੇ ਚਿਹਰਾ ਇਕ ਦਮ ਪਿਘਲ ਗਿਆ ਕਿ ਉਹ ਮੌਤ ਦੇ ਘਰ ਵਿਚ ਖੜਾ ਹੈ। ਉਸਨੇ ਤੁਰੰਤ ਹੱਥ ਅੱਗੇ ਵਧਾਇਆ, "ਸਰ ਆਈ ਵਿਸ਼ ਯੂ ਏ ਨਿਊ ਈਅਰ।"

"ਥੈਂਕਸ-ਥੈਂਕਸ ਏ ਲਾਟ। ਅੱਛਾ ਹੋਇਆ ਤੁਸੀਂ ਮਿਲ ਗਏ, ਮੈਂ ਇਥੇ ਇਕੱਲਾ ਅਨੁਭਵ ਕਰ ਰਿਹਾ ਸੀ।"

ਦੀਕਸ਼ਿਤ ਜੀ ਭਈਆ ਜੀ ਦੇ ਵੱਡੇ ਸਵਰਗ-ਵਾਸੀ ਭਾਈ ਦੇ ਦਾਮਾਦ ਹਨ। ਉਹਨਾਂ ਨੂੰ ਲੋਕ ਇੰਨ-

ਸ਼ੋਰੈਂਸ ਦੀ ਤੋਪ ਮੰਨਦੇ ਹਨ ਅਤੇ ਉਹਨਾਂ ਨਾਲ ਇਕ ਲਫਜ਼ ਸਾਂਝਾ ਕਰਨ ਲਈ ਤਰਸਦੇ ਹਨ। ਪ੍ਰਭਾਤ ਨੇ ਉਹਨਾਂ ਨੂੰ ਹੁਣ ਤੱਕ ਦੂਰ ਤੋਂ ਹੀ ਦੇਖਿਆ ਸੀ। ਵਿਆਹ ਤੋਂ ਬਾਦ ਇੰਨਸ਼ੋਰੈਂਸ ਗੈਸਟ ਹਾਊਸ ਵਿਚ ਉਹ ਆਪਣੀ ਪਤਨੀ ਨੂੰ ਬੁਲਾ ਕੇ ਮਿਲਦੇ ਸੀ। ਅੱਜ ਉਹਨਾਂ ਨੂੰ ਇਤਨੇ ਆਪਣੇਪਨ ਨਾਲ ਬੋਲਦੇ ਦੇਖ ਪ੍ਰਭਾਤ ਨੂੰ ਲੱਗਿਆ, ਉਹ ਆਕਾਸ਼ ਵਿਚ ਉੱਡ ਰਿਹਾ ਹੈ, ਜਿਥੇ ਢੇਰਾਂ ਇੰਨਸ਼ੋਰੈਂਸ ਦੇ ਸਿਤਾਰੇ ਹਨ।

ਅਚਾਨਕ ਭਈਆ ਜੀ ਦੀ ਗੱਲ ਯਾਦ ਕਰਕੇ ਪ੍ਰਭਾਤ ਬੋਲਿਆ,"ਪਰ ਮੈਨੂੰ ਤਾਂ ਅਜੇ ਫੋਨ ਕਰਨ ਆਫਿਸ ਜਾਣਾ ਪਵੇਗਾ ਸਰ।"

"ਕੋਈ ਗੱਲ ਨਹੀਂ। ਮੇਰੇ ਘਰ ਵੀ ਸੰਦੇਸ਼ ਦੇ ਦੇਣਾ।" ਉਹਨਾਂ ਨੇ ਬੜੇ ਸਨੇਹ ਨਾਲ ਕਿਹਾ।

ਪ੍ਰਭਾਤ ਨੂੰ ਰਾਹਤ ਮਿਲੀ। ਇੰਨਸ਼ੋਰੈਂਸ ਆਫਿਸ ਪਹੁੰਚ ਕੇ ਉਸਨੇ ਫੋਨ 'ਤੇ ਇਸ ਤਰ੍ਹਾਂ ਹੱਥ ਰੱਖਿਆ, ਜਿਵੇਂ ਉਹ ਆਪ ਹੀ ਇੰਨਸ਼ੋਰੈਂਸ ਕੰਪਨੀ ਦਾ ਮਾਲਿਕ ਹੈ ਅਤੇ ਉਸਨੂੰ ਚਾਰ ਹਜ਼ਾਰ ਤਨਖਾਹ ਮਿਲਦੀ ਹੈ ਅਤੇ ਉਹ ਹੁਣੇ ਹੁਣੇ ਕਾਰ ਵਿਚੋਂ ਉਤਰਿਆ ਹੈ।

ਪ੍ਰਭਾਤ ਫੋਨ ਤੇ ਦੀਕਸ਼ਿਤ ਜੀ ਦਾ ਨਾਮ ਲੈ ਹੀ ਰਿਹਾ ਸੀ ਕਿ ਮਿ. ਘੋਗੇ ਉਥੇ ਆ ਪਹੁੰਚੇ, "ਅਰੇ ਪ੍ਰਭਾਤ ਤੂੰ ਦੀਕਸ਼ਿਤ ਜੀ ਨੂੰ ਜਾਣਨੈਂ? ਅਰੇ, ਜਦੋਂ ਉਹਨਾਂ ਦਾ ਇਤਨਾ ਜ਼ਰੂਰੀ ਕੰਮ ਹੈ ਤਾਂ ਤੂੰ ਸਾਈਕਲ ਤੇ ਕਿਤਨਾ ਕੁ ਦੌੜ ਲਏਂਗਾ। ਮੇਰਾ ਸਕੂਟਰ ਲੈ ਜਾ। ਮੈਂ ਉਦੋਂ ਤਕ ਉਥੇ ਤੇਰੀ ਸਾਈਕਲ 'ਤੇ ਪਹੁੰਚਦਾ ਹਾਂ।" ਅਵਾਜ਼ ਕੁਝ ਹਲਕੀ ਕਰਕੇ ਮਿ. ਘੋਗੇ ਨੇ ਮਿੱਠੇ ਸੁਰ ਵਿਚ ਕਿਹਾ, "ਜ਼ਰਾ ਸਾਡਾ ਵੀ ਉਨ੍ਹਾਂ ਨਾਲ ਪ੍ਰੀਚਯ ਕਰਵਾ ਦੇਣਾ ਭਾਈ। ਕੰਮ ਦੇ ਆਦਮੀ ਹਨ। ਇੰਦੌਰ ਰਹਿੰਦੇ ਹਨ। ਕਈ ਕੰਮ ਨਿਕਲ ਆਉਂਦੇ ਹਨ।"

ਪਹਿਲੀ ਵਾਰ ਪ੍ਰਭਾਤ ਨੂੰ ਦੁੱਖ ਹੋਇਆ ਕਿ ਉਸ ਨੇ ਅੱਜ ਤੱਕ ਸਕੂਟਰ ਚਲਾਉਣਾ ਕਿਉਂ ਨਹੀਂ ਸਿਖਿਆ। ਵਰਨਾ ਅੱਜ ਮਜ਼ੇ ਨਾਲ ਕੰਜੂਸ ਘੋਗੇ ਸਾਹਿਬ ਦਾ ਸਕੂਟਰ ਉਠਾ ਪਹਿਲਾਂ ਘਰ ਜਾਂਦਾ ਅਤੇ ਵਧੀਆ ਚਾਹ-ਨਾਸ਼ਤਾ ਕਰਕੇ ਅਤੇ ਸੁਆਟਰ ਨਾਲ ਲੈਸ ਹੋ ਕੇ ਤਦ ਮਈਅਤ ਵਿਚ ਸ਼ਾਮਲ ਹੁੰਦਾ। ਪਰ ਉਸਦੀ ਕਿਸਮਤ ਵਿਚ ਤਾਂ ਹੋਟਲ ਦੀ ਚਾਹ ਹੀ ਸੀ। ਉਸਨੂੰ ਨਿਗਲ ਕੇ ਉਹ ਛੇਤੀ ਨਾਲ ਦੀਕਸ਼ਿਤ ਜੀ ਨੂੰ ਆਪਣੀ ਵਫਾਦਾਰੀ ਦਾ ਬਿਆਨ ਦੇਣ ਲਈ ਨਿਕਲ ਪਿਆ। ਰਸਤੇ ਵਿਚ ਹੀ ਮੋਦੀ ਮਿਲ ਗਿਆ। ਉਸਨੇ ਬੜੀ ਬੇਸ਼ਰਮੀ ਨਾਲ ਪ੍ਰਭਾਤ ਦੇ ਮੋਢੇ ਪਕੜ ਕੇ ਕਿਹਾ,"ਭਾਈ! ਤੇਰੇ ਤਾਂ ਬੜੇ ਮਜ਼ੇ ਨੇ। ਸੁਣਿਆ ਹੈ ਦੀਕਸ਼ਿਤ ਜੀ ਨੇ ਆਪਣੇ 'ਪ੍ਰਾਈ-ਵੇਟ' ਵਰਕ ਤੈਨੂੰ ਦਿਤੇ ਹਨ।"

ਪ੍ਰਭਾਤ ਨੂੰ ਕਰੋਧ ਤਾਂ ਬਹੁਤ ਆਇਆ, ਪਰ ਉਹ ਚੁੱਪ ਰਿਹਾ ਅਤੇ ਉਸਨੇ ਦੀਕਸ਼ਿਤ ਜੀ ਦੇ ਕੋਲ ਪਹੁੰਚਦੇ ਪਹੁੰਚਦੇ ਆਪਣੇ ਆਪ ਨੂੰ ਬਹੁਤ ਸੰਭਾਲ ਲਿਆ। ਬੇਹੱਦ ਚੁਸਤੀ ਨਾਲ ਉਹ ਸਾਈਕਲ ਤੋਂ ਉਤਰਿਆ ਅਤੇ ਦੀਕਸ਼ਿਤ ਜੀ ਨੂੰ ਕਿਹਾ, "ਸਰ ! ਸਭ ਠੀਕ ਹੋ ਗਿਆ।"

ਦੀਕਸ਼ਿਤ ਕੁਝ ਹਟ ਕੇ ਪ੍ਰਭਾਤ ਨੂੰ ਬੋਲੇ, "ਅਸਲ ਵਿਚ ਮੈਂ ਇਥੇ ਜ਼ਰਾ ਘੱਟ ਹੀ ਆ ਸਕਿਆ ਹਾਂ। ਇਸ ਲਈ ਆਈ ਡੋਂਟ ਫੀਲ ਐਨੀ ਈਮੋਸ਼ਨਲ ਅਟੈਚਮੈਂਟ (ਮੈਨੂੰ ਕੋਈ ਭਾਵਾਤਮਿਕ ਲਗਾਉ ਅਨੁਭਵ ਨਹੀਂ ਹੁੰਦਾ)। ਹਾਂ, ਵਾਈਫ ਬਹੁਤ ਡਿਸਟਰਬਡ ਹੈ, ਇਸ ਲਈ ਨਾਲ ਮੈਨੂੰ ਵੀ ਆਉਣਾ ਪਿਆ।"

ਹੁਣ ਤੱਕ ਘੋਗੇ ਵੀ ਆਪਣੇ ਦੋ ਹੋਰ ਸਾਥੀਆਂ ਨਾਲ ਉਥੇ ਆ ਗਏ ਸਨ। ਉਹ ਬੜੀ ਹੀ ਨਿਮਰਤਾ ਨਾਲ ਹੱਥ ਜੋੜ ਕੇ ਦੀਕਸ਼ਿਤ ਜੀ ਨੂੰ ਬੋਲੇ, "ਸਰ ਸਾਡੇ ਯੋਗ ਕੰਮ ਦੱਸੋ। ਸੇਵਾ ਦਾ ਮੌਕਾ ਵਾਰ ਵਾਰ ਕਦੋਂ ਆਉਂਦਾ ਹੈ।"

ਅੰਦਰੋਂ ਰੋਣ ਦੀਆਂ ਅਵਾਜ਼ਾਂ ਤੇਜ਼ ਹੋ ਰਹੀਆਂ ਸਨ ਅਤੇ ਧੁੱਪ ਦੇ ਲਮਹੇਂ ਵੀ ਵਧ ਗਏ ਸਨ। ਉਸੇ ਤਰ੍ਹਾਂ ਇੰਨਸ਼ੋਰੈਂਸ ਦੇ ਬਾਬੂਆਂ ਦਾ ਝੁੰਡ ਵੀ ਇਕ ਪਾਸੇ ਵਧਦਾ ਜਾ ਰਿਹਾ ਸੀ।

"ਤੁਸੀਂ ਲੋਕ ਇਥੇ ਕਿਤਨਾ ਇੰਨਸ਼ੋਰੈਂਸ ਬਣਾ ਲੈਂਦੇ ਹੋ?" ਦੀਕਸ਼ਿਤ ਜੀ ਨੇ ਪੁੱਛਿਆ।

"ਸਾਹਿਬ, ਇਥੇ ਤਾਂ ਮੈਂ ਭੁੱਖਾ ਹੀ ਰਹਿੰਦਾ ਹਾਂ। ਪ੍ਰੰਤੂ ਅਗਰ ਤੁਸੀਂ ਮੈਨੂੰ ਇੰਦੌਰ ਦੇ ਦਿਓ ਤਾਂ ਮੈਂ ਕਸਮ ਖਾ ਕੇ ਕਹਿੰਦਾ ਹਾਂ ਕਿ ਦਸ ਲੱਖ ਦਾ ਬਿਜ਼ਨੈਸ ਦੇ ਸਕਦਾ ਹਾਂ। ਸਰ ਮੇਰੀਆਂ ਤਿੰਨ ਜੁਆਨ ਲੜਕੀਆਂ ਵਿਆਹੁਣ ਯੋਗ ਹਨ, ਅਗਰ ਤੁਸੀਂ ਮੇਰੀ ਮੱਦਦ ਕਰੋ ਤਾਂ . ।"

"ਅਰੇ ਓ ਬਾਬੂ......ਫੁੱਲ-ਮਾਲਾਵਾਂ ਲੈ ਆਏ ਨਾ?" ਸੁਣਦੇ ਹੀ ਘੋਗੇ ਨੇ ਉਹਨਾਂ ਫੁੱਲ-ਮਾਲਾਵਾਂ ਨੂੰ ਇਸ ਤਰ੍ਹਾਂ ਹੱਥਾਂ ਵਿਚ ਲੈ ਲਿਆ, ਜਿਵੇਂ ਕਿਸੇ ਜਲਸੇ ਵਿਚ ਉਹਨਾਂ ਨੂੰ ਲਿਜਾ ਰਿਹਾ ਹੋਵੇ।

"ਠੀਕ ਹੈ, ਤੁਹਾਨੂੰ ਬੁਲਾ ਲਵਾਂਗਾ, ਪਰ ਦਸ ਲੱਖ ਦੀ ਗੱਲ ਯਾਦ ਰੱਖਣਾ।" ਦੀਕਸ਼ਿਤ ਜੀ ਹਲਕੇ ਜਹੇ ਮੁਸਕਰਾ ਪਏ।

ਪ੍ਰਭਾਤ ਨੇ ਹੈਰਾਨੀ ਨਾਲ ਦੇਖਿਆ, ਬ੍ਰਾਂਚ ਮੈਨੇਜਰ ਤੇ ਹੋਰ ਵੱਡੇ ਵੱਡੇ ਇੰਨਸ਼ੋਰੈਂਸ ਕਰਮਚਾਰੀ ਵੀ ਉਥੇ ਤਤਪਰਤਾ ਨਾਲ ਆ ਰਹੇ ਸੀ।

"ਅੱਜ ਕੀ ਛੁੱਟੀ ਹੈ ਸਰ?" ਪ੍ਰਭਾਤ ਨੇ ਪੁੱਛਿਆ।

"ਨਹੀਂ। ਪਰ ਸਾਹਿਬ ਦੇ ਸਹੁਰਾ ਜੀ ਨਹੀਂ

ਰਹੇ, ਇਸ ਲਈ ਕੀ ਫਰਕ ਪੈਂਦਾ ਹੈ, ਅਗਰ ਆਫਿਸ ਅੱਧੇ ਦਿਨ ਬਾਅਦ ਲੱਗ ਜਾਏ ਤਾਂ?" ਮੈਨੇਜਰ ਨੇ ਅੱਖਾਂ ਸਿਕੋੜੀਆਂ ਅਤੇ ਧਿਆਨ ਨਾਲ ਦੇਖਿਆ ਕਿ ਦੀਕਸ਼ਿਤ ਜੀ ਪ੍ਰਭਾਤ ਦੇ ਮਾਧਿਅਮ ਦੁਆਰਾ ਹੀ ਗੱਲਾਂ ਕਰ ਰਹੇ ਸੀ। ਅੱਜ ਤੱਕ ਉਹਨਾਂ ਨੇ ਕਦੇ ਪ੍ਰਭਾਤ ਵਲ ਧਿਆਨ ਨਹੀਂ ਸੀ ਦਿਤਾ। ਪਰ ਅੱਜ ਬੇਵਜਾ ਲੰਮੀ ਮੁਸਕਾਨ ਸੁੱਟ ਬੋਲੇ, "ਯੈਸ ਸਰ, ਹੀ ਇਜ਼ ਏ ਚਾਰਮਿੰਗ ਯੰਗਮੈਨ।"

ਪ੍ਰਭਾਤ ਨੇ ਯਾਦ ਕਰਨਾ ਚਾਹਿਆ, ਉਸਨੇ ਅੱਜ ਸਵੇਰੇ ਕਿਸਦਾ ਮੂੰਹ ਦੇਖਿਆ ਸੀ?

ਲਾਸ਼ ਲੈ ਜਾਣ ਦੀ ਤਿਆਰੀ ਪੂਰੀ ਹੋ ਚੁੱਕੀ ਸੀ। ਅੰਦਰੋਂ ਲਾਸ਼ ਬਾਹਰ ਲਿਆਉਣ ਲਈ ਸਾਰੇ ਆਤੁਰ ਸਨ। ਜਮਨਾ ਲਾਲ ਜੀ ਦੀ ਦ੍ਰਿਸ਼ਟੀ ਜਿਹੜੇ ਵੀ ਚਮਚੇ ਤੇ ਪੈਂਦੀ, ਉਹੋ ਹੀ ਜ਼ੋਰ ਨਾਲ ਹਿਲਣ ਲਗਦਾ।

ਇਕ ਚਮਚਾ ਸੀ, ਛੋਟੀ-ਜਹੀ ਪੱਤਰਕਾ ਦਾ ਸੰਪਾਦਕ। ਖਾਦੀ ਦਾ ਸਫੈਦ ਕੁੜਤਾ ਪਹਿਨਿਆ ਹੋਇਆ ਸੀ। ਉਹ ਅੱਗੇ ਵਧੇ ਅਤੇ ਹਕਲਾ ਕੇ ਬੋਲੇ, "ਓ ਸ-ਸ-ਸ਼ੁਕਲਾ ਜੀ, ਆਪ ਸਭ ਆਏ-ਏ"। ਅਤੇ ਜਮਨਾ ਲਾਲ ਜੀ ਦੇ ਵਿਸ਼ੇਸ਼ ਚਹੇਤਿਆਂ ਨੇ ਘਰ ਵਿਚ ਇਸ ਸ਼ਾਨ ਨਾਲ ਪ੍ਰਵੇਸ਼ ਕੀਤਾ, ਜਿਵੇਂ ਉਹ ਕਿਤੇ ਉਦਘਾਟਨ ਵਿਚ ਜਾ ਰਹੇ ਹੋਣ।

ਵਿਚਾਰਾ ਬੇਟਾ ਆਪਣੇ ਬਾਪ ਦੀ ਲਾਸ਼ ਕੋਲ ਬੜੀ ਵਿਛੋੜੇ ਦੀ ਸਥਿਤੀ ਵਿਚ ਖੜਾ ਪਿਤਾ ਦੇ ਜਨਾਜ਼ੇ ਦਾ ਉਤਸਵ ਸਜਦਾ ਦੇਖਦਾ ਰਿਹਾ।

ਔਰਤਾਂ ਲਾਸ਼ ਨੂੰ ਛੱਡ ਨਹੀਂ ਸਨ ਰਹੀਆਂ। ਲੜਕੀਆਂ ਵੀ ਲਾਸ਼ ਨਾਲ ਲਿਪਟੀ ਜਾ ਰਹੀਆਂ ਸਨ। ਪ੍ਰਭਾਤ ਇਕ ਦਮ ਪਿਘਲ ਗਿਆ। ਪਰ ਉਸਨੇ ਦੇਖਿਆ ਕਿ ਵਿਰੋਧੀ ਦਲ ਦੇ ਐਮ, ਐਲ. ਏ. ਨੇ ਬੜੀ ਉਮੰਗ ਨਾਲ ਲੜਕੀ ਦੇ ਮੋਢੇ ਥਪਥਪਾ ਕੇ ਕਿਹਾ, "ਬੇਟੀ! ਅਸੀਂ ਸਭ ਤਾਂ ਹਾਂ। ਚਿੰਤਾ ਦੀ ਕੀ ਗੱਲ ਹੈ। ਅਸੀਂ ਤੁਹਾਨੂੰ ਇਕੱਲਾਪਣ ਨਹੀਂ ਮਹਿਸੂਸ ਹੋਣ ਦਿਆਂਗੇ।"

ਉਹਨਾਂ ਦੀ ਦ੍ਰਿਸ਼ਟੀ ਵਿਚੋਂ ਉਤਸ਼ਾਹ ਝਲਕ ਰਿਹਾ ਸੀ।

ਜਮਨਾ ਲਾਲ ਜੀ ਕੁਝ ਸੰਤੁਸ਼ਟ ਦਿਸੇ।

ਆਉਣ ਵਾਲਿਆਂ ਦੀ ਭੀੜ ਵਧ ਰਹੀ ਸੀ।

ਦੀਕਸ਼ਿਤ, ਪ੍ਰਭਾਤ ਅਤੇ ਇੰਨਸ਼ੋਰੈਂਸ ਕੰਪਨੀ ਦੇ ਸਾਰੇ ਕਰਮਚਾਰੀ ਤੇ ਅਫਸਰ ਗੋਸ਼ਟੀ ਵਿਚ ਰੁੱਝ ਚੁੱਕੇ ਸਨ।

"ਸ਼ਾਸਨ-ਅਸਾਂ ਲੋਕਾਂ ਦੇ ਭੱਤੇ ਵਧਾਏਗਾ ਜਾਂ ਨਹੀਂ?" ਘੋਗੇ ਨੇ ਪੁੱਛਿਆ।

"ਵਧਾਉਣਾ ਪਵੇਗਾ: ਕਿਤਨਾ ਵਧੇਗਾ, ਇਸਦਾ ਕੋਈ ਅੰਦਾਜ਼ਾ ਨਹੀਂ ਹੈ.. ਵੈਸੇ ਅਸੀਂ ਸਾਰੇ ਤਾਂ ਸਟਰਾਈਕ ਲਈ ਤਿਆਰ ਹੀ ਹਾਂ।" ਦੀਕਸ਼ਿਤ ਜੀ ਨੇ ਕਿਹਾ।

"ਯੈਸ, ਸਰ।" ਘੋਗੇ ਬੋਲਿਆ।

"ਵੈਸੇ ਘੋਗੇ ਸਾਹਿਬ ਬਹੁਤ ਕੰਮ-ਕਾਜੀ ਵਿਅਕਤੀ ਨੇ। ਹੜਤਾਲ ਦੇ ਦਿਨਾਂ ਵਿਚ ਵੀ ਕੋਈ ਨਾ ਕੋਈ ਕਾਗਜ਼ ਲੱਭਣ ਆਫਿਸ ਆ ਜਾਂਦੇ ਨੇ।" ਪ੍ਰਭਾਤ ਹੌਲੀ ਜਹੇ ਹੱਸਿਆ।

ਬੱਸ ਮਾਲਕ ਦੂਬੇ ਆ ਗਏ ਅਤੇ ਭਈਆ ਜੀ ਦੇ ਸਾਹਮਣੇ ਹੱਥ ਬੰਨ੍ਹਕੇ ਬੋਲੇ, "ਭਈਆ ਜੀ! ਜ਼ਰਾ ਦੇਰ ਹੋ ਗਈ।" ਦੋ-ਤਿੰਨ ਟਰੱਕਾਂ ਨਾਲ ਉਹਨਾਂ ਦੇ ਮਾਲਕ ਵੀ ਬੱਸ ਦੇ ਪਿੱਛੇ ਲਾਈਨ ਲਗਾ ਕੇ ਖੜੇ ਹੋ ਗਏ।

ਲਕਵੇ ਨਾਲ ਗ਼ਰੀਬੀ ਵਿਚ ਮਰੇ ਸੁੱਖ ਲਾਲ ਰਾਜਿਆਂ ਵਾਂਗ ਸਜਾਏ ਗਏ। ਉਨ੍ਹਾਂ ਨੂੰ ਅਸਲੀ ਵਧੀਆ ਸਿਲਕ ਦੇ ਬਸਤਰਾਂ ਨਾਲ ਸੁਗੰਧਿਤ ਪੁਸ਼ਪਾਂ ਨਾਲ ਸਜਾਇਆ ਗਿਆ ਅਤੇ ਲੋਕ ਵਾਰੀ ਵਾਰੀ ਨਾਲ ਭਾਵ ਭਿੰਨੀ ਸ਼ਰਧਾਂਜਲੀ ਲਈ ਉਨ੍ਹਾਂ ਉਤੇ ਫੁੱਲ-ਮਾਲਾਵਾਂ ਚੜ੍ਹਾਉਣ ਲੱਗੇ। ਦੁਬਲੇ ਪਤਲੇ ਸੁੱਖ-ਲਾਲ ਜੀ ਦੇ ਸਰੀਰ ਉਤੇ ਫੁਲ-ਮਾਲਾਵਾਂ ਦਾ ਵਜ਼ਨ ਕਾਫੀ ਅਧਿਕ ਹੋ ਗਿਆ ਸੀ।

ਅਰਥੀ–ਯਾਤਰਾ ਸ਼ੁਰੂ ਹੋਈ ਤਾਂ ਅਰਥੀ ਨੂੰ ਕੁਝ ਦੂਰ ਮੋਢਾ ਦੇਣ ਵਾਲਿਆਂ ਵਿਚ ਦੌੜ ਜਹੀ ਲੱਗ ਪਈ। ਸਾਰੇ ਸੋਚ ਰਹੇ ਸੀ ਕਿ ਇਸ ਅਵਸਰ ਤੇ ਕਿਤੇ ਅਸੀਂ ਨਾ ਪਿਛੇ ਰਹਿ ਜਾਈਏ। ਸੁੱਖ ਲਾਲ ਦੇ ਲੜਕੇ ਨੂੰ ਮੋਢਾ ਦਿੰਦੇ ਰਹਿਣਾ ਪਿਆ, ਪਰ ਭਾਈਆ ਸਾਹਿਬ ਨੂੰ ਤਾਂ ਲੋਕਾਂ ਨੇ ਅਰਥੀ ਕੋਲ ਜਾਣ ਹੀ ਨਾ ਦਿਤਾ।

ਥੋੜੀ ਦੂਰ ਜਾਣ ਤੇ ਅਰਥੀ ਟਰੱਕ 'ਤੇ ਰੱਖੀ ਗਈ ਅਤੇ ਜਲੂਸ ਸ਼ਮਸ਼ਾਨ ਵਲ ਰਵਾਨਾ ਹੋਇਆ।

ਅਗਰਵਾਲ ਦੁਕਾਨਦਾਰ ਕੁਝ ਪਿਛੇ ਸੀ। ਬੋਲਿਆ, "ਕਿਉਂ ਪ੍ਰਭਾਤ! ਕਮ-ਸੇ-ਕਮ ਤਿੰਨ ਵੱਜ ਜਾਣਗੇ...ਕੀ ਦੱਸਾਂ ਯਾਰ, ਅੱਜ ਤਾਂ ਹਾਟ ਦਾ ਦਿਨ ਹੈ। ਖੈਰ ਉਹ ਸਭ ਤਾਂ ਦੇਖਿਆ ਜਾਏਗਾ...।" ਅਤੇ ਉਸਨੇ ਪੀਲੇ ਦੰਦ ਬਾਹਰ ਕੱਢ ਲਏ।

"ਬੜਾ ਪਾਲਾ ਹੈ ਅੱਜ!" ਦੂਬੇ ਜੀ ਬੋਲੇ ਅਤੇ ਭਈਆ ਜੀ ਦੇ ਕੋਲ ਸਰਕ ਕੇ ਉਹਨਾਂ ਤੋਂ ਪੁੱਛਣ ਲੱਗੇ "ਤੁਹਾਡੀ ਤਬੀਅਤ ਤਾਂ ਅੱਛੀ ਹੈ ਨਾ ਸਰ?"

"ਤੁਸੀਂ ਸੁੱਖਲਾਲ ਨੂੰ ਕਦੋਂ ਤੋਂ ਜਾਣਦੇ ਹੋ?" ਪ੍ਰਭਾਤ ਨੇ ਅਗਰਵਾਲ ਤੋਂ ਪੁਛਿਆ।

"ਮੈਂ ਤਾਂ ਉਨ੍ਹਾਂ ਨੂੰ ਅੱਜ ਹੀ ਦੇਖਿਆ, ਪਰ ਉਹ ਆਪਣੇ ਐਮ. ਐਲ. ਏ. ਸਾਹਿਬ ਦੇ ਵੱਡੇ ਭਾਈ ਤਾਂ ਸਨ ਨਾ?" ਉਹ ਫੇਰ ਪੀਲੇ ਦੰਦ ਦਿਖਾਉਂਦਾ ਹੱਸਣ

ਲੱਗਿਆ।

ਹਰ ਚੌਰਾਹੇ ਉਤੇ ਕੁਝ ਲੋਕਾਂ ਦੀ ਸੰਖਿਆ ਵਧਦੀ ਚਲੀ ਗਈ। ਇਸ ਤਰ੍ਹਾਂ ਭੀੜ ਦੇ ਵੱਡੇ ਤੂਫਾਨ ਨਾਲ ਅਰਥੀ-ਯਾਤਰਾ ਸ਼ਮਸ਼ਾਨ ਤੱਕ ਪੂਰੀ ਹੋਈ।

ਲੱਕੜੀ ਇਕੱਤਰ ਕਰਕੇ ਚਿਤਾ ਤਿਆਰ ਕਰਨ ਲਈ ਕਈ ਇਕਾਈਆਂ ਉਤਸ਼ਾਹਿਤ ਹਨ। ਅਵਸਥੀ ਜੀ ਨੇ ਵੱਡੇ ਵੱਡੇ ਮੁੱਢ ਇਕੱਲੇ ਨੇ ਹੀ ਘਸੀਟਣੇ ਸ਼ੁਰੂ ਕਰ ਦਿਤੇ। ਥੋੜੀ ਥੋੜੀ ਦੂਰ 'ਤੇ ਉਹ ਹਫਣ ਲਈ ਰੁਕ ਜਾਂਦੇ ਸਨ, ਤਾਂ ਕਿ ਫੋਟੋਗ੍ਰਾਫਰ ਫੋਟੋ ਠੀਕ ਉਤਾਰ ਸਕਣ।

ਅਚਾਨਕ ਇੰਨਸ਼ੋਰੈਂਸ ਦੇ ਭੁੱਲੇ ਸਾਹਿਬ ਲਗਭਗ ਦੌੜਦੇ ਹੋਏ ਉਥੇ ਆਏ। ਉਹਨਾਂ ਦੇ ਮੂੰਹ ਵਿਚ ਦਾਤਣ ਦੇ ਛਿਲਕੇ ਤੱਕ ਚਿਪਕੇ ਹੋਏ ਸਨ। ਅੱਜ ਤੱਕ ਉਹਨਾਂ ਨੇ ਕਦੇ ਪ੍ਰਭਾਤ ਨਾਲ ਗੱਲ ਨਹੀਂ ਕੀਤੀ ਸੀ, ਪਰ ਹੁਣ ਤਰੰਤ ਉਸਦੇ ਕੋਲ ਚਿਪਕ ਕੇ ਖੜੇ ਹੋ ਗਏ। "ਜਾਣਦੇ ਤਾਂ ਹੋ ਯਾਰ, ਵੱਡਾ ਲੜਕਾ ਤੇ ਲੜਕੀ ਬੰਬਈ ਵਿਚ ਨੇ। ਦੀਕਸ਼ਿਤ ਜੀ ਦੀ ਪਹਿਚਾਣ ਉਥੇ ਹੋਵੇਗੀ। ਅਤੇ ਇਸ ਸਮੇਂ ਤਾਂ ਮੈਨੂੰ ਆਉਣਾ ਹੀ ਚਾਹੀਦਾ ਸੀ। ਤੁਸੀਂ ਜ਼ਰਾ ਮੇਰੀ ਪਹਿਚਾਣ ਉਹਨਾਂ ਨਾਲ ਕਰਵਾ ਦਿਉ।" ਉਹ ਫੁਸਫੁਸਾਏ।

ਪ੍ਰਭਾਤ ਬੁਖਲਾ ਗਿਆ। ਉਸਦੀ ਪਤਨੀ ਇਸ ਸ਼ਹਿਰ ਤੋਂ ਕਿਤਨੀ ਦੂਰ ਪਿੰਡ ਵਿਚ ਨੌਕਰੀ ਕਰਦੀ ਹੈ, ਕਿਤਨੇ ਯਤਨਾਂ ਤੋਂ ਬਾਦ ਵੀ ਪ੍ਰਭਾਤ ਤਬਾਦਲੇ ਦੀ ਦਲਦਲ ਵਿਚ ਲਗਭਗ ਦੋ ਹਜ਼ਾਰ ਰੁਪਏ ਗੁਆ ਚੁੱਕਾ ਹੈ। ਇਥੋਂ ਤੱਕ ਕਿ ਉਹ ਪਤਨੀ ਦੀ ਜਗਾ ਕੰਮ ਕਰਦੇ ਮੁਕਰਜੀ ਦੇ ਕੋਲ ਜਾ ਕੇ ਵੀ ਗਿੜਗਿੜਾ ਚੁਕਾ ਹੈ, "ਤੁਸੀਂ ਬੇਸ਼ੱਕ ਦੋ ਹਜ਼ਾਰ ਲੈ ਲਉ, ਵੈਸੇ ਵੀ ਤੁਸੀਂ ਤਾਂ ਇਕੱਲੀ ਜਾਨ ਹੋ, ਕਿਤੇ ਵੀ ਰਹਿ ਸਕਦੇ ਹੋ . "

"ਤਾਂ ਕੀ? ਅੱਛਾ ਸ਼ਹਿਰ ਕਿਸਨੂੰ ਬੁਰਾ ਲਗਦਾ ਹੈ? ਫਿਰ ਵੀ ਤੁਸੀਂ ਕੋਸ਼ਿਸ਼ ਕਰ ਲਓ।"

ਅਤੇ ਜਦੋਂ ਇਕ ਦਿਨ ਪ੍ਰਭਾਤ ਹਿੰਮਤ ਕਰਕੇ ਜਮਨਾ ਲਾਲ ਜੀ ਨੂੰ ਮਿਲਣ ਗਿਆ ਤਾਂ ਮੁਕਰਜੀ ਉਥੇ ਪਹਿਲਾਂ ਤੋਂ ਹੀ ਜਮੁਨਾ ਲਾਲ ਜੀ ਦੀਆਂ ਲੱਤਾਂ ਘੁੱਟਦਾ ਦਿਸਿਆ। ਪ੍ਰਭਾਤ ਕੀ ਕਰਦਾ, ਹਤਾਸ਼ ਹੋ ਕੇ ਵਾਪਸ ਮੁੜ ਆਇਆ।

ਸ਼ਮਸ਼ਾਨ ਵਿਚ ਭਾਸ਼ਨ ਪ੍ਰਕਿਰਿਆ ਆਰੰਭ ਹੋ ਗਈ ਸੀ। ਦੂਬੇ ਜੀ ਤੇ ਅਗਰਵਾਲ ਨੇ ਲੱਭ ਲੱਭ ਕੇ ਹਿੰਦੀ ਦੇ ਭਾਰੀ-ਭਰਕਮ ਸ਼ਬਦਾਂ ਵਿਚ ਸ਼ਰਧਾਂਜਲੀ ਅਰਪਿਤ ਕੀਤੀ। ਵਿਰੋਧੀ ਦਲ ਦੇ ਨੇਤਾ ਗੰਭੀਰ ਸੁਰ ਵਿਚ ਬੋਲੇ, "ਚਾਹੇ ਜੋ ਵੀ ਹੈ, ਉਹ ਇਕ ਵਿਸ਼ਵਾਸ਼-ਯੋਗ ਕਰਮਸ਼ੀਲ ਵਿਅਕਤੀ ਸਨ। ਉਹਨਾਂ ਦੇ ਨਾ ਰਹਿਣ ਨਾਲ ਇਸ ਸ਼ਹਿਰ ਨੂੰ ਭਾਰੀ ਹਾਨੀ ਪਹੁੰਚੀ ਹੈ।" ਪ੍ਰਭਾਤ ਨੇ ਸਿਰ ਖੁਰਕਿਆ। ਵਿਚਾਰੇ ਦੋ ਸਾਲਾਂ ਤੋਂ ਲਕਵੇ ਨਾਲ ਪੀੜਤ ਸਨ, ਉਦੋਂ ਤਾਂ ਕੋਈ ਦੇਖਣ ਤਕ ਨਹੀਂ ਆਇਆ, ਹੁਣ ਸ਼ਹਿਰ ਸੁੰਨਾ ਹੋ ਜਾਵੇਗਾ।

ਜਮਨਾ ਲਾਲ ਜੀ ਦੀਕਸ਼ਿਤ ਵਲ ਮੁਖ਼ਾਤਿਬ ਹੋਏ, "ਦੀਕਸ਼ਿਤ, ਤੁਸੀਂ ਵੀ ਦੋ ਸ਼ਬਦਾਂ ਵਿਚ ਸ਼ਰਧਾਂਜਲੀ ਦੇ ਦਿਓ।

ਦੀਕਸ਼ਿਤ ਜੀ ਦਾ ਚਿਹਰਾ ਲਾਲ ਹੋ ਉਠਿਆ, ਜਿਵੇਂ ਉਹਨਾਂ ਨੂੰ ਕਿਸੇ ਨੇ ਗਾਲ ਕੱਢੀ ਹੋਵੇ, ਪਰ ਸੀ ਤਾਂ ਉਹ ਅਫਸਰ। ਹਾਲਾਤ ਨਾਲ ਨਿਪਟਣ ਲਈ ਉਹਨਾਂ ਨੇ ਤੁਰੰਤ ਆਪਣੇ ਪਿਆਰੇ ਮਾਤਹਿਤ ਪ੍ਰਭਾਤ ਨੂੰ ਕਿਹਾ, "ਅਸੀਂ ਸਭਨਾਂ ਵਲੋਂ ਤੁਸੀਂ ਸ਼ਾਨਦਾਰ ਸ਼ਰਧਾਂਜਲੀ ਦੇ ਮਾਰੋ। ਮੇਰਾ ਤਾਂ ਕੱਲ ਰਾਤ ਤੋਂ ਹੀ ਗਲਾ ਖਰਾਬ ਹੈ। ਨਾਓ ਡਾਂਟ ਡਲੇਅ, ਦੇਰ ਮੱਤ ਕਰੋ, ਖੜੇ ਹੋ ਜਾਓ।"

ਪ੍ਰਭਾਤ ਨੂੰ ਲੱਗਿਆ, ਦੁਨੀਆਂ ਘੁੰਮ ਰਹੀ ਹੈ, ਕਿਉਂਕਿ ਅੱਜ ਤਕ ਉਸਨੂੰ ਭਾਸ਼ਨ ਦੇਣ ਦਾ ਮੌਕਾ ਪ੍ਰਾਪਤ ਨਹੀਂ ਹੋ ਸਕਿਆ ਸੀ। ਉਸਦਾ ਸਫੇਦ ਚਿਹਰਾ. ਟੰਗਾਂ ਅਤੇ ਮੌਨ ਦੇਖ ਦੀਕਸ਼ਿਤ ਜੀ ਨੇ ਉਸਨੂੰ ਹੁਕਮੀਆਂ ਲਹਿਜ਼ੇ ਵਿਚ ਕਿਹਾ, "ਸਟਾਰਟ ਮੈਨ! ਦੋ ਸ਼ਬਦ ਕਹੋ!"

ਪ੍ਰਭਾਤ ਨੇ ਪੈਰ ਸਾਂਭੇ ਅਤੇ ਭੀੜ ਨੂੰ ਦੇਖਿਆ— ਇਤਨੇ ਲੋਕ! ਉਸਦੀ ਨਬਜ਼ ਢਿੱਲੀ ਪੈਣ ਲੱਗੀ। ਇਕ ਪਲ ਵਿਚ ਉਸਨੂੰ ਲੱਗਿਆ, ਉਹ ਡਿੱਗ ਪਵੇਗਾ, ਤਾਂ ਨੌਕਰੀ ਤੋਂ ਛੁੱਟੀ ਹੋ ਜਾਏਗੀ ਅਤੇ ਬੇਕਾਰੀ ਦੀ ਦਰਦਨਾਕ ਕਲਪਨਾ ਮਾਤਰ ਤੋਂ ਹੀ ਉਸਦੀਆਂ ਅੱਖਾਂ ਭਰ ਆਈਆਂ। ਬੇਬਸੀ, ਖਿਝ ਅਤੇ ਭੈਅ ਨੇ ਉਸਨੂੰ ਸੱਚਮੁੱਚ ਰੁਆ ਦਿਤਾ। ਉਹ ਰੋਂਦਾ ਰੋਂਦਾ ਬੋਲ ਉਠਿਆ, "ਹਾਂ, ਉਹ ਬਹੁਤ ਅੱਛੇ ਸਨ, ਅੱਛੇ ਸਨ..." ਅਤੇ ਰੋਂਦੇ ਰੋਂਦੇ ਉਸਦੀ ਘਿੱਗੀ ਬੱਝ ਗਈ।

ਪ੍ਰਭਾਤ ਦੇ ਰੋਣ ਨਾਲ ਅਨੇਕਾਂ ਲੋਕ ਦ੍ਰਵਿਤ ਹੋ ਉਠੇ। ਦੀਕਸ਼ਿਤ ਜੀ ਖ਼ੁਸ਼ ਹੋ ਕੇ ਬੋਲੇ, "ਐਕਸੀਲੇਂਟ!"

ਜਮਨਾ ਲਾਲ ਜੀ ਨੇ ਉਸਦੇ ਪਾਸ ਆ ਕੇ ਕਿਹਾ, "ਧੀਰਜ ਰੱਖੋ ਬੇਟੇ! ਅਸੀਂ ਸਭ ਦੁਖੀ ਹਾਂ।"

ਮੁੜਦੇ ਸਮੇਂ ਵੀ ਪ੍ਰਭਾਤ ਦੀ ਗ਼ਮਗੀਨ ਸਥਿਤੀ ਤੋਂ ਪ੍ਰਭਾਵਿਤ ਜਮਨਾ ਲਾਲ ਜੀ ਨੇ ਕਿਹਾ, "ਬੇਟੇ, ਤੁਸੀਂ ਬਹੁਤ ਭਾਵੁਕ ਅਤੇ ਅੱਛੇ ਲੜਕੇ ਹੋ। ਕੋਈ ਕੰਮ ਹੋਇਆ ਤਾਂ ਮੈਨੂੰ ਘਰ ਮਿਲ ਲੈਣਾ।"

ਤਦ ਦੋ ਸ਼ਬਦਾਂ ਦੀ ਖੱਟੀ ਪ੍ਰਭਾਤ ਦੀ ਪਤਨੀ ਦੀ ਉਸੇ ਸ਼ਹਿਰ ਵਿਚ ਬਦਲੀ ਹੋ ਗਈ ਅਤੇ ਉਸਦਾ ਪ੍ਰਮੋਸ਼ਨ ਹੋ ਗਿਆ।

o

ਕਹਾਣੀ

# ਵਾਗੁਰੂ-ਵਾਗੁਰੂ ਕਹੁ

o ਜਿੰਦਰ

ਲਗਾਤਾਰ ਥੱਲਿਓਂ 'ਵਾਜਾਂ ਪੈ ਰਹੀਆਂ ਸਨ। ਹਰੇਕ 'ਵਾਜ ਨਾਲ ਉਹ ਹੋਰ 'ਕੱਠਾ ਹੋ ਜਾਂਦਾ ਤੇ ਖੇਸ ਨੂੰ ਚੌਹ ਪਾਸਿਓਂ ਘੁੱਟ ਲੈਂਦਾ। ਰਾਤੀਂ ਮੱਛਰ ਨੇ ਟਿਕਣ ਨਹੀਂ ਦਿੱਤਾ ਸੀ ਤੇ ਨਾਲ ਈ ਮਸ਼ੀਨਾਂ ਦੀ ਘੂੰ ਘੂੰ ਤੇ ਤੱਤੀ ਵਗਦੀ ਲੋਅ ਨੇ ਰਹਿੰਦੀ ਖੂੰਹਦੀ ਕਸਰ ਵੀ ਪੂਰੀ ਕਰ ਦਿੱਤੀ ਸੀ।

"ਪਾੜ੍ਹਿਆ ਉੱਠ ਵੀ ਖੜ" ਵਿਹੜੇ 'ਚੋਂ ਵੱਡੇ ਵੀਰ ਨੇ ਖਿੱਝ ਕੇ ਸਾਰਾ ਜ਼ੋਰ ਲਾ ਆਵਾਜ਼ ਮਾਰੀ।

"ਕੀ ਗੱਲ ਆ—ਐਤਵਾਰ ਨੂੰ ਵੀ ਰੱਜ ਕੇ ਸੌਣਾ ਨਹੀਂ ਮਿਲਦਾ" ਉਸ ਲੱਤਾਂ ਕੱਠੀਆਂ ਕਰਕੇ ਢਿੱਡ ਨਾਲ ਲਾ ਲਈਆਂ ਤੇ ਪਹਿਲੀਆਂ 'ਵਾਜਾਂ ਨੂੰ ਅਣਸੁਣਿਆ ਕਰਕੇ ਪੁਛਿਆ।

"ਤੈਨੂੰ ਪਤਾ ਈ ਆ"

"ਮੈਨੂੰ ਪਤਾ ਆ ਮਾਂ ਆਪਣੀ ਦਾ ਸਿਰ" ਪਰ ਉਸਦੇ ਬੁੱਲ ਬੰਦ ਈ ਰਹੇ। ਸ਼ਬਦ ਅੰਦਰ ਈ ਪੈਦਾ ਹੋਏ ਤੇ ਅੰਦਰ ਈ ਖ਼ਤਮ ਹੋ ਗਏ ਸਨ। ਥੁੱਕ ਵੀ ਉਸ ਅੰਦਰ ਈ ਨਿਗਲ ਲਿਆ। ਡਰ ਨਾਲ। ਮੂੰਹ ਦਾ ਸਵਾਦ ਕਸੈਲਾ ਹੋ ਗਿਆ ਸੀ।

"ਉਠ ਵੀ ਖੜ" ਐਤਕੀਂ ਬੀਬੀ ਜੀ ਬੋਲੀ।

"ਦਿਨ ਤਾਂ ਚੜ੍ਹ ਲੈਣ ਦਿਓ—ਅਜੇ ਤਾਂ ਤੜਕਾ ਆ" ਉੱਠਣ ਨੂੰ ਉਸਦਾ ਉੱਕਾ ਈ ਚਿੱਤ ਨਹੀਂ ਕਰਦਾ ਸੀ।

"ਧੁੱਪੇ ਜ਼ਰੂਰ ਮਰਨਾ"

"ਸਾਲਾ ਗਰੇਜ਼ ਦਾ"

ਮੂੰਹ ਤੇ ਉਸ ਹੱਥ ਫੇਰਿਆ। ਮਿੱਟੀ ਦੀ ਪਰਤ ਜੰਮੀ ਪਈ ਸੀ। ਇੰਝ ਜਿਵੇਂ ਕਿਸੇ ਜ਼ਨਾਨੀ ਨੇ ਪਤੀਲੇ ਦੇ ਹੇਠਲੇ ਪਾਸੇ ਨੂੰ ਤਾਜ਼ਾ ਲੇਪ ਕੀਤਾ ਹੋਵੇ।

"ਲਿਆ ਕੱਢ ਫੇਰ ਪੰਦਰਾਂ ਰੁਪਏ—ਮੇਰੇ ਵਲੋਂ ਤਕਾਲਾਂ ਤਾਈ ਪਿਆ ਰਹੀਂ—ਕਿਸੇ ਭਈਏ ਨੂੰ ਲਾ ਲੈਣੇ ਆਂ ਤੇਰੀ ਜਗ੍ਹਾ ਤੇ" ਉਤਾਂਹ ਚੜ੍ਹ ਗਿਆ ਸੀ ਵੱਡੇ ਵੀਰ ਦਾ ਪਾਰਾ।

ਪੰਦਰਾਂ ਦਾ ਨਾਂ ਸੁਣ ਉਹ ਤ੍ਰਭਕ ਉਠਿਆ। ਇਕੋ ਝਟਕੇ ਨਾਲ ਖੇਸ ਨੂੰ ਵਗਾਹ ਮਾਰਿਆ ਤੇ ਗੋਡਿਆਂ 'ਤੇ ਬਾਹਾਂ ਦੀ ਕੰਗਲੀ ਬਣਾ ਬੈਠ ਗਿਆ। ਜੇਬ 'ਚ ਤਾਂ ਸੁੱਖ ਨਾਲ ਇਕੋ ਇਕ ਦਸਾਂ ਦਾ ਨੋਟ ਬਚਿਆ ਸੀ ਉਸ ਕੋਲ। ਉਪਰੋਂ ਮਹੀਨੇ ਦੇ ਸੱਤ ਦਿਨ ਪਏ ਸਨ। ਘਰ 'ਚ ਜਿਹੜੇ ਪੈਸੇ ਇਕ ਵਾਰ ਚਲੇ ਗਏ—ਉਨ੍ਹਾਂ 'ਚੋ ਧੇਲਾ ਵੀ ਮਿਲਣ ਦੀ ਉਕਾ ਈ ਆਸ ਨਾ ਹੁੰਦੀ। ਆਸ ਹੁੰਦੀ ਵੀ ਕਿਥੋਂ ? ਪੈਸੇ ਆਉਂਦੇ ਮਗਰੋਂ, ਵਿਉਂਤਾਂ ਪਹਿਲਾਂ ਈ ਸੱਪ ਦੀ ਸਿਰੀ ਵਾਂਗੂ ਫੱਨ ਚੁੱਕ ਬੈਠੀਆਂ ਹੁੰਦੀਆਂ। ਦੱਸ ਜੀਅ ਖਾਣ ਵਾਲੇ ਸਨ। ਇਕੱਲਾ ਉਹ ਈ ਘਰ 'ਚ ਨਗਦ ਕਮਾਉਣ ਵਾਲਾ ਸੀ। ਵੱਡਾ ਵੀਰ ਸੇਪੀ ਕਰਦਾ ਸੀ ਤੇ ਹਾੜੀ ਸੌਣੀ ਦਾਨੇ ਘਰ ਆਉਂਦੇ ਸਨ।

× × ×

ਦਸਵੇਂ ਬਾਹਰਵੇਂ ਫੇਰੇ ਤੋਂ ਬਾਦ, ਉਸ ਤੂੜੀ ਦੇ ਕੋਨ੍ਹ ਵਲ ਦੇਖਿਆ। ਕੁੰਨ੍ਹ ਤਾਂ ਤਿਉਂ ਦਾ ਤਿਉਂ ਲਗਦਾ ਸੀ। ਲੱਗਦਾ ਸੀ ਜਿਵੇਂ ਹੁਣੇ ਈ ਹੱਥ ਲਾਇਆ ਹੋਵੇ।

ਅੱਧ ਪਾਟੇ ਤੱਲੀ ਦਿਆਂ ਬੂਟਾਂ 'ਚ ਮੁੜ੍ਹਕੇ ਤੇ ਰੇਨ ਨਾਲ ਗੜੁਚ ਹੋਏ ਪੈਰਾਂ ਦੇ ਉਪਰਲੇ ਪਾਸੇ ਉਂਗਲਾਂ ਕੋਲ ਨਿੱਕੇ-2 ਛਾਲੇ ਉਭਰਣ ਲਗੇ ਸਨ ਤੇ ਕਿਤਿਉਂ-2 ਕਸ਼ੀਰਾਂ ਨੇ ਵੀ ਆਪਣੇ ਜੌਹਰ ਦਿਖਾ ਦਿਤੇ ਸਨ। ਦੋ ਕੁ ਫੇਰਿਆਂ ਬਾਦ, ਉਹ ਬੂਟਾਂ 'ਚੋਂ ਰੇਨ ਝਾੜਦਾ ਪਰ ਕੋਠੇ ਅੰਦਰ ਪੰਡ ਸੁਟਣ ਲਗਿਆਂ ਉਸਦੇ ਪੈਰ ਗੋਡਿਆਂ ਤਕ ਤੂੜੀ 'ਚ ਧੱਸ ਜਾਂਦੇ ਤੇ ਪਿਛਲੇ ਪਾਸੇ ਰੇਨ ਭਰ ਜਾਂਦੀ। ਵੱਡੇ ਵੀਰ ਤੋਂ ਉਸ ਪੁੱਛਿਆ "ਅਜੇ ਕਿੰਨੀ ਕੁ ਹੋਊ ?"

ਤਾਂ ਵੱਡੇ ਵੀਰ ਦਾ ਜੁਆਬ ਸੀ "ਚੁੱਪ ਕਰਕੇ ਪੰਡ ਚੁੱਕੀ ਜਾ-ਨੀਤ ਮਾੜੀ ਵਾਲਿਆ—ਜਿੰਨੀ ਜ਼ਿਆਦਾ ਹੋਊ ਓਨਾਂ ਈ ਆਪਾਂ ਨੂੰ ਫਾਇਦਾ"

ਯਾਦ ਆ ਰਹੇ ਸਨ ਉਸ ਨੂੰ ਉਹ ਦਿਨ ਜਦ ਉਸਦਾ ਕੰਮ ਕਰਨ ਨੂੰ ਉੱਕਾ ਈ ਚਿੱਤ ਨਹੀਂ ਕਰਦਾ ਸੀ। ਸਕੂਲੋਂ ਮੁੜਦਾ ਤਾਂ ਬੀਬੀ ਜੀ ਆਉਂਦੇ ਨੂੰ ਪੱਲੀ ਰੰਬਾ ਦੇ ਘਾਹ ਲੈਣ ਤੋਰ ਦਿੰਦੀ ਜਾਂ ਅੱਗੇ ਮੱਝ ਛੱਡ ਦਿੰਦੀ। ਹੋਰ ਨਹੀਂ ਤਾਂ ਬੱਕਰੀ ਲਈ ਤੁੱਕੇ ਚੁਗਣ ਨੂੰ ਕਹਿੰਦੀ।

ਕਦੀ-2 ਉਹ ਅੱਕ ਜਾਂਦਾਂ ਤੇ ਰੋਣ ਹਾਕਾ ਹੋ ਕੇ ਕਹਿੰਦਾ "ਲੋਕਾਂ ਦਿਆਂ ਪਸ਼ੂਆਂ ਨੂੰ ਬੀਮਾਰੀ ਪੈ ਜਾਂਦੀ ਆ—ਸਾਡੀ ਮੱਝ ਨੂੰ ਕੁਝ ਨਹੀਂ ਹੁੰਦਾ"

ਸੁਣਕੇ ਬੀਬੀ ਜੀ ਅੱਗਬਬੂਆ ਹੋ ਜਾਂਦੀ ਤੇ ਕੁੱਟਣ ਲੱਗ ਜਾਂਦੀ।

ਉਹ ਉੱਚੀ-2 ਰੋਲਾ ਪਾਉਂਦਾ "ਮੈਂ ਨਹੀਂ ਜਾਣਾ"

ਬੀਬੀ ਜੀ ਕੋਈ ਨਾ ਕੋਈ ਲਾਲਚ ਦੇ ਉਸ ਨੂੰ ਤੋਰ ਦਿੰਦੀ। ਘਰੋਂ ਤਾਂ ਉਹ ਤੁਰ ਪੈਂਦਾ ਪਰ ਮਾਸਟਰਾਂ ਦੀ ਮੋਟਰ ਤੇ ਜਾ ਕੇ ਲੰਮਾ ਪੈ ਜਾਂਦਾ। ਮੋਹਣੇ-ਮਨਜੀਤ ਤੇ ਚੌਬਾਰੇ ਵਾਲੇ ਵਲਾਤੀਏ ਦੇ ਮੁੰਡੇ ਘਾਹ ਕਿਉਂ ਨਹੀਂ ਖੋਤਦੇ ? ਉਹ ਪਸ਼ੂ ਕਿਉਂ ਨਹੀਂ ਚਾਰਦੇ ? ਚੌਬਾਰੇ ਵਾਲੇ ਵਲਾਤੀਏ ਨੇ ਤਾਂ ਪੰਜ ਗਾਈਆਂ ਤੇ ਪੰਦਰਾਂ ਮੱਝਾਂ ਰੱਖੀਆਂ ਹਨ। ਪਰ ਉਨ੍ਹਾਂ ਦੀ ਤਾਂ ਇਕੋ ਈ ਮੱਝ ਹੈ। ਸੋਚ ਦੂਰ ਤੱਕ ਦਾ ਸਫਰ ਕਰ ਜਾਂਦੀ ਪਰ ਬਾਲ ਮਨ 'ਚ ਵਿਚਲੀ ਗੱਲ ਦੀ ਤਹਿ ਬੱਝੀ ਰਹਿੰਦੀ। ਦੋ ਕੁ ਘੰਟਿਆਂ ਬਾਦ ਰੋਣੀ ਜਿਹੀ ਸੂਰਤ ਬਣਾ, ਉਹ ਬੀਬੀ ਜੀ ਨੂੰ ਇਕੋ ਸਾਹੇ ਕਹਿੰਦਾ "ਬੀਬੀ ਜੀ-ਬੀਬੀ ਜੀ-ਤੈਨੂੰ ਪਤਾ-ਐਤਕੀਂ ਮੀਂਹ ਨਹੀਂ ਪਿਆ—ਨਾਲੇ ਚਮਾਰੀਆਂ ਘਾਹ ਛਡਦੀਆਂ ਆ ਬਾਹਰ—ਮੈਂ ਸਾਰੇ ਬੰਨੇ, ਆੜਾਂ ਦੇਖ ਆਇਆਂ—ਸੁੱਕਾ ਸੀ ਘਾਹ—ਬੱਸ ਆ ਈ ਗੱਦਰੀ ਮਿਲੀ ਆ।"

ਬੀਬੀ ਜੀ ਉਸਦੀ ਰਮਜ਼ ਸਮਝ ਜਾਂਦੀ ਤੇ ਉਸਨੂੰ ਸਮਝਾਉਂਦੀ "ਦੇਖ ਤਰਸੇਮ, ਤੇਰੇ ਪਾਪੇ ਦੀ ਕਮਾਈ ਨਾਲ ਤਾਂ ਦਾਲ ਰੋਟੀ ਚਲਦੀ ਆ—ਜੇ ਆਪਾਂ ਪੱਠੇ ਮੁੱਲ ਦੇ ਪਾਈਏ ਤਾਂ ਕਿੱਦਾਂ ਸਰੂ—ਮੱਝ ਬਿਨਾਂ ਵੀ ਨਹੀਂ ਸਰਦਾ—ਸੋ ਆਇਆ ਗਿਆ ਰਹਿੰਦਾ।"

ਹੌਲੀ-2 ਉਸਨੂੰ ਸਮਝ ਆਉਣ ਲੱਗੀ। ਅੱਠਵੀਂ ਕਰਨ ਤੋਂ ਬਾਦ, ਉਹ ਬੀਬੀ ਜੀ ਦਿਆਂ ਕਿਹਾ ਬਗੈਰ ਈ ਕੱਛ 'ਚ ਚਾਦਰ ਤੇ ਰੰਬਾ ਲੈ ਘਰ ਲੈਣ ਤੁਰ ਜਾਂਦਾ ਸੀ।

× × ×

ਪਾਣੀ ਪੀ-ਪੀ ਉਸਦਾ ਢਿੱਡ ਵੀ ਆਫਰਣ ਲੱਗਾ ਸੀ। ਜਦ ਉਹ ਤੂੜੀ ਦੀ ਪੰਡ ਸਿਰ ਤੇ ਚੁੱਕਦਾ ਤਾਂ ਦੱਸ ਪੈਰ ਪੁੱਟਣ ਤੋਂ ਬਾਦ ਉਸਦਾ ਸੰਘ ਸੁਕਣ ਲੱਗ ਜਾਂਦਾ। ਬਾਕੀ ਬਚਦੇ ਰਸਤੇ 'ਚ ਉਹ ਅੰਦਰੋਂ ਥੁੱਕ ਲਿਆ-2 ਕੇ ਸੰਘ ਤਰ ਕਰਦਾ ਤੇ ਅਧਸੁੱਕੀ ਜੀਭ ਬੁੱਲ੍ਹਾਂ ਤੇ ਫੇਰਦਾ।

'ਚਾਅ ਈ ਬਣਾ ਲਵੋ' ਭਰਜਾਈ ਨੂੰ ਉਸ ਕਿਹਾ। ਇਕ ਵਾਰ ਚਾਹ ਤੋਂ ਮਗਰੋਂ, ਘਰ ਵਲੋਂ ਚਾਹ ਦਾ ਭੋਗ ਤੱਕ ਨਹੀਂ ਪਾਇਆ ਗਿਆ ਸੀ। ਉਸ ਕਿਤੇ ਪੜ੍ਹਿਆ ਜਾਂ ਸੁਣਿਆ ਸੀ ਕਿ ਗਰਮੀਆਂ 'ਚ ਚਾਹ ਪੀਣ ਨਾਲ ਧਿਆ ਘੱਟ ਲੱਗਦੀ ਹੈ।

'ਤਰਸੇਮ ਮੈਨੂੰ ਪਤਾ—ਪਰ ਦੁੱਧ ਹੈ ਨਹੀਂ' ਭਰਜਾਈ ਨੇ ਆਪਣੀ ਮਜ਼ਬੂਰੀ ਦਸੀ।

'ਬੱਕਰੀ ਦਾ ਦੁੱਧ ਕਿਧੇ ਗਿਆ ?'

'ਉਹ ਤਾਂ ਮੇਮਣਾ ਖੁੱਲ੍ਹ ਕੇ ਚੁੰਘ ਗਿਆ'

'ਕਿਸੇ ਦਿਓਂ ਲੈ ਆਉਣਾ ਸੀ'

'ਮੈਂ ਤਾਂ ਜੱਸੇ ਨੂੰ ਸਾਰੇ ਪਿੰਡ 'ਚ ਫੇਰਿਆ-ਕਿਸੇ ਨਹੀਂ ਦਿਤਾ-ਉਪਰੋਂ ਮਹੀਨਾ ਵੀ ਨਾਲੇ ਕਿਹੜਾ'

'ਐਂਦਾਂ ਕਰ, ਵਿੰਦਰ ਕੇ ਭੇਜ—ਮੇਰਾ ਨਾਂ ਲਵੇ'

ਉਸ ਪਲੀ ਚੁੱਕੀ ਤੇ ਤੁਰ ਪਿਆ।

'ਕਿਉਂ ਬਣਿਆ ਨਾ ਅੱਜ ਬੰਦਾ ਅੱਗੇ ਤਾਂ ਪੱਖੇ ਹੇਠ ਬੈਠ ਕੇ ਕਲਮ ਘਸਾਈ ਜਾਂਦਾ ਸੀ' ਜੀਤੂ ਨੇ ਦੂਰੋਂ ਈ ਸਾਈਕਲ ਤੇ ਜਾਂਦਿਆਂ ਟਕੋਰ ਕੀਤੀ।

'ਤਾਇਅ ਕੋਈ ਗੱਲ ਨਹੀਂ' ਉਸ ਤੁਰਿਆ ਜਾਂਦਿਆਂ ਈ ਜੁਆਬ ਦਿਤਾ।

'ਬੱਚੂ ਪਤਾ ਤਾਂ ਲੱਗੂ ਰਾਤ ਨੂੰ—ਅਜੇ ਤਾਂ ਹੱਡ ਗਰਮ ਆ...ਫੇਰ ਤੇਰੇ ਤੋਂ ਮੰਜੇ ਤੇ ਵੀ ਪਿਆ ਨਹੀਂ ਜਾਣਾ'

'ਐਨਾ ਕੂਲਾ ਮੈਂ ਵੀ ਨਹੀਂ'

ਉਸਨੂੰ ਵੀ ਆਪਣੇ ਤੇ ਮਾਨ ਸੀ। ਛੇਤੀ ਕਿਤੇ ਤਾਂ ਉਹ ਹੰਭਦਾ ਨਹੀਂ ਸੀ। ਪੰਜਾਹ ਸੱਠ ਕਿਲੋ ਦੀ ਭਰੀ ਆਪੇ ਚੁੱਕ ਲੈਂਦਾ ਸੀ। ਉਸਦੀ ਮੁੱਢ ਤੋਂ ਈ ਆਦਤ ਸੀ ਕਿ ਗੇੜੇ ਘੱਟ ਮਾਰਨੇ ਤੇ ਭਾਰ ਜ਼ਿਆਦਾ ਚੁਕਣਾ। ਤੇ ਇਸੇ ਲਾਲਚ 'ਚ ਉਹ ਤਿੰਨ ਵਾਰ ਧੌਣ ਦੀ ਵਿੰਗ ਵੀ ਕਢਵਾ ਚੁੱਕਾ ਸੀ।

ਇਕ ਵਾਰ ਕਿਸੇ ਕਿਹਾ ਸੀ 'ਗਿੱਠਾ ਜਿਹਾ ਬੜਾ ਭਾਰ ਚੁੱਕ ਲੈਂਦਾ'

ਤੇ ਉਸ ਦੇ ਤਾਏ ਨੇ ਵੀ ਮਾਨ ਨਾਲ ਕਿਹਾ ਸੀ 'ਕੋਈ ਵੀ ਮੇਰੇ ਭਤੀਜੇ ਜਿੰਨਾ ਭਾਰ ਇਕੋ ਝਟਕੇ ਨਾਲ ਚੁੱਕ ਕੇ ਦਿਖਾਵੇ...'

ਹੁਣ ਉਸਨੂੰ ਜ਼ੋਰ ਦਾ ਕੰਮ ਕੀਤਿਆਂ ਚਿਰ ਹੋ ਗਿਆ ਸੀ ਤੇ ਤੂੜੀ ਢੋਣਾ ਉਸਨੂੰ ਭਾਰ ਜਿਹਾ ਲੱਗ ਰਿਹਾ ਸੀ।

ਪੱਪੂ ਨੂੰ ਪਾਣੀ ਦਾ ਬਾਲਟਾ ਭਰਨ ਨੂੰ ਕਹਿ ਕੇ ਉਹ ਕਪੜੇ ਲਾਹੁਣ ਲੱਗਾ। ਹੱਥਾਂ ਤੇ ਕਾਲੇ ਰੰਗ ਦੀ ਮਿੱਟੀ ਦੀ ਤਹਿ ਜੰਮ ਗਈ ਸੀ ਤੇ ਕਿਤਿਉਂ-2, ਮੁੜ੍ਹਕਾ ਆਉਣ ਨਾਲ ਚਿੱਟਾ ਪਨ ਨੰਗਾ ਹੋ ਗਿਆ ਸੀ। ਅੱਧ ਪਾਟੀ ਕਮੀਜ਼ ਉਹ ਲਾਹੁਣ ਲੱਗਾ ਤਾਂ ਮੋਢਿਆਂ 'ਚ ਦਰਦ ਦੀ ਤੇਜ਼ ਲਹਿਰ ਦੌੜ ਗਈ। ਮੋਢੇ ਤਾਂ ਇੰਝ ਦੁਖ ਰਹੇ ਰਹੇ ਸਨ ਜਿਵੇਂ ਕਿਸੇ ਨੇ ਸੂਈਆਂ ਮਾਰ-2 ਕੇ ਜ਼ਖ਼ਮ ਕੀਤੇ ਹੋਣ। ਪੱਟਾਂ 'ਚ ਖੱਲੀਆਂ ਪਈਆਂ ਸਨ। ਕੱਛਾਂ ਤੇ ਚੱਢਿਆਂ 'ਚ ਪਾਣੀ ਲੱਗ-2 ਕੇ ਲਾਗਾ ਹੋ ਗਿਆ ਸੀ। ਧੌਣ ਦੀਆਂ ਨਾੜਾਂ ਮਾਹਾਂ ਦੇ ਆਟੇ ਵ ਗੂੰ ਆਕੜੀਆਂ ਸਨ।

'ਚਾਚਾ—ਨਹਾ ਲੈ—ਬਾਲਟਾ ਭਰ ਤਾ' ਪਪੂ ਨੇ ਅਵਾਜ਼ ਮਾਰੀ।

ਗੋਡਿਆਂ ਤੇ ਹੱਥ ਰੱਖ ਕੇ ਉਹ ਉਠਿਆ। ਮਸਾਂ-2 ਖੜਾ ਹੋਇਆ ਗਿਆ ਸੀ। ਲਗਦਾ ਸੀ ਕਿਤੇ ਘੁਮੇਟਣੀ ਖਾ ਕੇ ਨਾ ਡਿੱਗ ਪਵੇ।

ਤੇੜ ਸਾਫ਼ਾ ਲਾਹੁੰਦਿਆਂ, ਉਸਦੇ ਹੱਥ ਜਵਾਬ ਦੇਣ ਲੱਗੇ।

ਬਾਲਟੇ ਕੋਲ ਬੈਠ ਉਹ ਦੋਚਿੱਤੀ 'ਚ ਫਸ ਗਿਆ ਨਹਾ ਲਿਆ ਜਾਵੇ ਜਾਂ ਉਦਾਂ ਈ ਮੂੰਹ ਹੱਥ ਧੋ ਲਵੇ। ਨਹਾਉਣਾ ਵੀ ਜ਼ਰੂਰੀ ਸੀ। ਲੱਤਾਂ ਬਾਹਾਂ ਤਾਂ ਧੋਤੀਆਂ ਜਾ ਸਕਦੀਆਂ ਸਨ ਪਰ ਸਿਰ ਤੇ ਛਾਤੀ ਤੋਂ ਉਪਰਲੇ ਪਾਸੇ ਤੋਂ ਤਾਂ ਮੈਲ ਪਾਣੀ ਬਿਨਾਂ ਨਹੀਂ ਲਹਿਣੀ ਸੀ। ਜਕੋ ਤੱਕੀ ਕਰਦਿਆਂ, ਉਸ ਪਾਣੀ ਦਾ ਡੱਬਾ ਭਰਿਆ ਤੇ ਲੱਤਾਂ ਤੇ ਡੋਲਿਆ।

ਇਕ ਠੰਡਕ ਜਿਹੀ ਸਾਰੇ ਸਰੀਰ 'ਚ ਦੌੜ ਗਈ। ਦੂਜਾ ਪਾਣੀ ਦਾ ਡੱਬਾ ਪਾਉਣ ਨੂੰ ਉਸਦਾ ਚਿੱਤ ਰਾਜ਼ੀ ਨਾ ਹੋਇਆ। ਸਰੀਰ 'ਚੋਂ ਅੱਗ ਦੀਆਂ ਚਿਣਗਾਂ ਫੁਟਣ ਲੱਗੀਆਂ ਸਨ।

'ਬੀਬੀ ਜੀ—ਉਰੇ ਤਾਂ ਆਈ।' ਮਸਾਂ ਐਨਾ ਕੁ ਕਹਿ ਹੋਇਆ ਸੀ ਉਸ ਤੋਂ।

'ਕੀ ਗਲ ਆ ?' ਬੀਬੀ ਜੀ ਉਸਦੀ ਘਬਰਾਈ ਹੋਈ ਅਵਾਜ਼ ਸੁਣ ਕੇ, ਰੋਟੀਆਂ ਪਕਾਉਂਦੀ ਈ ਉਸ ਵਲ ਦੌੜੀ।

'ਪਾਲਾ ਲੱਗੀ ਜਾਂਦਾ।'

'ਹਾਂ...ਪੁੱਤ, ਬੁਖਾਰ ਹੋ ਗਿਆ ਲਗਦਾ' ਬੀਬੀ ਜੀ ਨੇ ਬਾਂਹ ਤੋਂ ਬਾਦ, ਮੱਥੇ ਨੂੰ ਛੂਹ ਕੇ ਦੇਖਿਆ।

ਉਸ ਤੋਂ ਉਠਿਆ ਨਾ ਗਿਆ ਤੇ ਬੀਬੀ ਨੇ ਉਸਨੂੰ ਬਾਹੋਂ ਫੜ ਮੰਜੇ ਤੇ ਪਾ ਦਿਤਾ ਤੇ ਪਪੂ ਨੂੰ ਅਵਾਜ਼ ਦਿੱਤੀ "ਤਰਸੇਮ ਨੂੰ ਬੁਖਾਰ ਹੋ ਗਿਆ—ਜਾ ਦੌੜ ਕੇ ਡਾਕਟਰ ਨੂੰ ਸੱਦ ਲਿਆ—ਕਹੀਂ ਬੌਤ ਤੇਜ਼ ਬੁਖਾਰ ਆ—ਨਾਲ ਈ ਲੈ ਕੇ ਆਈਂ'

'ਰਹਿਣ ਦੇ—ਦੋ ਨੋਵਲਜੀਨ ਦੀਆਂ ਗੋਲੀਆਂ ਲੈ ਆ'

'ਨਹੀਂ ਪੁੱਤ—ਸਵੇਰ ਨੂੰ ਕੰਮ ਤੇ ਵੀ ਜਾਣਾ' ਕਹਿੰਦੀ-2 ਬੀਬੀ ਜੀ ਉਸਦਾ ਸਿਰ ਘੁਟਣ ਲਗ ਪਈ। ਬੁਖਾਰ ਤੋਂ ਪਰ੍ਹੇ, ਉਹ ਦਫ਼ਤਰ ਦੇ ਚੱਕਰ 'ਚ ਉਲਝਣ ਲੱਗਾ। ਜੇ ਉਹ ਦਫਤਰ ਨਾ ਗਿਆ ਤਾਂ ਸਰਦਾਰ ਜੀ ਨੇ ਜ਼ਰੂਰ ਐਕਸ਼ਨ ਲੈਣਾ। ਕੌਣ ਦਫ਼ਤਰ ਅਰਜ਼ੀ ਦੇਣ ਜਾਊ। ਜਿਹੜਾ ਜਾਊ-ਉਸ ਤੋਂ ਪੁਛੂਗਾ 'ਝੂਠ ਤਾਂ ਨਹੀਂ' ਤੇ ਆਖ਼ਿਰ 'ਚ ਕਹੂ 'ਮੈਡੀਕਲ ਸਰਟੀਫ਼ਿਕੇਟ ਤਾਂ ਜ਼ਰੂਰ ਚਾਹੀਦਾ।' ਮਾਰ ਲਿਆ ਸੀ ਸਰਦਾਰ ਜੀ ਨੇ। ਪਹਿਲੇ ਦਿਨ ਤੋਂ ਉਸ ਨਾਲ ਲੱਗਣ ਲੱਗ ਪਈ ਸੀ। ਗੱਲ ਕੁਛ ਵੀ ਨਹੀਂ ਹੋਈ ਸੀ। ਬੱਸ ਉਸ ਇਕ ਅਰਜ਼ੀ ਤੇ ਅਬਜੈਕਸ਼ਨ ਲਾ ਦਿੱਤਾ ਸੀ। ਝੱਟ ਸਰਦਾਰ ਜੀ ਨੇ ਚਪੜਾਸੀ ਰਾਹੀਂ ਬੁਲਾ ਕੇ ਤੈਸ਼ 'ਚ ਕਿਹਾ ਸੀ 'ਤੂੰ ਕੌਣ ਹੁੰਦਾ ਆ ਅਬਜੈਕਸ਼ਨ ਲੌਣ ਵਾਲਾ' ਪਰ ਉਸ ਅਗੋਂ ਸ਼ਾਂਤ ਮਨ ਨਾਲ ਉਤਰ ਦਿਤਾ ਸੀ 'ਜਦੋਂ ਕੇਸ ਈ ਗਲਤ ਸੀ ਫੇਰ...'

'ਤੂੰ ਕੌਣ ਹੁੰਦਾ ਆ ਗਲਤ ਸਹੀ ਦੇਖਣ ਵਾਲਾ—ਇਸ ਦਾ ਮਤਲਬ ਹੋਇਆ—ਪਾਰਟੀ ਤੋਂ ਦੁਬਾਰਾ ਅਰਜ਼ੀ ਲੈਣੀ ਪਊ—ਚਾਰ ਦਿਨ ਹੋਰ ਕੰਮ ਲੇਟ ਹੋਊ ਅਗਲਿਆਂ ਦਾ ਕੰਮ ਤਾਂ ਕੱਲ ਈ ਹੋਣਾ ਚਾਹੀਦਾ ਸੀ'

'ਮੈਂ ਕੀ ਕਰ ਸਕਦਾ ਜੀ ?

'ਯੂ ਕੌਨ ਗੋ' ਸਰਦਾਰ ਜੀ ਦੇ ਬੁੱਲ੍ਹ ਕੰਬ ਉਠੇ ਸਨ।

ਛੇ ਮਹੀਨੇ ਦੇ ਅਰਸਰ 'ਚ ਉਹ ਸਰਦਾਰ ਜੀ ਤੋਂ ਦੂਰ ਈ ਹੁੰਦਾ ਗਿਆ ਸੀ। ਸਰਦਾਰ ਜੀ ਨਾਲ ਸਹਿਮਤੀ ਦਾ ਮਤਲਬ ਸੀ-ਉਸਦੀ ਹਾਂ 'ਚ ਹਾਂ ਮਿਲਾਉਣੀ।

'ਕੀ ਹਾਲ ਚਾਲ ਨੇ ਐਮ. ਏ. ਭਾਈ ?' ਡਾਕਟਰ ਦਿਵੇਂਦਰ ਨੇ ਕੁਰਸੀ ਤੇ ਬੈਠਦਿਆਂ ਪੁਛਿਆ।

'ਠੀਕ ਈ ਆ' ਉਸ ਅੱਖਾਂ ਖੋਲ੍ਹੀਆਂ ਤਾਂ ਇੰਝ ਲੱਗਿਆ ਜਿਵੇਂ ਅੱਗ ਦੀਆਂ ਲਪਟਾਂ ਭਾਂਬੜ ਬਣ ਗਈਆਂ ਹੋਣ—ਕਿਤੇ ਅੱਖਾਂ ਈ ਲੂਸ ਨਾ ਜਾਣ। ਡਰ ਨਾਲ ਉਸ ਫੇਰ ਅੱਖਾਂ ਮੀਟ ਲਈਆਂ।

'ਕਿਰਸ ਕਰ ਲਈ' ਡਾਕਟਰ ਹੱਸਿਆ।

"ਹੂੰ'

ਡਾਕਟਰ ਨੇ ਟੀਕਾ ਲਾਇਆ। ਦੋ ਦਿਨਾਂ ਦੀ ਦੁਆਈ ਦਿੱਤੀ।

'ਪੁੱਤ ਕਿੰਨੇ ਪੈਸੇ ?' ਬੀਬੀ ਜੀ ਨੇ ਡਾਕਟਰ ਨੂੰ ਸਰੈਂਜ ਧੋ ਕੇ ਡੱਬੀ 'ਚ ਰਖਦਿਆਂ ਦੇਖ ਪੁਛਿਆ।

'ਦੱਸ ਜੀ'

'ਪੱਪੂ—ਆਪਣੇ ਚਾਚੇ ਦੀ ਜੇਬ 'ਚੋਂ ਕੱਢ ਕੇ ਲਿਆਈਂ'

'ਮਾਂ—ਨਹੀਂ' ਪਰ ਉਸਦੀ ਅਵਾਜ਼ ਸੰਘ 'ਚ ਈ ਰਹਿ ਗਈ।

ਡਾਕਟ ਚਲੇ ਗਿਆ ਸੀ ਪਰ ਉਸਨੂੰ ਲੱਗ ਰਿਹਾ ਸੀ ਜਿਵੇਂ ਮਲੇਰੀਏ ਉਪਰ ਇਕ ਹੋਰ ਮਲੇਰੀਆ ਪੈਦਾ ਹੋ ਗਿਆ ਹੈ ਜਿਸ ਉਸ ਦੀ ਸੱਤਾਂ ਦਿਨਾਂ ਦੀ ਚਾਹ

ਨਿਗਲ ਲਈ ਹੈ—ਜੇ ਸਾਈਕਲ ਪੈਂਚਰ ਹੋ ਗਿਆ ਤਾਂ... ਜੇ ਕੋਈ ਮਿਲ ਗਿਆ ਤਾਂ...ਜੇ ਕਿਸੇ ਸਾਥੀ ਨੇ ਚਾਹ ਲਈ ਜ਼ੋਰ ਲਾਇਆ ਤਾਂ...ਸਵਾਲ ਉਪਰ ਸਵਾਲ ਹੋਣ ਲੱਗਾ। ਸੋਚਣ ਲੱਗਾ ਉਹ। ਨੌਕਰੀ ਕਰਕੇ ਵੀ ਉਹ ਸੁਖੀ ਨਹੀਂ ਹੋ ਸਕਿਆ। ਫੇਰ ਕਦੋਂ ਸੁਖੀ ਹੋਊ। ਬੀਬੀ ਜੀ ਮੱਥੇ ਤੇ ਬਰਫ ਦੇ ਪਾਣੀ ਨਾਲ ਭੇਅ-2 ਕੇ ਪੱਟੀਆਂ ਰੱਖ ਰਹੀ ਸੀ ਪਰ ਉਸਨੂੰ ਲੱਗ ਰਿਹਾ ਸੀ ਜਿਵੇਂ ਕੋਈ ਉਸਦੇ ਸਿਰ 'ਚ ਤੱਤੀ ਚਾਹ ਡੋਲ ਕੇ ਕਹਿ ਰਿਹਾ ਹੋਵੇ 'ਤੇਰਾ ਹਸ਼ਰ ਇਹੋ ਈਆ ?

× × ×

ਅੱਧਸੁਰਤੀ ਦੀ ਹਾਲਤ 'ਚ ਉਹ ਸੁਪਨਾ ਦੇਖਣ ਲੱਗਾ।

ਮਹੱਲ ਸੀ ਸੋਨੇ ਰੰਗਾ। ਸੁਨਿਹਰੀ ਝਲਕ ਚੁਫੇ-ਰਿਓਂ ਪੈ ਰਹੀ ਸੀ ਤੇ ਉਸਦੀਆਂ ਅੱਖਾਂ ਚੁੰਧਿਆਉਣ ਲੱਗੀਆਂ ਸਨ। ਸੜਕੋਂ ਹੱਟ, ਉਹ ਇਕ ਪਾਸੇ ਨੂੰ ਹੋ ਗਿਆ।

ਹਵਾਈ ਜਹਾਜ਼ ਉੱਡ ਰਹੇ ਸਨ ਅੰਦਰੋਂ ਈ। ਉੱਤਰ ਰਹੇ ਸਨ ਅੰਦਰ ਈ। ਵੱਡੀਆਂ-2 ਕਾਰਾਂ ਆ ਜਾ ਰਹੀਆਂ ਸਨ। ਇਕ ਪਾਸਿਓਂ ਚੀਕਾਂ ਆ ਰਹੀਆਂ ਸਨ ਤੇ ਚੀਕਾਂ ਨਾਲੋਂ ਉੱਚੀਆਂ ਸਨ ਚੰਦ ਹਾਸੇ ਦੀਆਂ ਅਵਾਜ਼ਾਂ। ਜਿਵੇਂ ਸੌ ਚੀਕਾਂ ਹੋਣ ਤੇ ਉਨ੍ਹਾਂ ਦਾ ਮੁਕਾਬਲਾ 'ਕੱਲਾ ਇਕੋ ਹਾਸਾ ਕਰ ਰਿਹਾ ਹੋਵੇ।

ਦੇਖਦਿਆਂ-2 ਆਦਮਕਸ਼ ਚਿਹਰਾ ਉਭਰਿਆ।

ਪਹਿਚਾਣ ਕਰਨ ਲੱਗਾ ਸੀ ਉਹ। ਚਿਹਰਾ ਆਦਮੀ ਦਾ ਹੈ ਕਿ ਜਾਨਵਰ ਦਾ। ਪੱਲ-2 ਤਾਂ ਚਿਹਰਾ ਰੰਗ ਬਦਲ ਰਿਹਾ ਸੀ। ਕਦੀ ਸਿਰ ਹੁੰਦਾ। ਕਦੀ ਪੱਗ ਦਿੱਸਦੀ। ਬੱਸ। ਕਦੀ ਧੜ ਉਪਰ ਗਾਂਧੀ ਮਾਰਕਾ ਟੋਪੀ ਨੱਚਦੀ ਫਿਰਦੀ। ਕਦੀ ਉਂਗਲਾਂ ਤੇ ਕੁਰਲਾ ਹੁੰਦਾ ਮੁਸਲਮਾਨੀ ਟਾਈਪ ਦਾ।

ਬੁਝਾਰਤ ਬਣ ਰਿਹਾ ਸੀ ਸਭ ਕੁਝ ਉਸ ਲਈ। ਲੂਈ-2 ਖੜੀ ਹੋ ਗਈ ਸੀ ਉਸਦੀ।

'ਲਿਆ ਮੈਨੂੰ ਦੇ ਦੇ' ਆਦਮਕਸ਼ ਚਿਹਰੇ ਨੇ ਝਪਟਾ ਮਾਰਕੇ ਉਸ ਕੋਲੋਂ ਦਸਾਂ ਦਾ ਨੋਟ ਖੋਹ ਲਿਆ।

'ਨਹੀਂ, ਇਹ ਮੇਰਾ ਹੈ—ਇਹਨੂੰ ਮੈਂ ਕਮਾਇਆ ਹੈ' ਉਹ ਚੀਕ ਉਠਿਆ।

'ਤੂੰ ਮੇਰਾ ਗੁਲਾਮ ਹੈਂ'

'ਨਹੀ-ਮੇਰਾ ਬਾਬਾ ਤੇਰਾ ਗੁਲਾਮ ਸੀ-ਮੇਰਾ ਪਿਓ ਤੇਰਾ ਗੁਲਾਮ ਸੀ-ਮੈਂ ਨਹੀਂ'

'ਸਾਲਾ-ਨਹੀਂ ਦਾ' ਆਦਮਕਸ਼ ਚਿਹਰੇ ਦਾ ਹੱਥ ਉੱਠਿਆ।

'ਖੜਾ ਹੋ ਤੇਰੀ ਭੈਣ ਨੂੰ' ਇੱਟ ਚੁੱਕ ਕੇ ਉਸ ਆਦਮਕਸ਼ ਚਿਹਰੇ ਦੇ ਦੇ ਮਾਰੀ।

ਆਦਮਕਸ਼ ਚਿਹਰਾ ਟੁੱਟ ਗਿਆ ਸੀ।

'ਮੈਂ ਜਿਤ ਗਿਆ-ਮੈਂ ਅਜ਼ਾਦ ਹੋ ਗਿਆ' ਅਜੀਬੋ ਗਰੀਬ ਖੁਸ਼ੀ ਦਾ ਅਹਿਸਸ ਹੋਇਆ ਸੀ ਉਸਨੂੰ।

ਵੱਡੇ ਵੀਰ ਦੀ ਸਮਝ 'ਚ ਕੁਝ ਨਾ ਪਿਆ ਤੇ ਉਸਨੂੰ ਲੱਗਾ ਜਿਵੇਂ ਤਰਸੇਮ ਬੁੜਬੁੜਾ ਰਿਹਾ ਹੈ। ਉਸ ਹਲੂਣ ਕੇ ਕਿਹਾ 'ਤਰਸੇਮ ਵਾਗੁਰੂ-ਵਾਗੁਰੂ ਕਹੁ'

ਪਰ ਉਹ ਤਾਂ ਲੋਰ 'ਚ ਕਹਿ ਰਿਹਾ ਸੀ। 'ਬੱਸ ਹਮਲਾ ਮਾਰਨ ਦੀ ਲੋੜ ਸੀ।

o

---

ਕਵਿਤਾ

## ਮੈਂ ਪਿਛਾਂਹ ਪਰਤਾਂਗਾ...

ਸੁਰਜੀਤ 'ਆਲਮ'

o

'ਉਨ੍ਹਾਂ'
ਮੇਰੀ ਡੱਬ 'ਚ ਰੰਮ ਦੀ ਬੋਤਲ,
ਝੋਲੀ 'ਚ ਕੁੱਝ ਨੰਗੀਆਂ ਤਸਵੀਰਾਂ ਪਾ ਕੇ,
ਤੇ ਮੋਢ ਉਤੇ ਬੰਦੂਕ ਲਟਕਾ ਕੇ;
ਮੈਨੂੰ ਸਰਹੱਦ ਉਤੇ ਭੇਜ ਦਿੱਤਾ।
ਕਿਹਾ ਸੀ : ਦੂਸਰੇ ਪਾਰੋਂ ਜਦ ਵੀ ਕੋਈ
'ਸਾਡੀ 'ਪਿਆਰੀ ਧਰਤੀ ਮਾਂ' ਵੱਲੇ
'ਮੈਲੀ ਨਜ਼ਰੇ' ਤੱਕੇ
ਤਾਂ ਮੈਂ ਉਸ ਦੀ ਅੱਖ ਨੂੰ ਫੰਡ ਦਿਆਂ
ਤੇ ਮੈਂ ਤਨ ਦੀ ਮਿੱਟੀ ਨੂੰ 'ਲੇਖੇ ਲਾਉਣ ਦੀ'
ਸਹੁੰ ਚੁੱਕ ਲਈ ਸੀ

ਤੇ ਇੱਕ ਦਿਨ ਮੈਂ ਪਿੱਠ ਪਿੱਛਿਓ
ਕੁਹਰਾਮ ਮਚਦਾ ਸੁਣਿਆਂ
ਭੁੱਖ 'ਚ ਵਿਲਕਦੇ ਬੱਚਿਆਂ ਦਾ
ਬੇਪੱਤ ਹੋਈਆਂ ਭੈਣਾਂ ਦਾ
ਦੁਹਾਈ ਪਾਉਂਦੀਆਂ ਮਾਵਾਂ ਦਾ
ਰੋਹ 'ਚ ਕੂਕਦੇ ਵੀਰਾਂ ਦਾ।
ਮੈਂ ਪਿੱਠ ਭੁਆਂ ਕੇ ਦੇਖਿਆ
ਤਾੜਨਾ ਮਿਲੀ : 'ਪੀਛੇ ਮੱਤ ਦੇਖੋ। Be alert !'
ਉਸ ਦਿਨ ਤੋਂ ਬਾਅਦ
'ਫੌਜੀ ਭਾਈਓ ਕੇ ਲੀਏ'
ਮੈਂ ਫਿਰ ਕਦੀ ਨਾ ਸੁਣ ਸਕਿਆ,
ਪਰ ਮੇਰੇ ਫਿਲਿਪਸ ਵਿਲੇਟਾ ਦਾ ਖਰਚ
ਦਿਨੋਂ ਦਿਨ ਵਧਦਾ ਹੀ ਗਿਆ,
ਮੈਂ ਅਖਬਾਰ ਦਾ ਅੱਖਰ ਅੱਖਰ ਗਹੁ ਨਾਲ ਪੜ੍ਹਨ ਲੱਗਾ।

ਘਰੋਂ ਚਿੱਠੀ ਆਉਂਦੀ : ਸਭ ਠੀਕ ਠਾਕ ਹੈ'
ਮੈਂ ਗੁੱਸੇ 'ਚ ਉਬਲਣ ਲੱਗਦਾ,
ਮੈਂ ਖ਼ੁਦ ਨੂੰ ਧੋਖਾ ਲੱਖ ਵਾਰ ਦਿਆਂ
'ਪਰ 'ਮੇਰੇ ਆਪਣੇ' ਹੀ ਮੈਨੂੰ ਧੋਖਾ ਕਿਉਂ ਦੇਣ ?
ਮੇਰਾ ਹਰ ਜਵਾਬ ਸੈਂਸਰ ਹੁੰਦਾ ਸੀ ।
ਸਭ ਅੱਛਾ ਹੈ, ਮੌਜ ਮੇਂ ਹੈਂ
ਛੁੱਟੀ ਨਹੀਂ ਮਿਲ ਰਹੀ,
ਕਹਤੇ ਹੈਂ ਦੇਸ਼ ਕੋ ਖਤਰਾ ਹੈ,
ਹਮਾਰਾ ਸਾਬ੍ਹ ਲੋਗ ਬਹੁਤ ਗੁੱਡ ਆਦਮੀ ਹੈ
ਕਭੀ ਉਸ ਕਾ ਮੂਡ ਅੱਛਾ ਹੋਗਾ ਤੋ ਬਾਤ ਕਰੂੰਗਾ'
ਮੈਂ ਇਸ ਤੋਂ ਵੱਧ ਕੁਝ ਨਾ ਲਿਖ ਸਕਦਾ
......
ਤੇ ਪਿੱਠ 'ਚ ਲਗਾਤਾਰ ਵਰ੍ਹ ਰਹੇ
ਰੋਹ ਭਰੀਆਂ ਤਿੱਖੀਆਂ ਆਵਾਜ਼ਾਂ ਦੇ ਖੰਜਰਾਂ ਕਾਰਨ
ਹੁਣ ਜਦ ਮੇਰਾ ਜਿਸਮ ਪੱਥਰ ਹੋ ਗਿਆ ਹੈ
ਦਿਲ 'ਚ ਤੂਫਾਨ ਮੱਚ ਰਹੇ ਹਨ
ਦਿਮਾਗ 'ਚ ਬਰੂਦ ਉੱਡ ਰਿਹ ਹੈ
ਤਾਂ ਮੇਰੇ ਪੈਰ ਹਿੱਲ ਚੁਕੇ ਹਨ
.........
ਮੌਤ ?
ਮੌਤ ਦੇ ਸਾਏ ਵਿੱਚ ਹੀ ਤਾਂ "ਮੈਂ" ਜਨਮ ਲਿਆ ਹੈ
ਮੌਤ ਤਾਂ ਮੇਰੀ ਮਾਂ ਹੈ...
ਤੇ ਜਿਸ ਦਿਨ ਮੈਂ ਪਿਛਾਂਹ ਪਰਤਿਆ
ਇਤਿਹਾਸ ਨਵੇਂ ਸਿਰਿਓਂ ਲਿਖਿਆ ਜਾਵੇਗਾ
ਲਹੂ-ਲੁਹਾਨ ਰਣ ਭੂਮੀ ਵਿਚੋਂ
ਚਾਨਣ ਦੇ ਬੀਜ ਪੁੰਗਰਗੇ...
ਮੈਂ ਪਿਛਾਂਹ ਪਰਤਾਂਗਾ......
o

## ਅਸੀਂ ਉਹ ਨਹੀਂ

ਸੁਰਜੀਤ ਬਰਾੜ

o

ਅਸੀਂ ਉਹ ਨਹੀਂ
ਕਿ ਗੁਫ਼ਾਵਾਂ ਵਿੱਚ ਦੜ ਕੇ
ਜ਼ਿੰਦਗੀ ਤੋਂ ਨੱਸ ਕੇ
ਕਮਾਉਂਦੇ ਫਿਰੀਏ
ਨਿਪੁੰਸਕ ਪੀਰੀ-ਫ਼ਕੀਰੀ, ਯੋਗ-
ਅਤੇ ਚਿਪਕਾ ਲਈਏ ਪਿੱਠਾਂ ਤੇ
ਭੁੱਖ-ਸੰਤਾਪ ਅਤੇ ਰੋਗ-
ਯਾਦ ਰੱਖੋ—
ਅਸੀਂ ਤਾਂ ਉਹ ਹਾਂ
ਜੋ ਮਹਾਂ ਮਾਨਵ ਦੇ ਨਾਮ ਦੀ
ਮਾਲਾ ਜਪਦੇ ਹਾਂ,
ਸੱਚ ਦੀ ਧੂਣੀ ਤਪਾਉਂਦੇ ਹਾਂ,
ਜਿਸਮ ਤੇ
ਅਣਖ ਦੀ ਭਭੂਤੀ ਲਾਉਂਦੇ ਹਾਂ
ਮੱਥੇ ਤੇ
ਰੋਹ ਦਾ ਟਿੱਕਾ ਸਜਾਉਂਦੇ ਹਾਂ—
ਸਾਨੂੰ ਆਨ ਨਹੀਂ
ਤਿਲਕੂ ਬਾਹਮਣ ਦੀ ਗਊ ਦੀ
ਅਤੇ ਨਾ ਹੀ ਲੁਹਾਰੇ ਮੌਲਵੀ ਦੇ ਸੂਰ ਦੀ
ਪਵਿੱਤਰ ਜੋ ਦੇਵਤਿਆਂ ਤੋਂ ਵਧੇਰੇ
ਮਾਰਕਸ ਜੇਹੇ ਕੱਦਾਵਰ ਮਰਦ ਦੀ ਸਹੁੰ !
ਸਾਨੂੰ ਆਨ ਹੈ: ਮਜ਼ਦੂਰ ਦੀ
ਉਹ ਮੇਹਨਤ ਦੀ
ਜੋ ਅੰਜੀਰ ਤੋਂ ਵੱਧ ਮਿੱਠੀ ਹੈ—
ਸਾਨੂੰ ਆਨ ਹੈ
ਕਿਰਤੀ ਦੀ ਮਾਖਿਓਂ ਮਿੱਠੀ ਕਿਰਤ ਦੀ—।
ਅਸੀਂ ਉਹ ਹਾਂ
ਜੋ ਆਨ ਤੇ ਮਰ ਕੇ
ਸੁਕਰਾਤ ਬਣ ਜਾਂਦੇ ਹਾਂ
ਅਤੇ ਸੱਚ ਉੱਚਾ ਉਠਾਂਦੇ ਹਾਂ—
ਅਸੀਂ ਉਹ ਹਾਂ
ਜੋ ਥਾਂ ਥਾਂ ਜੁੱਗਗਰਦੀ ਦੀ ਚਿਣਗ ਬਾਲਦੇ ਹਾਂ ।
o

## ਛਾਪਾ

o ਹਰਭਜਨ ਸਿੰਘ ਹੁੰਦਲ

ਦਿਨ ਸੱਜਰਾ ਸੱਜਰਾ ਚੜ੍ਹਿਆ ਸੀ
ਪਿੰਡ ਅੱਖਾਂ ਮਲਦਾ ਉੱਠਿਆ ਸੀ
ਧੀਆਂ ਸੀ ਆਟਾ ਛਾਣਦੀਆਂ
ਨੂੰਹਾਂ ਸੀ ਬਾਲ ਸੰਭਾਲਦੀਆਂ
ਸੀ ਮਾਵਾਂ ਚੁੱਲੇ ਬਾਲਦੀਆਂ

ਇਸ ਵੇਲੇ ਮੇਰੇ ਪਿੰਡੇ ਉੱਤੇ
ਇਕ ਧਾੜ ਹਨੇਰੀ ਵਾਂਗ ਚੜ੍ਹੀ
ਹਰ ਬੂਹੇ ਡਰ ਦਾ ਪ੍ਰਛਾਵਾਂ
ਹਰ ਗਲੀ ਮੋੜ ਤੇ ਫਿਰਨੀ ਤੇ
ਜਾਂ ਲਾਠੀ ਜਾਂ ਬੰਦੂਕ ਖੜੀ

ਨਾ ਦਿਲ ਦੀ ਕੋਈ ਦੱਸਦੇ ਸੀ
ਹਰ ਆਏ ਗਏ ਨੂੰ ਕੁੱਟਦੇ ਸੀ
ਕੁਝ 'ਫੁੱਲਾਂ' ਦੇ ਨਾਂ ਪੁੱਛਦੇ ਸੀ

ਜਿਸ ਤੇ ਵੀ ਭੋਰਾ ਸ਼ੱਕ ਪੈਂਦਾ
ਫੜ ਜੀਪ ਵਿਚਾਲੇ ਸੁੱਟਦੇ ਸੀ
ਸੁੱਟ ਕਹੀਆਂ ਦਹਿਸ਼ਤ ਦੇ ਮਾਰੇ
ਸੀ ਪਾਣੀ ਲਾਉਂਦੇ ਗੱਭਰੂ ਵੀ
ਸਾਹ ਰੋਕ, ਕਮਾਦਾਂ ਵਿਚ ਬਹਿ ਗਏ
ਬਸ ਵਿਚ ਘਰਾਂ ਦੇ ਇਉਂ ਲੱਗੇ
ਬਚਪਨ ਤੇ ਬੁਢਾਪਾ ਹੀ ਰਹਿ ਗਏ।
ਪਿਆ ਵੇਖ ਕੇ ਛਾਪਾ ਰੁੱਖ ਸਾਰੇ
ਚੁੱਪ-ਚਾਪ ਖਲੋਤੇ ਰੋਂਦੇ ਸੀ
ਗਲੀਆਂ ਦੇ ਕੱਖ ਵੀ ਸਹਿਮ ਗਏ
ਹਰ ਸੁਰਮੇਂ ਵਾਲੀ ਅੱਖ ਵਿਚੋਂ
ਹੁਣ ਖ਼ੂਨ ਦੇ ਹੰਝੂ ਚੋਂਦੇ ਸੀ
ਅੱਕ ਆਖਰ ਮਾਵਾਂ, ਧੀਆਂ ਨੇ
ਚੁੱਲ੍ਹਿਆਂ 'ਚੋਂ ਬਲਦੇ ਚੋਅ ਫੜਕੇ
ਲਾਠੀ, ਬੰਦੂਕ ਵੰਗਾਰੀ ਸੀ
ਹਰ ਮਾਂ ਇਕ ਮਘਦਾ ਸੂਰਜ ਸੀ
ਹਰ ਧੀ ਬਲਦੀ ਚੰਗਿਆੜੀ ਸੀ
ਛੱਡ ਬੂਹੇ, ਗਲੀਆਂ, ਫਿਰਨੀ ਨੂੰ,
ਲਾਠੀ, ਬੰਦੂਕ, ਸੀ ਖਿਸਕ ਤੁਰੀ
ਗੁੱਸੇ ਦਾ ਕੈਸਾ ਜਾਦੂ ਸੀ
ਨਾ ਕੋਈ ਉਹਨਾਂ ਨੂੰ ਗੱਲ ਫੁਰੀ
ਬੱਚਿਆਂ ਨੇ ਸੁੱਖ ਦਾ ਸਾਹ ਲੀਤਾ
ਸਭ ਗਲੀਆਂ ਨਿਰਮਲ ਹੋ ਗਈਆਂ
ਨੱਸ ਤੁਰੇ ਆਕਵੇ ਤੁਰਲੇ ਵੀ
ਜਾਂ ਮਾਵਾਂ ਉੱਠ ਖਲੋ ਗਈਆਂ
ਇਹ ਮਾਣ ਮੇਰੇ ਹੀ ਪਿੰਡ ਨੂੰ ਹੈ
ਇਹ ਸਾਨ ਹੈ ਧੀਆਂ, ਮਾਵਾਂ ਦੀ
ਹੱਥਾਂ ਵਿਚ ਬਲਦੇ ਚੋਅ ਫੜਕੇ,
ਇਹ ਰਾਖੀ ਕਰਨ ਗਰਾਵਾਂ ਦੀ

o

## ਗ਼ਜ਼ਲ

ਡਾ: ਗੁਰਚਰਨ ਸਿੰਘ

ਦੁਨੀਆਂ ਦੀ ਸ਼ਕਲ ਵਿਗੜੀ ਸਿਰ ਦੇ ਸੰਵਾਰਨੀ ਹੈ
ਦੇ ਖ਼ੂਨ ਲੋਕਤਾ ਦੀ ਕਾਇਆ ਸ਼ਿੰਗਾਰਨੀ ਹੈ
ਹੈ ਸਬਕ ਯਾਦ ਕਰਨਾ ਸੰਗਰਾਮ ਦਾ ਜੁਆਨੋ
ਜੁਗ ਪਲਟਣੇ ਦੀ ਨਿਸਦਿਨ ਜਪਣੀ ਮੁਹਾਰਨੀ ਹੈ
ਦਿਲ ਤੇ ਦਿਮਾਗ ਦੋਨੋ, ਕਰ ਪੈਰ ਭੇਟ ਕਰਕੇ
ਬੱਸ ਸੀਸ ਵਾਲੀ ਅੰਤਮ ਹੁਣ ਕਿਸ਼ਤ ਤਾਰਨੀ ਹੈ
ਉੱਠੋ ਪਤਾਲ ਡਿੱਗਿਓ, ਉੱਚਿਆਓ ਜੈ ਦਾ ਨਾਅਰਾ
ਸਤਵੇਂ ਸਮਾਨ ਉੱਤੇ ਜ਼ਿੰਦਗੀ ਉਤਾਰਨੀ ਹੈ
ਕੜੀਆਂ ਤੇ ਬੇੜੀਆਂ ਤੋਂ ਹੋਈਏ ਖਲਾਸ ਤਾਂ ਕਿੰਜ ?
ਮੁਕਤੀ-ਪਰਾਪਤੀ ਦੀ ਸੰਥਾ ਵਿਚਾਰਨੀ ਹੈ।
ਧਰਤੀ ਤੋਂ ਹੂੰਝ ਦੇਣੇ, ਕੁਲ ਲੋਟੂਆਂ ਦੇ ਡੇਰੇ
ਗੰਦਗੀ ਨੂੰ ਦੂਰ ਕਰਕੇ, ਧਰਤੀ ਬੁਹਾਰਨੀ ਹੈ
ਟਕਰਾਉਣਾ ਪਰਬਤਾਂ ਸੰਗ, ਮੱਥੇ ਨੂੰ ਪਾਸ਼ ਕਰਨਾ
ਗੋਲੀ ਸੰਗੀਨ ਸਹਵੇਂ, ਛਾਤੀ ਉਭਾਰਨੀ ਹੈ
ਸਦੀਆਂ ਬੇਗਾਰ ਕੀਤੀ ਬੇਗਾਨਿਆਂ ਦੀ ਯਾਰੋ,
'ਗੁਰਚਰਨ' ਹੁਣ ਤਾਂ ਆਪਣੀ ਦੁਨੀਆਂ ਉਸਾਰਨੀ ਹੈ

o

## ਇਕ ਦਾਸਤਾਨ

ਲਾਟ ਭਿੰਡਰ-ਕੈਨੇਡਾ

o

ਸੁੱਖਾਂ ਸੁੱਖ ਕੇ ਮਾਂ ਮੇਰੀ ਨੇ
ਰੱਬ ਤੋਂ ਮੈਨੂੰ ਪਾਇਆ
ਦੁੱਖ ਤਕਲੀਫਾਂ ਖੁਦ ਉਸ ਝੱਲੇ
ਸੇਕ ਨਾ ਮੈਨੂੰ ਲਾਇਆ
ਬਾਪੂ ਨੇ ਕੋਈ ਕਸਰ ਨਾ ਛੱਡੀ
ਰੱਜ ਕੇ ਲਾਡ ਲਡਾਇਆ
ਕਈ ਉਮੀਦਾਂ ਦਿਲ ਵਿੱਚ ਰਖ
ਮੈਨੂੰ M.A. ਪਾਸ ਕਰਾਇਆ
ਬੇਰੁਜਗਾਰੀ ਹੱਥੋਂ ਜਦ ਮੈਂ
ਧੱਕੇ ਧੋੜੇ ਖਾਧੇ
ਮਾਪਿਆਂ ਦੇ ਅਰਮਾਨ ਤੇ ਮੇਰੇ
ਸੁਪਨੇ ਸਭ ਗੁਆਚੇ
ਫਿਰ ਕਿਸੇ ਨੇ ਦਸਿਆ ਮੈਨੂੰ
ਕਹਿੰਦੇ ਇੱਕ ਦੇਸ ਕਨੇਡਾ
ਸੁਹਣਾ ਵੱਧ ਸਵਰਗ ਨਾਲੋਂ
ਝੂਠ ਹੀ ਮਾਰਨ ਜੇੜਾ
ਪਰੀਆਂ ਤੋਂ ਵੱਧ ਹੁਸਨ ਹੈ ਉਥੇ
ਮੰਨੋਂ ਜਾਂ ਨਾ ਮੰਨੋ
ਪੈਸਿਆਂ ਦੀ ਤਾਂ ਗੱਲ ਹੀ ਛੱਡੋ
ਚਾਹੇ ਲੱਖਾਂ ਪਲੇ ਬੰਨੋ
ਇਨੀ ਗਲ ਜਦ ਸੁਣੀ ਮੈਂ ਉਸਦੀ
ਡਾਢਾ ਚਾਅ ਚੜ ਆਇਆ
ਚਾੜ੍ਹ ਕਲਰਕਾਂ ਤਾਈਂ ਵੱਢੀ
ਪਾਸਪੋਰਟ ਬਣਵਾਇਆ
ਆਂਢ ਗੁਆਂਢੋਂ ਫੜ ਕੇ ਪੈਸੇ
ਜਾ ਟਿਕਟ ਕਟਾਇਆ
PAN AM ਜਹਾਜ਼ ਨੇ ਮੈਨੂੰ
VICTORIA ਲਿਆ ਪੁਚਾਇਆ
ਨਾ ਸੀ ਵੱਡਾ ਛੋਟਾ ਸੀ ਅੱਡਾ

ਮੈਂ ਵੇਖ ਬੜਾ ਘਬਰਾਇਆ
VANCOUVER ਦੇ ਆਰੇ ਡਿਠੇ
ਜਿਨ੍ਹਾਂ ਡਾਢਾ ਸ਼ੋਰ ਮਚਾਇਆ
ਪੇਪਰ ਮਿਲਾਂ ਦੀ ਬਦਬੂ ਨੇ
ਸਿਰ ਮੇਰ ਚੱਕਰਾਇਆ
ਚੁੱਕ ਚੁਕਾ ਕੇ ਯਾਰਾਂ ਮੈਨੂੰ
ਮਿੱਲ 'ਕ ਫਿੱਟ ਕਰਾਇਆ
ਸੁਪਨਿਆਂ ਵਿੱਚ ਵੀ ਫੱਟੇ ਡਿੱਗਣ
ਮੇਰਾ ਸੁਹਲ ਸਰੀਰ ਕੁਮਲਾਇਆ
ਚਾਅ ਪੈਸੇ ਦਾ ਜੋਸ਼ ਉਮਰ ਦਾ
ਮੈਂ ਰੌਲਾ ਕੋਈ ਨਾ ਪਾਇਆ
ਫੱਟਿਆ ਮੇਰੀ ਖਾਧੀ ਜੁਆਨੀ
ਮੇਰਾ ਜਿਸਮ ਪਸੀਨੇ ਰੁਲਿਆ
SHAKESPEARE ਤੇ LORD BYRON
DICKENS ਮੈਨੂੰ ਭੁੱਲਿਆ !
ਸੱਤੀਂ ਅੱਠੀਂ ਸਾਲੀਂ ਫਿਰ ਮੈਂ
ਦੇਸ਼ ਨੂੰ ਮੁੜਨਾ ਚਾਹਿਆ
ਵੇਚ ਵੱਟ ਕੇ ਸਾਰਾ ਕੁਝ
ਜਾ ਵਤਨੀ ਡੇਰਾ ਲਾਇਆ
ਪਹਿਲੇ ਦੋ ਮਹੀਨੇ ਮੇਰੇ
ਮਿਲਣ ਮਿਲਾਉਣ 'ਚ ਲੰਘੇ
ਘੱਟੇ ਮਿੱਟੀ ਰਜਿਆ ਮੁੰਡਾ
ਰੋਜ ਰਾਤ ਨੂੰ ਖੰਘੇ
ਸੋਚਾਂ ਕਾਰੋਬਾਰ ਕੋਈ ਹੁਣ
ਵਡਾ ਸਾਰਾ ਚਲਾਈਏ
ਖੋਲ੍ਹੀਏ ਕੋਈ ਕਾਰਖਾਨਾ
ਜਾਂ ਸ਼ੈਲਰ ਕੋਈ ਲਗਾਈਏ
ਕੋਲਡ ਸਟੋਰ, ਗੁਦਾਮ, ਕੰਬਾਈਨਾਂ
ਜਾਂ ਅੰਗਰੇਜੀ ਸਕੂਲ ਚਲਾਈਏ
ਕਈਆਂ ਨਾਲ ਮੈਂ ਖਾਧਾ ਬਹਿਕੇ
ਕਈਆਂ ਨੂੰ ਖੁਆਇਆ
BUISNESS ਚੱਜਦਾ ਕੋਈ ਨਾ ਲੱਭਾ
ਪੂਰਾ ਸਾਲ ਗੁਆਇਆ
ਏਨੇ ਚਿਰ ਵਿੱਚ ਪੈਸੇ ਮੁੱਕੇ
ਹਾਰ ਹੰਭ ਮੈਂ ਥੱਕਿਆ
ਜ਼ਿਮੀਦਾਰ ਦਾ ਪੁੱਤਰ ਵੇਖੋ
ਕਿਸ ਚੱਕਰ ਵਿੱਚ ਫਸਿਆ ।
ਬਾਪੂ ਨੂੰ ਲਾ ਲਾਰਾ ਲੱਪਾ
ਫਿਰ ਵਾਪਸ ਮੈਂ ਆਇਆ
ਮੁਢੋਂ ਸੁਢੋਂ ਮਿਹਨਤ ਕਰ ਕੇ
ਵਾਹਵਾ ਕੰਮ ਚਲਾਇਆ
ਰਲ ਕੇ ਅਸਾਂ ਸਲਾਹ ਬਣਾਈ
ਮਾਪਿਆਂ ਨੂੰ ਮੰਗਵਾਈਏ
ਵਾਂਣੇ ਸਾਡੇ ਸਾਂਭਣ ਪਿਛੋਂ
ਅਸੀਂ ਦੋਵੇਂ ਜੀਅ ਕਮਾਈਏ
IMMIGRATION ਦੇ ਕਾਗ਼ਜ਼ ਭਰ
ਮੈਂ ਮਾਪੇ ਵੀ ਮੰਗਵਾਏ
ਡਾਢੀ ਮਿਹਨਤ ਕਰਕੇ ਯਾਰੋ
ਪੈਸੇ ਚਾਰ ਬਚਾਏ
ਪਰ ਲਾਲਚ ਦੇ ਪਿਛੇ ਲੱਗ
ਦੋ ਵਾਧੂ ਘਰ ਬਣਵਾਏ
ਪਹਿਲੇ ਘਰ ਤੇ ਬੈਂਕ ਕੋਲੋਂ
ਲਈ ਵਡੀ ਰਕਮ ਉਧਾਰੀ
ਬੈਂਕ ਰੇਟ ਹੁਣ ਏਨੇ ਵਧ ਗਏ
ਕਿਸ਼ਤ ਨਾ ਜਾਏ ਤਾਰੀ
ਉਤੋਂ ਸਮਾਂ ਹੈ ਮਾੜਾ ਆਇਆ
ਛਾਂਟੀ (LAY-OFF) ਹੋ ਗਈ ਜਾਰੀ
ਅਜਿਹੇ ਮੌਕੇ ਸਭ ਤੋਂ ਪਹਿਲਾਂ
ਆਉਂਦੀ ਸਾਡੀ ਵਾਰੀ
FORECLOSURE ਦੇ ਹੁਣ ਡਰ ਤੋਂ
ਜੀਣਾ ਹੋ ਗਿਆ ਭਾਰੀ !
ਹੁਣ ਸੋਚਾਂ ਫਿਰ ਵਾਪਸ ਮੁੜ ਜਾਂ
ਪਰ ਲੁੱਟ ਉਥੇ ਵੀ ਜਾਰੀ !!!
ਇਥੇ ਰਹਿਣਾ ਜਾਂ ਉੱਥੇ ਰਹਿਣਾ
ਇਹ ਮਸਲੇ ਦਾ ਹੱਲ ਨਹੀਂ ਹੈ
ਆਪਣੇ ਲਈ ਹੀ ਜੀਂਦੇ ਰਹਿਣਾ
ਇਹ ਕੋਈ ਚੰਗੀ ਗਲ ਨਹੀਂ ਹੈ
ਲਬ ਲੋਭ ਨੂੰ ਛੱਡੋਂ ਯਾਰੋ
ਲੋੜ ਸਮੇਂ ਦੀ ਪਛਾਣੋ
ਹੱਕ ਸੱਚ ਲਈ ਲੜਦੇ ਨੇ ਜੋ
ਕਦਰ ਉਨ੍ਹਾਂ ਦੀ ਜਾਣੋ
ਜੀਵਨ ਨਾਮ ਹੈ ਕੁਰਬਾਨੀ ਦਾ
ਇਹ ਸੱਚਾਈ ਮਾਨੋਂ !!!

o

ਹਿੰਦੀ ਕਵਿਤਾ

## ਨਕਸਲਬਾੜੀ ਅਤੇ ਉਸ ਦੇ ਰਾਹ ਨੂੰ

o ਕੁਲਦੀਪ ਝਾਸੀ

ਲੁਟੇਰਿਆਂ ਨੇ ਉਸ ਨੂੰ ਨਰਕ ਦਾ ਕਮਰਾ
ਦਿਖਾਇਆ
ਅਧੁਨਿਕ ਤਸੀਹਿਆਂ ਦੇ ਸਾਰੇ ਯੰਤਰ
ਉਹਦੇ ਵਿਚ ਡਰ ਭਰਨ ਲਈ
ਵਰਤੇ ।
ਪਰ ਇਹ ਕਿਵੇਂ ਹੋ ਸਕਦਾ ਸੀ ਕਿ
ਨਿੱਡਰ ਵਿਚ ਡਰ
ਭਰਿਆ ਜਾ ਸਕੇ ।
ਜਿਸ ਨੇ ਹਮੇਸ਼ਾਂ ਲਈ
ਡਰ ਨੂੰ ਜਿੱਤ ਲਿਆ ਹੈ

ਇਥੋਂ ਤਕ ਕਿ ਮੌਤ ਦੇ ਡਰ ਨੂੰ ਵੀ।
ਕੰਧ ਨਾਲ ਬਾਹਵਾਂ ਖੜੀਆਂ
ਕਰਾ ਲਈਆਂ
ਲਤਾਂ ਸਿਧੀਆਂ ਤਣੀਆਂ ਹੋਈਆਂ
ਤੇ ਉਨ੍ਹੀ ਦੇਰ ਕਰਾਈ ਰਖਿਆ
ਕਿ
ਸਮਾਂ ਮਤਲਬ ਭੁਲ ਗਿਆ ਆਪਣਾ।
ਉਸ ਦੇ ਹੱਥਾਂ ਦੀਆਂ ਟੁਟੀਆਂ
ਹੋਈਆਂ ਹੱਡੀਆਂ।
ਉਸ ਦੇ ਸਰੀਰ ਤੇ ਅਣਗਿਣਤ ਲਾਸਾਂ।
ਤੇ ਦਾਗ
ਸਿਗਰਟ ਦੀ ਸਾੜ ਦੇ।
ਟੁਟਿਆ ਹੋਇਆ ਸਰੀਰ।
ਉਸ ਨੇ ਜੋਸ਼ ਨਾਲ ਕਿਹਾ
ਕਿ ਉਹ ਇਕ ਇਨਕਲਾਬੀ ਹੈ
ਇਕ ਕਮਿਊਨਿਸਟ, ਇਕ ਅਸਲੀ ਕਮਿਊਨਿਸਟ
ਇਕ ਨਕਸਲਾਈਟ।
(ਲੁਟੇਰੇ) ਉਹ ਸੋਚਦੇ ਹਨ ਕਿ
ਉਹ ਖਤਰਨਾਕ ਹੈ
ਉਸ ਦੇ ਵਿਚਾਰ, ਉਸ ਦੀ ਮਿਸਾਲ
ਉਸ ਦੀ ਹੋਂਦ
ਲੋਕਾਂ ਵਿਚ।
ਸੋਚੋ ਕਿ
ਤੁਸੀਂ ਉਸ ਨੂੰ ਤੋੜ ਦਿੱਤਾ ਹੈ
ਉਸ ਦੇ ਸਰੀਰ ਨੂੰ ਤੋੜ ਦਿੱਤਾ ਹੈ।
ਪਰ ਤੁਸੀਂ ਉਸ ਦੇ ਮਨ ਨੂੰ
ਕਾਬੂ ਨਹੀਂ ਕਰ ਸਕਦੇ
ਉਹ ਅਜ਼ਾਦ ਹੈ
ਅਜ਼ਾਦ ਹੈ, ਅਜ਼ਾਦ ਹੈ।
ਬੇੜੀਆਂ ਪਾ ਕੇ ਤੇ
ਲੋਹੇ ਦੇ ਪਿੰਜਰੇ ਵਿਚ
ਬੰਦ ਕਰਕੇ ਵੀ ਤੁਸੀਂ
ਉਸ ਨੂੰ ਡੁਲਾ ਨਹੀਂ ਸਕਦੇ।
ਉਹ ਤੁਹਾਡੀ ਪਹੁੰਚ ਤੋਂ ਪਰ੍ਹੇ ਹੈ।
ਹਜ਼ਾਰ ਵਾਰ ਤਸੀਹੇ ਦਿੱਤੇ
ਪਰ ਉਸਦੀ ਲਗਨ ਨਾ ਹਾਰੀ
ਉਹ ਜਿੱਤੀ! ਉਹ ਜਿੱਤੀ! ਉਹ ਜਿੱਤੀ।
ਜੋ ਸਹੀ ਵਿਚਾਰ
ਲੋਕਾਂ ਵਿਚ ਹੋਵੇ
ਜਿੱਤਿਆ ਜਾ ਨਹੀਂ ਸਕਦਾ।

ਅਨੁਵਾਦਕ—ਮੱਖਣ ਸਿੰਘ, ਮਹਿੰਦਰ ਸਿੰਘ ਭੁੱਲਰ

## ਮੇਰੀ ਕਵਿਤਾ ਜੰਮੀ ਹੈ

ਮਹਿੰਦਰ ਸਿੰਘ ਕੋਟਕਪੂਰਾ

ਜੇਠ ਹਾੜ੍ਹ ਦੀਆਂ ਧੁੱਪਾਂ 'ਚੋਂ
ਬੇ-ਬੱਸ ਹੋਈਆਂ ਚੁੱਪਾਂ 'ਚੋਂ,
ਹੱਥਾਂ ਦੇ ਛਾਲਿਆਂ 'ਚੋਂ
ਕਿਰਤਾਂ ਦੇ ਉਧਾਲਿਆਂ 'ਚੋਂ
ਪੋਹ ਮਾਘ ਦੇ ਕੋਰੇ 'ਚੋਂ
ਕਰਜ਼ੇ ਦੇ ਝੋਰੇ 'ਚੋਂ
ਸਿਆੜਾਂ ਦੇ ਖੋਰੇ 'ਚੋਂ
ਕਾਨੂੰਨਾਂ ਦੇ ਮੋਰੇ 'ਚੋਂ
ਜਾਂਤਾਂ ਦੀਆਂ ਭਿੱਟਾਂ ਚੋਂ,
ਝੁੱਗੀ ਦੀਆਂ ਇੱਟਾਂ 'ਚੋਂ,
ਜਟੂਰੀ ਹੋਈਆਂ ਲਿਟਾਂ 'ਚੋਂ
ਸੀਖਾਂ ਅਤੇ ਭਿੱਤਾਂ 'ਚੋਂ,
ਅਣ-ਵਿਆਹੀਆਂ ਮਾਵਾਂ ਦੀ ਮਜਬੂਰੀ 'ਚੋਂ
ਨੰਗ ਨਾ ਢਕਦੀ ਮਜ਼ਦੂਰੀ ਚੋਂ,
ਲੁੱਟਾਂ ਦੀ ਮਗਰੂਰੀ 'ਚੋਂ
ਤੇ ਸਿਆਸਤ ਦੀ ਊਰੀ 'ਚੋਂ
ਮੇਰੀ ਕਵਿਤਾ ਜੰਮੀ ਹੈ !!!
ਹਰ 'ਖਚਰੇ 'ਕਿਰਦਾਰ' ਤੋਂ,
ਇਹਨਾਂ 'ਰੰਗਾਂ ਦੀ ਬਹਾਰ ਤੋਂ
ਅੰਧ-ਵਿਸ਼ਵਾਸ਼ ਭਰੇ ਪ੍ਰਚਾਰ ਤੋਂ,
ਤੇ ਕੂੜਦੇ ਸਿਕਦਾਰ ਤੋਂ,
ਮੇਰੀ ਕਵਿਤਾ ਚੌਕਸ ਹੈ !!
ਹਰ ਮੋੜ ਤੇ ਵਿਕੇ ਮਹੀਨੇ ਨੂੰ,
ਮੱਥੇ ਤੇ ਸੁੱਕੇ ਪਸੀਨੇ ਨੂੰ.
ਸੰਗੀਨਾਂ ਲਈ ਤਣ ਗਏ ਸੀਨੇ ਨੂੰ;
ਤੇ ਅਣਖਾਂ ਤੋਂ ਹੋਏ ਬੇ-ਦੀਨੇ ਨੂੰ
ਮੇਰੀ ਕਵਿਤਾ ਜਾਣਦੀ ਹੈ !!
ਮੇਰੀ ਕਵਿਤਾ ਪਹਿਚਾਣਦੀ ਹੈ !!!
ਸਰਬੱਤ ਦੀ ਖਾਤਰ ਮੋਇਆਂ ਨੇ
ਹੋ ਕੇ ਵੀ, ਅਣ-ਹੋਇਆਂ ਨੇ,
ਅੱਖੀਂ ਪੈ ਗਏ ਰੋਹਿਆਂ ਨੇ,
ਤੇ ਪੀੜਾਂ ਦੇ ਢੋਇਆਂ ਨੇ,
ਮੇਰੀ ਕਵਿਤਾ ਨੂੰ ਗੁੜ੍ਹਤੀ ਦਿਤੀਏ
ਜੋ ਸੱਚ ਘੇਰਿਆ ਦਾਵਾਂ ਨੇ,
ਕੂੰਜ, ਜੋ ਖਾਧੀ ਕਾਵਾਂ ਨੇ,
ਸੁਹਾਗ ਦੇ ਲੁੱਟ ਗਏ ਚਾਵਾਂ ਨੇ,
ਸਹਾਰੇ ਨੂੰ ਰੋਂਦੀਆਂ ਮਾਵਾਂ ਨੇ,
ਮੇਰੀ ਕਵਿਤਾ ਨੂੰ ਲੋਰੀ ਦਿਤੀ ਏ !!
ਇਹਨਾਂ 'ਸ਼ਕਰੋਂ' ਮਿਠੇ ਗੀਤਾਂ 'ਚੋਂ.
ਹੱਡ-ਵੜੀਆਂ ਪਿਆਰ ਪ੍ਰੀਤਾਂ 'ਚੋਂ,
'ਬੇਬੇ' ਦੀਆਂ ਨਸੀਹਤਾਂ 'ਚੋਂ,
ਤੇ ਬਾਪੂ ਦੀਆਂ ਵਸੀਹਤਾਂ 'ਚੋਂ,
ਮੇਰੀ ਕਵਿਤਾ ਨਾ ਲੱਭਿਓ !!!
ਮੇਰੀ ਕਵਿਤਾ ਦੀ ਬਸ ਇਹੀ ਕਹਾਣੀ ਹੈ !
ਇਹੀ ਕਹਾਣੀ ਹੈ.........।

# ਪਾਠਕ-ਲੇਖਕ ਫੋਰਮ

ਮਸਲਾ ਵੱਧ ਅਧਿਕਾਰਾਂ ਦਾ—ਅਨੰਦਪੁਰ ਰੈਜ਼ੂਲੇਸ਼ਨ ਤੇ ਅਕਾਲੀ ਦਲ ।

ਪ੍ਰੋ: ਐਮ. ਸੀ. ਭਾਰਦਵਾਜ ਦੇ ਸਮਤਾ 33 (ਫਰਵਰੀ 1982) ਵਿਚ ਦਿਤੇ ਲੇਖ ਬਾਰੇ ਸਾਡੇ ਪਾਠਕਾਂ ਵਲੋਂ ਬਹੁਤ ਸਾਰੇ ਪ੍ਰਤੀਕਰਮ ਆਏ ਹਨ । ਸਾਡੇ ਪਾਠਕਾਂ ਨੇ ਪ੍ਰੋ: ਸਾਹਿਬ ਦੇ ਲੇਖ ਦਾ ਗੰਭੀਰ ਨੋਟਿਸ ਲਿਆ ਹੈ । ਖਾਸ ਕਰਕੇ ਪ੍ਰੋ: ਸਾਹਿਬ ਵਲੋਂ ਅਕਾਲੀ ਪਾਰਟੀ ਜਾਂ ਸਮੁੱਚੀ ਅਕਾਲੀ ਪਾਲੀਟਿਕਸ ਦੀ ਡੀਫੈਂਸ ਉਹਨਾਂ ਪਾਠਕਾਂ ਨੂੰ ਬੜੀ ਗ਼ੈਰ ਯਥਾਰਥਵਾਦੀ ਅਤੇ ਹਕੀਕਤਾਂ ਤੋਂ ਅੱਖਾਂ ਮੀਟਣ ਵਾਲੀ ਲੱਗੀ ਹੈ । ਉਹਨਾਂ ਨੇ ਕੁਝ ਸਵਾਲ ਚੁੱਕੇ ਹਨ ਜਿਨ੍ਹਾਂ ਦਾ ਤੱਤ ਸੰਖੇਪ ਵਿਚ ਇਸ ਤਰ੍ਹਾਂ ਹੈ—

1. ਅਕਾਲੀ ਪਾਰਟੀ ਨੇ ਕਦੇ ਸਮੁੱਚੇ ਪੰਜਾਬੀਆਂ, ਜਿਨ੍ਹਾਂ ਵਿਚ ਹਿੰਦੂ ਵੀ ਆਂਦੇ ਹਨ, ਗਲ ਨਹੀਂ ਕੀਤੀ । ਹਮੇਸ਼ਾਂ ਵੱਖਵਾਦੀ ਸਿਆਸਤ ਨੂੰ ਅਪਣਾਇਆ ਹੈ । (2) ਸਿਆਸੀ ਕਾਰਕੁਨਾਂ ਵਿਰੁਧ ਝੂਠੇ ਪੁਲਸ ਮੁਕਾਬਲਿਆਂ ਦੀ ਰਵਾਇਤ ਅਕਾਲੀਆਂ ਦੇ ਰਾਜ ਵੇਲੇ ਹੀ ਸ਼ੁਰੂ ਕੀਤੀ ਗਈ । (3) ਅਕਾਲੀਆਂ ਨੇ ਜਦੋਂ ਵੀ ਗੱਦੀ ਸੰਭਾਲੀ ਕਦੀ ਵੀ ਸਾਧਾਰਨ ਲੋਕਾਂ ਦੇ ਹਿਤਾਂ ਲਈ ਕੋਈ ਕਦਮ ਨਹੀਂ ਚੁਕਿਆ । ਵਜ਼ਾਰਤ ਤੋਂ ਬਾਹਰ ਇਹ ਜੋ ਮੰਗਾਂ ਕਰਦੇ ਹਨ, ਵਜ਼ਾਰਤ ਸੰਭਾਲਦਿਆਂ ਹੀ ਸਭ ਕੁਝ ਭੁੱਲ ਜਾਂਦੇ ਹਨ ਅਤੇ ਕਾਂਗਰਸੀ ਵਜ਼ੀਰਾਂ ਵਾਂਗ ਉਸ ਵੇਲੇ ਇਹ ਵੀ ਹਰ ਬੇਈਮਾਨੀ ਦੇ ਭਾਈਵਾਲ ਹੁੰਦੇ ਹਨ । (4) ਕੀ ਵਧੇਰੇ ਅਧਿਕਾਰਾਂ ਨਾਲ ਲੋਕਾਂ ਦੀ ਸਮਾਜਕ ਨਿਆਂ ਦੀ ਬੁਨਿਆਦੀ ਮੰਗ ਪੂਰੀ ਹੋ ਜਾਏਗੀ ? (5) ਸੰਤ ਭਿੰਡਰਾਂਵਾਲੇ ਦੀਆਂ ਕਾਰਗੁਜ਼ਾਰੀਆਂ ਬਾਰੇ ਪ੍ਰੋ: ਸਾਹਿਬ ਨੇ ਕਿਉਂ ਚੁੱਪ ਧਾਰੀ ਹੈ ?—ਅਕਾਲੀ ਪਾਰਟੀ ਦਾ ਪੰਜਾਬ ਦੀ ਸਿਆਸਤ ਵਿਚ ਕਿਉਂਕਿ ਅਹਿਮ ਹਿੱਸਾ ਹੈ—ਇਸ ਕਰਕੇ ਇਸ ਵਾਦਵਿਵਾਦ ਨੂੰ ਅਸੀਂ ਇਹਨਾਂ ਕਾਲਮਾਂ ਵਿਚ ਅੱਗੇ ਲਿਜਾ ਰਹੇ ਹਾਂ—ਕੁਝ ਚਿੱਠੀਆਂ ਛਾਪੀਆਂ ਜਾ ਰਹੀਆਂ ਹਨ, ਕੁਝ ਅਗਲੇ ਅੰਕਾਂ ਵਿਚ ਛਾਪਾਂਗੇ ।

—ਸੰਪਾਦਕ

ਪ੍ਰੋ: ਭਾਰਦਵਾਜ ਦੇ ਸਮਤਾ 33 ਨੰ: ਵਿਚ ਛਪੇ ਲੇਖ "ਮਸਲਾ ਵਧੇਰੇ ਅਧਿਕਾਰਾਂ ਦਾ"

## ਦੀ ਚੀਰ ਫਾੜ

o ਸੁਰਜੀਤ ਢੀਂਡਸਾ

ਲੇਖਕ ਦੇ ਸਾਰੇ ਲੇਖ ਦਾ ਤੱਤ ਅਕਾਲੀ ਦਲ ਵਲੋਂ ਚਲਾਏ ਜਾ ਰਹੇ ਮੌਜੂਦਾ ਸੰਘਰਸ਼ ਦੇ ਹੱਕ ਵਿਚ ਭੁਗਤਦਾ ਹੈ ਪਰ ਸਮੁੱਚੇ ਪੰਜਾਬ ਦੇ ਹੱਕ ਵਿਚ ਨਹੀਂ । ਕਿਸੇ ਵੀ ਇਨਸਾਨ ਦੇ ਦੋ ਪੱਖੀ ਵਿਚਾਰ ਹੁੰਦੇ ਹਨ, ਬੁਰਜੂਆਜ਼ੀ ਤੇ ਪ੍ਰੋਲੇਤਾਰੀ । ਪ੍ਰੋ: ਸਾਹਿਬ ਨੂੰ ਬੁਰਜੂਆਜ਼ੀ ਵਿਚਾਰਾਂ ਵਾਲਾ ਤਾਂ ਮੈਂ ਨਹੀਂ ਕਹਿ ਸਕਦਾ, ਕਿਉਂਕਿ ਮੇਰੇ ਵਲੋਂ ਕੁਝ ਸਮਾਂ ਪਹਿਲਾਂ ਕੀਤੇ ਗਏ ਇਕ ਸੁਆਲ ਦੇ ਜੁਆਬ ਦੇ ਆਧਾਰ ਤੇ ਮਾਰਕਸਵਾਦੀ ਵਿਚਾਰਧਾਰਾ ਵਾਲਾ ਹੀ ਕਹਾਂਗਾ । ਫਿਰ ਆਓ ਸੋਚੀਏ ਕਿ ਪ੍ਰੋ: ਸਾਹਿਬ ਨੇ ਇਹ ਲੇਖ ਮਾਰਕਸਵਾਦੀ ਦ੍ਰਿਸ਼ਟੀਕੋਣ ਰਾਹੀਂ ਦੇਖ ਕੇ ਲਿਖਿਆ ਹੈ । ਨਹੀਂ ! ਨਹੀਂ !! ਨਹੀਂ !!! ਕਿਉਂਕਿ ਅਨੰਦਪੁਰ ਦੇ ਮਤੇ ਵਿਚੋਂ ਇਕ ਤੱਤ ਨਿਕਲਦਾ ਹੈ ਕਿ 'ਸਿੱਖ ਇਕ ਵੱਖ ਕੌਮ ਹਨ ।' ਜਿਥੋਂ ਤੱਕ ਕਮਿਊਨਿਸਟਾਂ ਦਾ ਸੁਆਲ ਹੈ, ਉਨਾਂ ਵਲੋਂ ਅਕਾਲੀਆਂ ਦੇ ਬਿਆਨਾਂ ਦੇ ਸੰਦਰਭ 'ਚ ਸੋਚਣਾ ਵਿਚਾਰਨਾ ਤਾਂ ਬਿਲਕੁਲ ਵਾਜਬ ਹੀ ਨਹੀਂ, ਕਿਉਂਕਿ ਇਨ੍ਹਾਂ ਨੂੰ ਇਕ ਵੱਖ ਕੌਮ ਮੰਨਣਾ ਜਾਂ ਇਨ੍ਹਾਂ ਦੇ ਘੋਲ ਦੀ ਹਮਾਇਤ ਕਰਨ ਤੇ ਸੋਚਣਾ ਤੇ ਬਹਿਸ ਕਰਨੀ (ਜਿਵੇਂ ਪ੍ਰੋ: ਸਾਹਿਬ ਨੇ ਕੀਤੀ ਹੈ) ਇਕ ਮੂਰਖਤਾ ਭਰਿਆ ਕੰਮ ਹੈ । ਕਿਉਂਕਿ ਲੈਨਿਨ ਤੇ ਮਾਰਕਸ ਦੀਆਂ ਲਿਖਤਾਂ ਅਨੁਸਾਰ ਕਮਿਊਨਿਸਟਾਂ ਨੂੰ ਕੌਮੀ ਮੁਕਤੀ ਲਹਿਰ ਦੇ ਖਾਸੇ ਨੂੰ ਸਮਝਣਾ ਜ਼ਰੂਰੀ ਹੈ ।

ਸੋ ਅਕਾਲੀਆਂ ਵਲੋਂ ਚਲਾਇਆ ਜਾ ਰਿਹਾ ਯੁੱਧ (ਮੌਜੂਦਾ) ਅਸਲ ਵਿਚ ਇਹ ਕੋਈ ਕੌਮੀ ਮੁਕਤੀ ਯੁੱਧ ਨਹੀਂ ਤੇ ਨਾ ਹੀ ਇਹ ਸਾਮਰਾਜ ਅਤੇ ਜਗੀਰਦਾਰੀ ਵਿਰੁੱਧ ਹੈ, ਸਗੋਂ ਇਹ ਤਾਂ ਅਮਰੀਕਾ ਪੱਖੀ ਜਗੀਰਦਾਰਾਂ ਅਤੇ ਦਲਾਲ ਸਰਮਾਏਦਾਰਾਂ ਵਲੋਂ ਸ਼ੁਰੂ ਕੀਤੀ ਇਕ ਪਿਛਾਖੜੀ ਲੜਾਈ ਹੈ ਤੇ ਭਾਰਤ ਵਿਚਲਾ ਅਮਰੀਕਾ ਪੱਖੀ ਗੁੱਟ, ਜ਼ਾਤ ਪਾਤ ਅਤੇ ਧਰਮ ਦੇ ਅਧਾਰ ਤੇ ਜਿਥੇ ਇਨਕਲਾਬੀ ਲਹਿਰ ਨੂੰ ਸੱਟ ਮਾਰ ਰਿਹਾ ਹੈ, ਉਥੇ ਰੂਸੀ ਸਮਾਜੀ ਸਾਮਰਾਜੀਆਂ ਦੀ ਭਾਰਤ ਉਪਰ ਪਾਈ ਜਕੜ ਨੂੰ ਵੀ ਤੋੜ ਰਿਹਾ ਹੈ । ਲੇਖਕ ਨੇ ਅਕਾਲੀ ਦਲ ਦੀਆਂ ਮੰਗਾਂ ਦੀ ਹਮਾਇਤ ਕਰਕੇ, ਲੇਖ ਵਿਚ ਬਿਨਾਂ ਮਤਲਬੋ ਟੋਟਕੇ ਛੱਡ-2 ਤੇ ਬਾਤਾਂ ਹੀ ਪਾਈਆਂ ਹਨ । ਆਓ ! ਹੁਣ ਜ਼ਰਾ ਲੇਖ ਤੇ ਝਾਤ ਮਾਰੀਏ ।

ਲੇਖਕ ਪਹਿਲੇ ਹੀ ਪਹਿਰੇ ਵਿੱਚ ਕਹਿੰਦਾ ਹੈ ਕਿ ਸਰਕਾਰ ਨੂੰ ਇਹ ਮਾਮਲਾ ਲਟਕਾਉਣ ਵਿਚ ਦੋ ਫਾਇਦੇ ਹਨ । ਪਰ ਇਸੇ ਪੈਰੇ ਦੇ ਅੰਤ ਵਿਚ ਕਹਿੰਦਾ ਹੈ ਕਿ ਮਸਲੇ ਦਾ ਕੀਤਾ ਫੌਰੀ ਹੱਲ ਕਾਂਗਰਸ ਸਰਕਾਰ ਦੇ ਫਾਇਦੇ ਵਿੱਚ ਜਾਂਦਾ ਹੈ ਜਿਸ ਤੋਂ ਸਪੱਸ਼ਟ ਹੈ ਕਿ ਲੇਖਕ ਆਪ ਹੀ ਆਪਾ ਵਿਰੋਧੀ ਗਲਾਂ ਕਰ ਰਿਹੈ ।

## ਇਕ ਬੇਨਤੀ :

ਇਸ ਪੈਰ੍ਹੇ ਵਿੱਚ ਲੇਖਕ ਸਾਰਾ ਕਸੂਰ ਇੰਦਰਾ ਸਰਕਾਰ ਦਾ ਕੱਢਦਾ ਹੈ ਪਰ ਮੈਂ ਸਮਝਦਾ ਹਾਂ ਜੋ ਪੈਰੇ ਵਿੱਚ ਦਿਤਾ ਗਿਆ ਹੈ ਇਹ ਸਭ ਕੁਝ ਕੋਈ ਵੀ ਸਰਕਾਰ ਹੋਵੇ ਉਸ ਵਿਚ ਹੁੰਦਾ ਹੀ ਹੈ ਕਿਉਂਕਿ ਸਰਮਾਏਦਾਰੀ ਪ੍ਰਬੰਧ ਵਿਚ ਸਭ ਕੁਝ ਇਵੇਂ ਹੀ ਚਲਦਾ ਹੁੰਦਾ ਹੈ। ਤੇ ਮੌਜੂਦਾ ਐਜੀਟੇਸ਼ਨ ਵੀ ਅਜਿਹੇ ਰਾਜ ਦੇ ਖਿਲਾਫ਼ ਕੋਈ ਬਗਾਵਤ ਨਹੀਂ ਜਿਸ ਦੀ ਤੁਸੀਂ ਵਕਾਲਤ ਕਰ ਰਹੇ ਹੋ।

ਲੇਖਕ ਨੇ ਅੱਗੇ ਲੇਖ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਹੈ ਤੇ ਪਹਿਲੇ ਹਿੱਸੇ ਦੇ ਪੰਜ ਨੁਕਤੇ ਲਏ ਹਨ।

ਨੁਕਤਾ ਨੰ: 1—ਮੈਂ ਸਮਝਦਾ ਹਾਂ ਕਿ ਸੂਬਿਆਂ ਲਈ ਵਧੇਰੇ ਅਧਿਕਾਰ ਮੰਗਣੇ ਨਜਾਇਜ਼ ਨਹੀਂ ਅਤੇ ਵਧੇਰੇ ਅਧਿਕਾਰ ਮਿਲਣੇ ਚਾਹੀਦੇ ਹਨ, ਪਰ ਜਿਸ ਤਰ੍ਹਾਂ ਮੌਜੂਦਾ ਅੰਦੋਲਨ ਚੱਲ ਰਿਹੇ ਇਹ ਵੱਧ ਅਧਿਕਾਰਾਂ ਲਈ ਨਹੀਂ, ਸਿਰਫ ਦੁਬਾਰਾ ਕਿਸੇ ਤਰ੍ਹਾਂ ਖੁਸੀਆਂ ਹੋਈਆਂ ਗੱਦੀਆਂ ਪ੍ਰਾਪਤ ਕਰਨ ਲਈ ਚੱਲ ਰਿਹਾ ਹੈ।

1. ਉਦਾਹਰਣ ਵਜੋਂ ਕੀ ਅਕਾਲੀਆਂ ਨੇ ਸਮੁੱਚੇ ਪੰਜਾਬ ਨੂੰ ਭਰੋਸੇ ਵਿੱਚ ਲਿਆ ਹੈ ? ਨਹੀਂ ! ਨਹੀਂ !! ਨਹੀਂ !!! ਫਿਰ ਇਕੱਲੇ ਅਕਾਲੀਆਂ ਨੂੰ ਭਵਿੱਖ ਦਾ ਫੈਸਲਾ ਕਰਨ ਦਾ ਕੀ ਅਧਿਕਾਰ ਹੈ। 2. ਜਾਂ ਜਿਸ ਤਰ੍ਹਾਂ ਅਕਾਲੀ ਅੰਮ੍ਰਿਤਸਰ-ਪਟਿਆਲਾ-ਮਸਤੂਆਣਾ-ਦਮਦਮਾ ਸਾਹਿਬ ਆਦਿ ਥਾਵਾਂ ਤੇ ਏਡੇ ਏਡੇ ਇਕੱਠ ਕਰ ਕੇ ਹਾਲ ਦੁਹਾਈ ਪਾਉਂਦੇ ਹਨ ਤੇ ਸਟੇਜਾਂ ਲਾਉਂਦੇ ਹਨ, ਕਦੇ ਕਿਸੇ ਮੰਦਰ ਜਾਂ ਮਸੀਤ ਵਿਚ ਅਜਿਹਾ ਇਕੱਠ ਕੀਤਾ ਹੋਵੇ। ਨਹੀਂ ! ਫਿਰ ਲੋਕਾਂ ਦੀ ਅਵਾਜ਼ ਦੇ ਮੁਤਾਬਕ ਜਿਥੋਂ ਤੱਕ ਮੈਂ ਸੁਣੀ ਹੈ ਵਧ ਗਿਣਤੀ ਇਹੀ ਕਹਿੰਦੀ ਹੈ ਕਿ ਇਸ ਐਜੀਟੇਸ਼ਨ ਨੇ ਹਿੰਦੂ ਸਿੱਖਾਂ ਵਿਚ ਪਾੜਾ ਵਧਾਇਆ ਹੈ।

2. ਅੱਜ ਇਤਨੇ ਸਿੰਘ ਦਿੱਲੀ ਨੂੰ ਜਾਣਗੇ ! ਅੱਜ 268 ਸਿੰਘਾਂ ਨੇ ਗ੍ਰਿਫਤਾਰੀ ਦਿੱਤੀ !! ਫਿਰ ਅਕਾਲੀ ਲੀਡਰ ਇਉਂ ਕਿਉਂ ਨੀ ਕਹਿੰਦੇ ਕਿ ਅੱਜ ਇਤਨੇ ਪੰਜਾਬੀਆਂ ਨੇ ਗ੍ਰਿਫਤਾਰੀ ਦਿੱਤੀ। ਹੋਰ ਲਓ ! ਅਕਾਲੀ ਦਲ ਨੇ ਸਿੱਖ ਬੁਧੀਜੀਵੀਆਂ ਦੀ ਮੀਟਿੰਗ ਸੱਦੀ ਹੈ ! ਸਾਬਕਾ ਸਿੱਖ ਫ਼ੌਜੀਆਂ ਦੀ ਕਨਵੈਨਸ਼ਨ ਏਨੀ ਤਾਰੀਖ ਨੂੰ ਫਲਾਣੀ ਥਾ ਹੋ ਰਹੀ ਹੈ !! ਜਾਂ ਦੱਸ ਸਕਦੇ ਹੋ ਕਿਸੇ ਅਕਾਲੀ ਲੀਡਰ ਨੇ ਕਿਹਾ ਹੋਵੇ ਕਿ ਪੰਜਾਬ ਦੇ ਬੁਧੀਜੀਵੀਆਂ ਦੀ ਮੀਟੰਗਾਂ ਜਾਂ ਪੰਜਾਬੀ ਸਾਬਕਾ ਫ਼ੌਜੀਆਂ ਦੀ ਕਨਵੈਨਸ਼ਨ !! ਨਹੀਂ ! ਨਹੀਂ !! ਇਸ ਤੋਂ ਵੀ ਸਪੱਸ਼ਟ ਹੁੰਦਾ ਹੈ ਕਿ ਇਹ ਸਿਰਫ ਅਕਾਲੀ ਦਲ ਦਾ ਹੀ ਕੁਰਸੀ ਯੁੱਧ ਹੈ। ਤੇ ਲੇਖਕ ਪੰਜਾਬ ਦਾ ਨਾਂ ਵਿਚ ਘਸੋੜ ਕੇ ਲੋਕਾਂ ਨੂੰ ਬੁਧੂ ਬਨਾਉਣ ਦੀ ਕੋਸ਼ਿਸ਼ ਕਰ ਰਿਹੈ।

### 3. ਜਾਇਜ਼ ਅਧਿਕਾਰ ਮੰਗਣਾ ਗੁਨਾਹ ਨਹੀਂ :—

ਲੇਖਕ ਨੂੰਹ ਸੱਸ ਦੀ ਲੜਾਈ ਦੀ ਉਦਾਹਰਣ ਦੇ ਕੇ ਕੁਪੱਤੀ ਅਤੇ ਸੁਪੱਤੀ ਸੱਸ ਦੀ ਗੱਲ ਕਰਦਾ ਹੈ। ਜੇ ਕੇਂਦਰ ਸਰਕਾਰ ਨੂੰ ਕਪੱਤੀ ਸੱਸ ਕਹਿ ਦੇਈਏ ਤਾਂ ਕੋਈ ਹਰਜ ਨਹੀਂ ! ਫਿਰ ਕੀ ਲੇਖਕ ਵੰਡ, ਵਡਾਈ ਦੇ ਹੱਕਾਂ ਦੀ ਗੱਲ ਨਹੀਂ ਕਰ ਰਿਹਾ। ਇਹੀ ਕੁਝ ਅਮਰੀਕਾ ਚਾਹੁੰਦਾ ਹੈ ਕਿ ਵਖਵਾਦ ਦੇ ਨਾਂ ਥੱਲੇ ਹਿੰਦੁਸਤਾਨ ਤੇ ਟੋਟੇ ਟੋਟੇ ਕਰ ਦਿਤੇ ਜਾਣ। ਲੇਖਕ ਸ਼ਾਇਦ ਪਿੰਡਾਂ ਵਿਚ ਵੀ ਘੱਟ ਵੱਧ ਹੀ ਜਾਂਦਾ ਹੈ ਨਹੀਂ ਤਾਂ ਕਿਤੇ ਜ਼ਰੂਰ ਵੇਖ ਲੈਂਦਾ ਕਿ—ਬਾਬੇ ਦੀ ਮੰਜੀ ਤੂੜੀ ਵਾਲੇ ਕੋਠੇ ਕਿਉ ! ਜਦ ਮੁੰਡੇ ਸਾਰੀ ਜ਼ਮੀਨ ਜਾਇਦਾਦ ਆਪਣੇ ਨਾਂ ਕਰਵਾ ਲੈਂਦੇ ਹਨ ਉਸ ਸਮੇਂ ਬਾਬੇ ਦੀ ਮੰਜੀ ਤੂੜੀ ਵਾਲੇ ਕੋਠੇ ਵੱਲ ਜਾਂਦੀ ਹੈ। ਫਿਰ ਬਾਬਾ ਸਪੱਤੀਆਂ ਨੂੰਹਾਂ ਨੂੰ ਵਾਜਾਂ ਮਾਰਦਾ ਹੀ ਰਹਿ ਜਾਂਦਾ ਹੈ ਕਿ ਭਾਈ ਘੁੱਟ ਚਾਹ ਦੇ ਜਾਇਓ ! ਦਾਸ ਨੇ ਇਹੋ ਜਿਹੇ ਬਹੁਤ ਕੇਸ ਅੱਖੀ ਦੇਖੇ ਹਨ।

### ਕਿਹੜੇ ਸੈਂਟਰ ਨੂੰ ਮਜ਼ਬੂਤ ਕਰੀਏ —

ਇਸ ਵਿਚ ਲੇਖਕ ਦਾ ਸਾਰਾ ਜ਼ੋਰ ਸਾਮਰਾਜੀ ਦਖਲ ਅੰਦਾਜ਼ੀ ਤੇ ਲੱਗਿਆ ਹੋਇਆ ਹੈ, ਪਰ ਲੇਖਕ ਇਸ ਤੋਂ ਅਨਜਾਣ ਬਣਦਾ ਹੈ ਕਿ ਮੌਜੂਦਾ ਐਜੀਟੇਸ਼ਨ ਸਮੇਤ—ਅਸਾਮ ਦਾ ਮਸਲਾ, ਸਭ ਅਮਰੀਕਾ ਦੀ ਸ਼ਹਿ ਉੱਤੇ ਹੋ ਰਿਹਾ ਹੈ ਕਿ ਭਾਰਤ ਦੇ ਟੋਟੇ ਟੋਟੇ ਹੋ ਜਾਣ ਕਿਉਂਕਿ ਅਮਰੀਕਾ ਚਾਹੁੰਦਾ ਹੈ ਕਿ ਭਾਰਤੀ ਉਪਮਹਾਂਦੀਪ ਵਿਚ ਰੂਸ ਦਾ ਅਸਰ ਖਤਮ ਹੋ ਜਾਵੇ।

ਸਫਾ ਨੰ: 34 ਤੇ 'ਜ਼ਰਾ ਇਹ ਵੀ ਦੱਸੋ' :—

ਇਸ ਵਿਚ ਲੇਖਕ ਦੇ ਸੁਆਲ ਦਾ ਇਹੀ ਜੁਆਬ ਹੈ ਕਿ ਠੀਕ ਹੈ ਸੈਂਟਰ ਧੱਕਾ ਕਰਦਾ ਹੈ ਤੇ ਕਿਸੇ ਸੂਬੇ ਨੂੰ ਭਰੋਸੇ ਵਿਚ ਨਹੀ ਲਿਆ ਪਰ ਅਕਾਲੀ ਆਗੂਆਂ ਨੇ ਕਿੰਨੇ ਕੁ ਪੰਜਾਬੀਆਂ ਨੂੰ ਭਰੋਸੇ ਲਿਆ ਹੈ। ਜਿਹੜਾ ਤੁਸੀਂ ਲਿਖਿਆ ਹੈ ਸ਼ੁਰੂ ਵਿਚ ਹੀ ਕਿ 35000 ਤੋਂ ਵੱਧ ਅਕਾਲੀ ਜੇਲ੍ਹ ਯਾਤਰਾ ਕਰ ਚੁੱਕੇ ਹਨ। ਬੱਸ ਇਸੇ ਨਾਲ ਸਾਰਾ ਪੰਜਾਬ ਸਹਿਮਤ ਹੋ ਗਿਆ। ਨਹੀਂ ! ਕੀ ਜੇਲ੍ਹ ਵਿਚ ਜਾਣ ਵਾਲੇ ਸਾਰੇ ਅਕਾਲੀ ਸਨ ? ਨਹੀਂ ! ਅਕਾਲੀ ਕਹਾਉਣ ਦਾ ਤਾਂ ਹੱਕ (ਜੇਲ੍ਹ ਅੰਦਰ ਸਮੇਂ) ਬਾਦਲ ਸਾਹਿਬ ਨੂੰ ਨਹੀਂ ਸੀ ਕਿਉਂਕਿ ਲੀਡਰਾਂ ਦੇ ਆਪਸੀ ਮਤਭੇਦ ਵਾਲੇ ਬਿਆਨਾਂ ਵਿਚੋਂ ਇਕ ਬਿਆਨ ਸੀ ਕਿ ਬਾਦਲ ਨੇ ਅਜੇ ਅੰਮ੍ਰਿਤ ਨਹੀਂ

ਛਕਿਆ। ਪਰ ਇਥੇ ਅੰਮ੍ਰਿਤ ਛਕਣ ਨਾਲ ਵੀ ਕੋਈ ਫਰਕ ਨਹੀਂ ਪੈਂਦਾ। ਗੁਰੂ ਗੋਬਿੰਦ ਸਿੰਘ ਦੇ ਅਸੂਲਾਂ ਮੁਤਾਬਿਕ 2% ਅਕਾਲੀ ਹੀ ਕੱਢ ਦਿਓ 35000 ਵਿਚੋਂ।

ਲੇਖਕ ਸਾਹਿਬ ਸਮੁੱਚੇ ਪੰਜਾਬੀਆਂ ਨੂੰ ਤਾਂ ਭਰੋਸੇ ਵਿਚ ਕੀ ਲੈਣਾ ਸੀ ਉਲਟਾ ਪਾੜਾ ਵਧਾਇਆ ਹੈ। ਟੌਹੜਾ ਸਾਹਿਬ ਤੇ ਰਾਜਿੰਦਰ ਕੌਰ ਵਲੋਂ ਤਾਂ ਇਥੋਂ ਤਕ ਕਹਿ ਦੇਣਾ ਕਿ ਜਿਨ੍ਹਾਂ ਲੋਕਾਂ ਦੀ ਪੰਜਾਬ ਵਿਚ ਜਾਇਦਾਦ ਹੀ ਨਹੀਂ—ਵੋਟ ਦਾ ਹੱਕ ਖੋਹ ਲਿਆ ਜਾਵੇ। ਬਲਿਹਾਰੇ ਜਾਈਏ ਲੇਖਕ ਦੇ! ਜਿਹੜਾ ਅਜਿਹੇ ਵਖਵਾਦੀ ਲੋਕਾਂ ਦੀ ਵਕਾਲਤ ਕਰਦਾ ਨਹੀਂ ਸਕਦਾ।

ਸਫਾ 34 ਤੋਂ ਲੈ ਕੇ 38 ਸਫੇ ਦੇ ਅਨੰਦਪੁਰ ਦੇ ਮਤੇ ਤੱਕ ਦਾ ਵੱਧ ਅਧਿਕਾਰਾਂ ਦੇ ਮਸਲੇ ਨਾਲ ਕੋਈ ਵੀ ਸਬੰਧ ਨਹੀਂ ਕਿਉਂਕਿ ਜੇ ਵਧ ਅਧਿਕਾਰਾਂ ਦੇ ਮਸਲੇ ਦਾ ਕੋਈ ਸਥਾਈ ਹੱਲ ਵੀ ਹੋ ਜਾਵੇ ਇਹ ਸਭ ਕੁਝ ਤਦ ਵੀ ਇਸੇ ਤਰ੍ਹਾਂ ਚੱਲੇਗਾ! ਤੇ ਨਾ ਹੱਲ ਹੋਵੇ ਤਾਂ ਵੀ। ਕਿਉਂਕਿ ਇਹ ਸਭ ਕੁਝ ਸਰਮਾਏਦਾਰੀ ਨਿਜ਼ਾਮ ਦੀ ਦੇਣ ਹੈ। ਵੱਧ ਅਧਿਕਾਰਾਂ ਦੀ ਮੰਗ ਕਿੰਨੇ ਸੂਬੇ ਕਰਦੇ ਹਨ? ਨੌ! ਨੌਂ!! ਪੂਰੇ ਨੌਂ!!! ਪਰ ਇਨ੍ਹਾਂ ਸੂਬਿਆਂ ਤੋਂ ਬਿਨਾਂ ਬਾਕੀ ਸੂਬਿਆਂ ਨੂੰ ਤੇਲ-ਖਾਦ-ਸੀਮੈਂਟ ਜਾਂ ਜਿਨਸਾਂ ਦੇ ਵਾਜਬ ਭਾ ਮਿਲਦੇ ਹਨ। ਨਹੀਂ! ਇਹ ਤਾਂ ਇਥੋਂ ਦਾ ਸਮੁੱਚਾ ਢਾਂਚਾ (ਜੋ ਮੌਜੂਦ ਹੈ) ਨੂੰ ਬਦਲ ਕੇ ਹੀ ਮਿਲ ਸਕਦੇ ਹਨ।

## ਸਿੱਖਾਂ ਨਾਲ ਹੀ ਵਿਤਕਰਾ ਕਿਉਂ:

ਕੀ ਸਿੱਖਾਂ ਨਾਲ ਸੱਚੀ-ਮੁਚੀ ਵਿਤਕਰਾ ਹੋ ਰਿਹੈ। ਨਹੀਂ! ਦੇਖੋ ਜ਼ਰਾ ਅੰਕੜੇ—ਭਾਰਤ ਦਾ ਰਾਸ਼ਟਰਪਤੀ—ਏਅਰ ਚੀਫ ਮਾਰਸਲ-ਰਿਜ਼ਰਵ ਬੈਂਕ ਦਾ ਗਵਰਨਰ ਕਈ ਰਾਜਪਾਲ ਕਈ ਰਾਜਦੂਤ ਸਿੱਖ ਸਮਾਜ ਨਾਲ ਹੀ ਸੰਬੰਧਤ ਹਨ। ਕੇਂਦਰੀ ਮੰਤਰੀ ਮੰਡਲ ਵਿਚ ਸਿੱਖਾਂ ਦੀ ਨੁਮਾਇੰਦਗੀ ਹਮੇਸ਼ਾਂ ਰਹੀ ਹੈ। ਪੰਜਾਬ ਦੀ ਨੁਮਾਇੰਦਗੀ ਸਿੱਖ ਹੀ ਕਰਦੇ ਆਏ ਹਨ। ਪੰਜਾਬ ਪੁਲਸ ਦੇ ਤਿੰਨਾਂ ਵਿਚੋਂ ਦੋ D. I. G. ਸਿੱਖ ਹੀ ਹਨ। ਬਾਰਾਂ ਵਿਚੋਂ ਸੱਤ ਐਸ. ਐਸ. ਪੀ. ਪੰਜਾਦ ਦੇ ਰਾਜ ਸਭਾ ਵਿਚ 7 ਮੈਂਬਰਾਂ ਵਿਚੋਂ 6 ਸਿੱਖ ਹਨ। ਪੰਜਾਬ ਦੀਆਂ ਤਿੰਨਾਂ ਯੂਨੀਵਰਸਿਟੀਆਂ ਦੇ V. C. ਵੀ ਸਿੱਖ ਹਨ। ਫ਼ੌਜ ਵਿਚ ਵੀ 8% ਸਿੱਖ ਹਨ। ਇਸ ਲਈ ਕਿਤੇ ਵਿੱਤਕਰੇ ਵਾਲੀ ਗੱਲ ਨਜ਼ਰ ਨਹੀਂ ਆਉਂਦੀ। ਹਾਂ! ਇਕ ਗੱਲ ਜੋ ਲੇਖਕ ਨੇ ਕਿਹੀ ਹੈ ਕਿ ਪੁਲਸ ਮੁਕਾਬਲਿਆ ਦੁਰਾਨ 150 ਪੰਜਾਬੀ ਸ਼ਹੀਦ ਹੋ ਚੁੱਕੇ ਹਨ। ਇਹ ਬਹੁਤ ਮਾੜੀ ਗੱਲ ਹੈ, ਜੇ ਕੋਈ ਦੋਸ਼ੀ ਵੀ ਹੈ ਤਾਂ ਸਰਕਾਰ ਮੁਕੱਦਮਾ ਚਲਾਵੇ।

ਪਰ ਕੀ ਲੇਖਕ ਜਾਣੂ ਹੈ ਕਿ ਅਕਾਲੀ ਸਰਕਾਰ ਸਮੇਂ ਕਿੰਨੇ ਨੌਜਵਾਨਾਂ ਦੇ ਪੁਲਸ ਮੁਕਾਬਲੇ ਬਣਾਏ ਗਏ ਸਨ। ਕੀ ਬਾਬਾ ਬੂਝਾ ਸਿੰਘ ਹੋਰੀਂ ਸਿੱਖ ਨਹੀਂ ਸਨ? ਅਸਲ ਵਿਚ ਭਾਵੇਂ ਕੋਈ ਵੀ ਲੋਕ ਵਿਰੋਧੀ ਸਰਕਾਰ ਹੋਵੇ ਉਹ ਇਸੇ ਤਰ੍ਹਾਂ ਮੁਕਾਬਲੇ ਬਣਾਉਂਦੀ ਰਹੇਗੀ ਕਿਉਂਕਿ ਉਸ ਦੀ ਲੋੜ ਹੁੰਦੀ ਹੈ ਵੱਧ ਤੋਂ ਵੱਧ ਸਮਾਂ ਰਾਜ ਕਰਨ ਦੀ ਤੇ ਇਹ ਉਦੋਂ ਹੀ ਖਤਮ ਹੋਵੇਗਾ ਜਦੋਂ ਮੌਜੂਦਾ ਢਾਂਚਾ ਮੁਦੋਂ ਸੁਢੋਂ...

ਜਿਸ ਕੇਂਦਰ ਮਜ਼ਬੂਤ ਦੀ ਗੱਲ ਲੇਖਕ ਕਰਦਾ ਹੈ ਜਦ ਅਕਾਲੀ ਸੈਂਟਰ ਵਿੱਚ ਭਾਈਵਾਲ ਸਨ ਤਾਂ ਉਦੋਂ ਅਨੰਦਪੁਰ ਦਾ ਮਤਾ ਲਾਗੂ ਕਰਵਾਉਣ ਲਈ ਕੋਈ ਕਦਮ ਕਿਉਂ ਨਹਾਂ ਚੁੱਕੇ, ਉਦੋਂ ਦਿੰਦੇ ਖਾਂ ਅਸਤੀਫੇ! ਪਰ ਨਹੀਂ! ਉਦੋਂ ਲੋੜ ਨਹੀਂ ਸੀ! ਕੁਰਸੀ ਜੁ ਕੇਂਦਰ ਵਿਚ ਮਿਲੀ ਹੋਈ ਸੀ ਹਾਂ ਉਦੋਂ ਪੰਤਨਗਰ ਯੂਨੀਵਰਸਟੀ ਵਿੱਚ ਮੁਲਾਜ਼ਮਾਂ ਤੇ ਹੈਰੋ ਪਾਕੇ (ਟਰੈਕਟਰਾਂ ਦੇ) ਫੇਰੇ ਗਏ ਸਨ ਕੀ ਉਨ੍ਹਾਂ ਦੀਆਂ ਮੰਗਾਂ ਨਜਾਇਜ਼ ਸਨ? ਭਲਾ ਦਸੋ ਖਾਂ ਪ੍ਰੋ: ਸਾਹਿਬ।

ਲੇਖਕ ਸਾਹਿਬ ਇਕ ਵੇਰ ਪੰਜਾਬ ਅੰਦਰ ਅਕਾਲੀ ਸਰਕਾਰ ਸਮੇਂ ਕਿਸੇ ਨੇ ਨਰਮੇ ਦਾ ਆਪਣਾ ਢੇਰ ਫੂਕ ਦਿੱਤਾ ਸੀ। ਕਿਉਂ? ਉਦੋਂ ਦਾ ਚੀਫ ਮਨਿਸਟਰ, ਗੱਦੀ ਤੇ ਬੈਠਣ ਤੋਂ ਪਹਿਲਾਂ ਹਰੇਕ ਥਾਂ ਬੱਕ-2 ਆਇਆ ਸੀ ਕਿ ਨਰਮੇਂ ਦਾ ਭਾ 1200 ਰੁਪੈ ਪ੍ਰਤੀ ਕੁਇੰਟਲ ਚਾਹੀਦੈ, ਪਰ ਵਿਕਿਆ 250 ਤੋਂ 320 ਦੇ ਦਰਮਿਆਨ ਸੀ। ਕੀ ਉਦੋਂ ਜਿੱਤਣ ਤੋਂ ਬਾਂਦ ਮੁੱਖ ਮੰਤਰੀ ਸਾਹਿਬ ਪੰਜਾਬ ਅੰਦਰ ਹੀ ਸਨ ਜਾਂ ਯੂ. ਪੀ. ਵਿਚ ਫਾਰਮ ਤੇ ਵੱਧ ਅਧਿਕਾਰਾਂ ਲਈ ਸੰਘਰਸ਼ ਕਰ ਰਹੇ ਸਨ। ਕੁਝ ਦਸੋਗੇ ਲੇਖਕ ਸਾਹਿਬ?

## ਅਨੰਦਪੁਰ ਦੇ ਮਤੇ ਦਾ ਇੰਦਰਾ ਵਲੋਂ ਵਿਰੋਧ ਕਿਉਂ?

ਲੇਖਕ ਸਾਹਿਬ ਕੱਲੀ ਇੰਦਰਾ ਹੀ ਇਸਦਾ ਵਿਰੋਧ ਨਹੀਂ ਕਰ ਰਹੀ ਹੋਰ ਬਹੁਤ ਲੋਕ ਕਰ ਰਹੇ ਹਨ। ਅਸਲ ਵਿੱਚ ਅਨੰਦਪੁਰ ਦੇ ਮਤੇ ਦਾ ਤੱਤ ਕੀ ਹੈ। ਮੈਂ ਦੱਸਦਾ ਹਾਂ।

1. ਸਿੱਖ ਇੱਕ ਵਖਰੀ ਕੌਮ ਹਨ। 2. ਪੰਜਾਬ ਦਾ ਮਸਲਾ ਸਿਰਫ ਸਿਖਾਂ ਦਾ ਹੀ ਮਸਲਾ ਹੈ। 3. ਪੰਜਾਬ ਦੇ ਮਸਲੇ ਤੇ ਸਿਰਫ ਸਿਖ ਹੀ ਲੜ ਸਕਦੇ ਹਨ। 4. ਸਿੱਖਾਂ ਦਾ ਵੱਖਰਾ ਰਾਜ ਕਾਇਮ ਕਰਨਾ।

ਸਿੱਖ ਇੱਕ ਵੱਖ ਕੌਮ ਨਹੀਂ? ਪਿਛਲੇ ਸਮੇਂ ਤੋਂ ਲੋਕਾਂ ਅੰਦਰ ਮਜ਼ਬੀ ਜਨੂੰਨ ਭਰਨ ਲਈ ਹਿੰਦੂਆਂ ਤੇ ਹੋਰ ਨਿੱਕੀਆਂ ਜਾਤੀਆਂ ਪ੍ਰਤੀ ਨਫ਼ਰਤ ਭਰਨ ਲਈ ਸਿਗਰਟ ਬੀੜੀ ਬੰਦ ਕਰੋ ਦੀ ਮੁਹਿੰਮ ਚਲਾਈ ਗਈ! ਦਾਸ ਨੂੰ ਯਾਦ ਹੈ ਕਿ ਹੁਣ ਵੀ ਪਿਛਲੇ ਦਿਨੀਂ ਦੋ Student

ਇੱਕ ਖੋਖੇ ਤੇ ਸਿਗਰਟ ਪੀ ਰਹੇ ਸਨ, ਦੂਰੋਂ ਇਕ ਅਕਾਲੀ ਨੇ ਆ ਕੇ ਕ੍ਰਿਪਾਨ ਦੀ ਨੋਕ ਤੇ ਸਿਗਰਟ ਬੰਦ ਕਰਵਾਈ ਸੀ। ਲਾਲਾ ਜਗਤ ਨਾਰਾਇਣ ਨੂੰ ਕਤਲ ਕੀਤਾ ਗਿਆ। ਗਊਆਂ ਦੇ ਸਿਰ ਵੱਢ ਕੇ ਮੰਦਰਾਂ ਵਿਚ ਸੁੱਟੇ ਗਏ–ਜਲੂਸਾਂ ਤੇ ਬੰਬ ਸੁਟੇ ਗਏ—ਤੇ ਇਹ ਸਿਲਸਿਲਾ ਹੁਣ ਵੀ ਚਲ ਰਿਹਾ ਹੈ।

ਸਿੱਖ ਘੱਟ ਗਿਣਤੀ ਹੈ ! ਤੇ ਸਿੱਖਾਂ ਦਾ ਬੋਲ ਬਾਲਾ ਕਾਇਮ ਕਰਨ ਦਾ ਧਰਮ ਯੁੱਧ ਅਸਲ ਵਿਚ ਹੈ ਕੀ— ਸਮੇਤ ਬੁੱਧੀਜੀਵੀ ਸਿੱਖ) ਇਹ ਦਲੀਲ ਦਿੰਦੇ ਹਨ ਕਿ ਸਿੱਖ ਪੰਜ ਕੱਕਿਆਂ ਦੀ ਪਾਲਣਾ ਕਰਦੇ ਹਨ-ਮੰਦਰਾਂ ਦੀ ਥਾਂ ਗੁਰਦੁਆਰਿਆਂ ਨੂੰ ਮੰਨਦੇ ਹਨ—ਪੰਜਾਬੀ ਭਾਸ਼ਾ ਬੋਲਦੇ ਹਨ ਤੇ ਗੁਰਮੁਖੀ ਲਿਖਦੇ ਹਨ। ਪਰ ਇਹ ਸਾਰੀਆਂ ਦਲੀਲਾਂ ਵੱਖਰੀ ਕੌਮ ਮੰਨਣ ਲਈ ਕੋਈ ਠੋਸ ਅਧਾਰ ਨਹੀਂ ਬਣਦੀਆਂ।

ਕਿਸੇ ਵੀ ਵਿਸ਼ੇਸ਼ ਧਰਮ-ਲਹਿਰ ਜਾਂ ਫਿਰਕੇ ਨੂੰ ਵੱਖਰੀ ਕੌਮ ਨਹੀਂ ਮੰਨਿਆ ਜਾ ਸਕਦਾ। ਗੁਰੂ ਨਾਨਕ ਨੇ ਵੀ ਸਾਰੇ ਲੋਕਾਂ ਨੂੰ ਹੱਕ ਸੱਚ ਦੀ ਕਮਾਈ ਕਰਨ ਦਾ ਹੋਕਾ ਦਿੱਤਾ ਸੀ—ਉਹ ਖੁਦ ਹਿੰਦੂ ਧਰਮ ਵਿਚ ਹੋਣ ਕਰਕੇ ਉਸ ਦੇ ਪੈਰੋਕਾਰਾਂ ਵਿੱਚ ਵੱਡੀ ਗਿਣਤੀ ਵੀ ਹਿੰਦੂਆਂ ਦੀ ਸੀ। ਉਨ੍ਹਾਂ ਤਾਂ ਉਸ ਸਮੇਂ ਦੇ ਹਾਕਮ ਮੁਸਲਮਾਨਾਂ ਖਿਲਾਫ਼ ਦਲੇਰਾਨਾ ਅਵਾਜ਼ ਬੁਲੰਦ ਕੀਤੀ ਸੀ ਇਥੋਂ ਤੱਕ ਕਿ—ਰਾਜਿਆਂ ਨੂੰ ਸ਼ੀਂਹ ਤੇ ਮੁਕੱਦਮਾਂ ਨੂੰ ਕੁੱਤਿਆਂ ਬਰਾਬਰ ਤੁਲਨਾ ਕੀਤੀ ਸੀ।

ਸਿੱਖ ਵੱਖ ਕੌਮ ਹੈ ਦਾ ਨਾਅਰਾ ਦੇਣ ਵਾਲੇ ਵਿਅਕਤੀ ਦੀ ਅਕਲ ਦਾ ਅੰਦਾਜ਼ਾ ਤਾਂ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ—ਭਲਾ ਜੇ ਇਕ ਪ੍ਰੀਵਾਰ ਦੇ ਦੋ ਆਦਮੀ ਸਿੱਖ ਬਣ ਜਾਣ ਨਾਲ ਅਤੇ ਦੋ ਵਿਚਾਰ ਗ੍ਰਹਿਣ ਕਰ ਲੈਣ ਫਿਰ ਕੀ ਇੱਕ ਮਾਂ ਨੇ ਦੋ ਕੌਮਾਂ ਨੂੰ ਜਨਮ ਦਿੱਤਾ ਹੈ ਜਾਂ ਇਨ੍ਹਾਂ ਦੇ ਖਿਆਲ ਅਨੁਸਾਰ ਵੱਧ ਕੌਮਾਂ ਨੂੰ ਵੀ ਜਨਮ ਦੇ ਸਕਦੀ ਹੈ। ਹੋਰ ਦੇਖੋ ਵਿਦੇਸ਼ੀ ਸਿੱਘਾਂ ਨੂੰ ਤਾਂ ਸਿੱਖ ਕੌਮ ਕਹਿਣਗੇ, ਪਰ ਪੰਜਾਬੀ ਹਿੰਦੂਆਂ ਨੂੰ ਵੱਖਰੀ ਕੌਮ ਦੱਸਣਗੇ। ਜੇ ਇਸੇ ਤਰ੍ਹਾਂ ਮੰਨ ਲਿਆ ਜਾਵੇ ਫਿਰ ਤਾਂ ਨਿਰੰਕਾਰੀ—ਕੂਕੇ— ਰਾਧਾ ਸੁਆਮੀਆਂ ਨੂੰ ਵੱਖਰੀ ਕੌਮ ਮੰਨਣਾ ਚਾਹੀਦੇ। ਫਿਰ ਤਾਂ ਇਹ ਕਿਹ ਜਾਵੇਗਾ ਕਿ ਪੰਜਾਬ **Multinational House** ਹੈ (ਬਹੁਕੌਮੀ ਘਰ)

ਹਾਂ ਜਿਥੋਂ ਤੱਕ ਸਿੱਖਾਂ ਨੂੰ ਵੱਖਰੀ ਸ਼ਕਲ ਪਰਦਾਨ ਕਰਨ ਦਾ ਸੁਆਲ ਹੈ ਇਹ ਕੰਮ ਗੁਰੂ ਗੋਬਿੰਦ ਸਿੰਘ ਜੀ ਤੋਂ ਸ਼ੁਰੂ ਕੀਤਾ ਗਿਆ ਸੀ ਕਿਉਂਕਿ ਜ਼ੁਲਮ ਦਾ ਖ਼ਾਤਮਾ ਕਰਨ ਲਈ ਸਿੱਖ ਲਹਿਰ ਨੂੰ ਇਕ ਫੈਂਸਲਾਕੁਨ ਦੌਰ ਵੱਲ ਮੋੜਨ ਦੀ ਲੋੜ ਸੀ। ਉਨ੍ਹਾਂ ਵਲੋਂ ਵੀ ਖ਼ਾਲਸਾ ਸਾਜਣ ਦਾ ਅਰਥ ਵੱਖਰੀ ਕੌਮ ਸਾਜਣ ਦਾ ਨਹੀਂ ਸੀ। ਸਗੋਂ ਉਨ੍ਹਾਂ ਤਾ ਸਮੂੰਹ ਲੋਕੀ ਨੂੰ ਸਮਾਨ ਰੱਖਿਆ ਸੀ ਤੇ ਆਪਣਾ ਸਰਬੰਸ ਵਾਰਿਆ ਸੀ ਤੇ ਗੁਰੂ ਗੋਬਿੰਦ ਸਿੰਘ ਜੀ ਸਿੱਖੀ ਅਸੂਲਾਂ ਨੂੰ ਮੰਨਣ ਦਾ ਹੀ ਉਪਦੇਸ਼ ਦਿੰਦਾ ਸੀ ਤੇ ਜਿਹੜੇ ਸਿਰਫ਼ ਸ਼ਕਲਾਂ ਹੀ ਤਬਦੀਲ ਕਰਦੇ ਸਨ ਉਨ੍ਹਾਂ ਨੂੰ ਸਜ਼ਾਵਾਂ ਵੀ ਦਿੱਤੀਆਂ ਸਨ। ਇਸ ਲਈ ਤੁਸੀਂ ਹੇਠ ਲਿਖੇ ਸ਼ਬਦ ਵੀ ਵਿਚਾਰ ਸਕਦੇ ਹੋ ਜੋ ਗੁਰੂ ਗੋਬਿੰਦ ਸਿੰਘ ਦੇ ਹੀ ਹਨ।

ਤਿਲਕ ਜੰਞੂ ਰਾਖਾ ਪ੍ਰਭੂ ਤਾਕਾ,
ਕੀਨੋ ਬਡੋ ਕੂਲ ਮਹਿ ਸਾਕਾ।
ਸਕਲ ਜਗਤ ਮੇਂ ਖਾਲਸਾ ਪੰਥ ਰਾਜੇ,
ਜਗੇ ਪਰਮ ਹਿੰਦੂ ਸਕਲ ਭੰਡ ਭਾਜੇ।

ਨੰਬਰ 2 ਤੇ ਤਿੰਨ ਬਾਰੇ ਮੈਂ ਪਹਿਲਾਂ ਹੀ ਲਿਖ ਚੁੱਕਾ ਹਾਂ।

**ਨੰ : 4—ਸਿੱਖਾਂ ਦਾ ਵੱਖਰਾ ਰਾਜ ਕਾਇਮ ਕਰਨਾ :—** ਇਸ ਵਿਚ ਕੋਈ ਗੁੰਜ਼ਾਇਸ਼ ਬਾਕੀ ਹੀ ਨਹੀਂ ਕਿਉਂਕਿ ਖਾਲਸਤਾਨ ਦੇ ਆਪੇ ਬਣੇ ਰਾਸ਼ਟਰਪਤੀ ਜਗਜੀਤ ਸਿੰਘ ਚੌਹਾਨ ਬਾਰੇ ਰੋਜ਼ਾਨਾ ਹੀ ਮੋਟੀ ਸੁਰਖੀ ਅਖ਼ਬਾਰਾਂ ਵਿਚ ਹੁੰਦੀ ਹੈ ਤੇ ਉਸ ਦਾ ਬਕਾਇਦਾ ਇਥੋਂ ਦੀ ਲੀਡਰਸਿਪ ਨਾਲ ਤਾਲਮੇਲ ਰੱਖਿਆ ਹੋਇਅ ਹੈ। ਜਾਂ ਇਥੋਂ ਜਹਾਜ਼ ਅਗਵਾ ਕਰਕੇ ਲਿਜਾਣੇ—ਜਿਸ ਨੂੰ ਪ੍ਰੋ: ਸਾਹਿਬ ਵੀ ਦਰੁਸਤ ਹੀ ਮੰਨਦੇ ਹਨ—ਜਾਂ ਜਿਵੇਂ ਸੁਖਜਿੰਦਰ ਸਿੰਘ ਨੇ ਤਾਂ ਆਪਣਾ ਵੱਖਰੇ ਰਾਜ ਦਾ ਪ੍ਰੋਗਰਾਮ ਵੀ ਘੋਸ਼ਿਤ ਕਰ ਦਿੱਤਾ ਸੀ।

ਸਫਾ 41 ਤੇ **ਹੋਰ ਫਾਇਦੇ :—** ਪ੍ਰੋ: ਸਾਹਿਬ ਇਕ ਉਦਾਹਰਣ ਵਿਚ ਦਸਦੇ ਹਨ ਕਿ ਜੇ ਪੰਜਾਬ ਅੰਦਰ ਕਾਰਖ਼ਾਨੇ ਲੱਗ ਗਏ ਤਾਂ ਜੱਟਾਂ ਨੂੰ ਸੱਚੀ ਗੱਲ ਦਾ ਪਤਾ ਲੱਗ ਜੂ ਤੇ ਗੱਲ ਵਿਚ ਸਾਫੇ ਪਾ ਲੈਣਗੇ। ਵਾਹ ਲੇਖਕ ਸਾਹਿਬ, ਕੀ ਗੰਨਾਂ ਪੈਦਾ ਕਰਨ ਵਾਲੇ ਕਿਸਾਨ ਆਪਣੇ ਪੰਜਾਬ ਅੰਦਰਲੀਆਂ ਗੰਨਾਂ ਮਿਲਾਂ ਤੋਂ ਜਾਣੂ ਨਹੀਂ ਕਿ ਗੰਨਾਂ ਕੀ ਭਾ ਲੈ ਕੇ ਖੰਡ ਕੀ ਭਾ ਦਿੰਦੇ ਹਨ, ਮੈਂ ਤਾਂ ਕਦੇ ਕੋਈ ਜੱਟ ਵੇਖਿਆ ਨਹੀਂ ਖੰਡ ਦੀ ਬੋਰੀ ਮਿੱਲ 'ਚੋਂ ਘੜੀਸੀ ਆਉਂਦਾ। ਪ੍ਰੋ: ਸਾਹਿਬ ਭੁਲੇਖਾ ਨਾ ਖਾਓ ਇਸ ਕੰਮ ਵਾਸਤੇ ਕੱਲੇ ਲੇਖਾਂ ਨਾਲ ਨੀ ਸਰਨਾ, ਲੋਕਾਂ ਨੂੰ ਪ੍ਰੈਕਟੀਕਲੀ ਤਿਆਰ ਕਰਨਾ ਪਵੇਗਾ ਅਤੇ ਤਾਂ ਸ਼ਾਇਦ ਤੁਹਾਨੂੰ ਇਹ ਵੀ ਨਾ ਪਤਾ ਹੋਵੇ ਕਿ ਕਣਕ ਲਈ ਜ਼ਮੀਨ ਕਿਹੋ ਜਿਹੀ ਚਾਹੀਦੀ ਹੈ। ਸਫਾ 6 ਤੇ ਲੇਖਕ ਤ੍ਰਿਪੁਰ—ਬੰਗਾਲ ਤੇ ਕੇਰਲਾ ਵਿਚ ਕਮਿਉਨਿਸਟ ਸਰਕਾਰਾਂ ਦੀ ਗੱਲ

ਕਰਦਾ ਹੈ ਲੇਖਕ ਸਾਹਿਬ ਤੁਸੀ ਭੁਲੇਖੇ ਵਿਚ ਹੋ ਕਿ ਬਦਲ ਹੋ ਨਹੀਂ ਸਕਦਾ—ਤ੍ਰੀਪੁਰਾਂ ਵਿਚ ਐਤਕੀ ਕਾਂਗਰਸ 10 ਸੀਟਾਂ ਕਿਵੇਂ ਲੈ ਗਈ ਜਦ ਕਿ ਪਿਛਲੀ ਵਾਰੀ ਇਕ ਵੀ ਨਹੀਂ ਸੀ। ਬਾਕੀ ਤਿੰਨੇ ਹੀ ਸੂਬਿਆਂ ਵਿਚ ਸਭ ਅੱਛਾ ਨਹੀਂ! ਕੀ ਕਦੇ ਨਹੀਂ ਪੜ੍ਹਿਆ ਕਿ ਬੰਗਾਲ ਕੇਰਲਾ ਵਿਕ ਕਿੰਨੇ ਨੌਜਵਾਨ ਪੁਲਸ ਮੁਕਾਬਲਿਆਂ ਦੁਰਾਨ ਮਾਰੇ ਹਨ, ਜੇ ਇਥੇ ਝੂਠੇ ਪੁਲਸ ਮੁਕਾਬਲਿਆਂ ਦਾ ਵਿਰੋਧ ਕਰਦੇ ਹੋ ਵਧੀਆ ਗੱਲ ਹੈ, ਪਰ ਨਾਲ ਹੀ ਉਧਰ ਟੀਰੀ ਅੱਖ ਨਾਲ ਨਾਂ ਝਾਕੋ।

ਬਾਕੀ ਤੁਸੀਂ ਤਾਂ ਬੰਗਾਲ ਦੇ 'ਇੱਕ ਪਿੰਡ ਵਿਚ ਜਾ ਆਏ ਹੋ ਤੇ ਅਨਦਾਜ਼ਾ ਲਾ ਦਿੱਤਾ ਸਮੁੱਚੇ ਪ੍ਰਬੰਧ ਵਾਰੇ ਤੇ ਜਿਸ ਬਾਸੂ ਦੀ ਫੋਟੋ ਜਾਂ ਨਾਮ ਦੀ ਮਾਲਾ ਜਪਣ ਦੀ ਗੱਲ ਕਰਦੇ ਹੋ, ਉਹ ਕੋਈ ਸਾਧਾ-ਰਣ ਜਾਂ ਤੁਹਾਡੇ ਵਰਗੀ ਹੀ ਹੋ ਸਕਦੀ ਹੈ। ਕਿਉਂਕਿ ਦਾਸ ਕਦੇ ਬੰਗਾਲ ਤਾਂ ਗਿਆ ਨੀ, ਪਰ ਉਹੀ ਬਾਸੂ ਦੀ ਕਲਕੱਤੇ ਦੇ ਇੱਕ ਹੋਟਲ ਵਿੱਚ ਇੱਕ ਲੜਕੀ ਨਾਲ ਡਾਨਸ ਕਰਦੇ ਦੀ ਫੋਟੋ ਇਥੇ ਆਪਣੇ ਸ਼ਹਿਰਾਂ ਅੰਦਰ ਆਹ ਥੋੜਾ ਸਮਾਂ ਪਹਿਲਾਂ ਜ਼ਰੂਰ ਵੇਖੀ ਸੀ। ਸ਼ਾਇਦ ਤੁਹਾਨੂੰ ਦਰਸ਼ਨ ਨਾ ਹੋਏ ਹੋਣ ਇਹ ਵੱਖਰੀ ਗੱਲ ਹੈ।

ਅੰਤ ਵਿਚ ਪ੍ਰੋ: ਸਾਹਿਬ ਦੀ ਅਪੀਲ ਦਾ ਮੈਂ ਧੰਨਵਾਦ ਕਰਦਾ ਹਾਂ ਤੇ ਮੈਂ ਆਪਣੀ ਵੱਲੋਂ ਇਮਾਨਦਾਰੀ ਨਾਲ ਘੋਖ ਕੀਤੀ ਹੈ। ਪਰ ਇਕ ਗੱਲੋਂ ਦੁੱਖ ਜ਼ਰੂਰ ਹੁੰਦਾ ਹੈ ਕਿ ਪ੍ਰੋ: ਸਾਹਿਬ ਨੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦਾ ਜ਼ਿਕਰ ਕਿਤੇ ਨਹੀਂ ਕੀਤਾ ਜਦ ਕਿ ਉਸ ਬਾਰੇ ਦੋ ਸ਼ਬਦ ਜ਼ਰੂਰ ਉਚਾਰਨੇ ਚਾਹੀਦੇ ਸਨ। ਮੈਂ ਸਮਝਦਾ ਹਾਂ ਕਿ ਜਾਂ ਤਾਂ ਕੋਈ ਅਨਾੜੀ ਉਨ੍ਹਾਂ ਬਾਰੇ ਨਾ ਜਾਣਦਾ ਹੋਵੇ ਜਾਂ ਫਿਰ ਕੋਈ ਅਨਾੜੀ ਤਾਂ ਹੈ ਨਹੀਂ ਸ਼ਾਇਦ ਲਿਸਟ ਵਿਚ ਨਾਂ ਆਉਣ ਤੋਂ ਡਰ ਗਏ ਹੋਵੋ। ਚਲੋ। ਤੁਹਾਡੀ ਮਰਜ਼ੀ ਪਰ ਲੇਖਕ ਦਾ ਫਰਜ਼ ਹੁੰਦਾ ਹੈ ਸੱਚ ਨੂੰ ਸੱਚ ਕਹਿਣਾ। ਮੈਂ ਆਸ ਕਰਦਾ ਹਾਂ ਕਿ ਉਨ੍ਹਾਂ ਬਾਰੇ ਕਿਸੇ ਲੇਖ ਵਿਚ ਛੇਤੀ ਹੀ ਆਪਣਾ ਦ੍ਰਿਸ਼ਟੀਕੋਣ ਜ਼ਰੂਰ ਸਪਸ਼ਟ ਕਰੋਗੇ। o

## ਅਨੰਦਪੁਰ ਮਤੇ ਬਾਰੇ ਕੁਝ ਹੋਰ/ਜਸਵੰਤ ਖਾਲੜਾ

ਗਲ ਚਲੀ ਹੈ ਅਨੰਦਪੁਰ ਦੇ ਮਤੇ ਦੀ, ਪਰ ਕੁਝ ਲੋਕ ਇਸ ਨੂੰ ਖੜ ਰਹੇ ਨੇ ਸਰਬਤ ਦੇ ਭਲੇ ਵੱਲ। ਕੁਝ ਲੋਕ ਜਾਣ ਬੁਝ ਕੇ ਤੇ ਕੁਝ ਜਜ਼ਬਾਤੀ ਹੋ ਕੇ ਇਸ ਨਾਲ ਖੂਬ ਮਸਾਲਾ ਲਾ ਰਹੇ ਹਨ। ਪਰ ਸਾਨੂੰ ਕਿਸੇ ਮਸਲੇ ਬਾਰੇ ਬਿਨਾਂ ਉਸ ਦੀ ਚੀਰ ਫਾੜ ਕੀਤਿਆਂ, ਉਸਦੇ ਹਰ ਪਹਿਲੂ ਨੂੰ ਘੋਖਿਆਂ ਬੋਲਣ ਦਾ ਕੋਈ ਅਧਿਕਾਰ ਨਹੀਂ ਹੈ ਤੇ ਸਮਤਾ ਇਸ ਪਖੋਂ ਪਿਛਲੇ ਅਰਸੇ ਤੋਂ ਠੀਕ ਸੇਧ ਤੇ ਰਿਹਾ ਹੈ। ਪਰ ਇਸ ਵਾਰ, ਚਾਹੇ ਕਿਸੇ ਲੇਖਕ ਨੇ ਹੀ 'ਅਦਾਰਾ ਸਮਤਾ' ਆਪਣੇ ਲੇਖ ਵਿਚ ਘਸੋੜ ਦਿਤਾ ਹੈ, ਪ੍ਰਭਾਵ ਕਾਫੀ ਉਲਟ ਪਿਆ ਹੈ। ਜ਼ਰੂਰੀ ਨਹੀਂ ਕਿ ਅਸੀਂ ਸਿਰਫ਼ ਬਹਿਸ ਖ਼ਾਤਰ ਬਹਿਸ ਕਰੀ ਜਾਈਏ, ਪਰ ਜ਼ਿਸ ਸਮਝ ਨੂੰ ਪ੍ਰਣਾ ਕੇ ਪਹਿਲਾਂ ਸਰਦਲ ਅਤੇ ਹੁਣ ਸਮਤਾ ਚੜਿਆ ਸੀ ਉਸ ਵਾਸਤੇ ਇੰਝ ਛਾਪ ਦੇਣਾ ਸਾਨੂੰ ਕਾਫ਼ੀ ਓਪਰਾ ਲੱਗਾ ਹੈ।

ਹੁਣ ਆਪਾਂ ਵਿਚਾਰ ਕਰੀਏ ਸ਼ਰੋਮਣੀ ਅਕਾਲੀ ਦਲ ਦੇ 'ਧਰਮ ਯੁੱਧ' ਬਾਰੇ। ਇਹ ਕਿਨ੍ਹਾਂ ਹਾਲਤਾਂ ਵਿਚ ਸ਼ੁਰੂ ਹੋਇਆ। ਆਪਸ ਵਿਚ ਛਿਤਰੀ-ਚਾਲ ਵੰਡਦਿਆਂ ਜਦ ਇਨ੍ਹਾਂ ਨੇ ਪੰਜਾਬ ਦੀ ਵਜ਼ਾਰਤ ਤੁੜਵਾਈ ਅਤੇ ਆਉਣ ਵਾਲੀਆਂ ਚੋਣਾਂ ਵਿਚ ਤਲਵੰਡੀ, ਬਾਦਲ ਧੜੇ ਨੇ ਇਕ ਦੂਜੇ ਦੇ ਉਮੀਦਵਾਰ ਵਿਰੁੱਧ ਕਾਂਗਰਸੀਆਂ ਦੀ ਮਦਦ ਕਰਕੇ ਪੰਥ ਦੀ ਖੂਬ 'ਸੇਵਾ' ਕੀਤੀ ਤਾਂ ਇਨ੍ਹਾਂ ਦੀ ਤਸੱਲੀ ਸੀ ਕਿ ਚਲੋ ਮੈਂ ਨਹੀਂ ਤਾਂ ਉਹ ਵੀ ਤਾਂ ਵਜ਼ੀਰ ਨਹੀਂ ਰਿਹਾ। ਇਸ ਤੋਂ ਬਾਅਦ ਪੰਜਾਬ ਦੇ ਲੋਕਾਂ ਦਾ ਹਕੂਮਤ ਵਿਰੁੱਧ ਗੁੱਸਾ 'ਬਸ ਕਿਰਾਇਆ ਐਜੀਟੇਸ਼ਨ' ਦੇ ਰੂਪ ਵਿਚ ਨਿਕਲਿਆ ਜਿਸ ਵਿਰੁੱਧ 'ਸ਼ਰੋਮਣੀ ਅਕਾਲੀ ਦਲ' ਦੀ ਅਗਵਾਈ ਹੇਠ ਫਰੰਟ ਨੇ ਜੋ ਰੋਲ ਨਿਭਾਇਆ ਉਸ ਕਾਰਨ ਕਾਫ਼ੀ ਨਸ਼ਰ ਹੋਏ। ਉਨੀਂ ਦਿਨੀਂ ਸਿੰਘਾਂ ਨੇ ਨਿਰੰਕਾਰੀ ਘੱਟ ਗਿਣਤੀ ਦਾ ਨੱਕ ਵਿਚ ਦਮ ਕਰਨਾ ਸ਼ੁਰੂ ਕਰ ਦਿਤਾ ਅਤੇ ਸਿੱਟੇ ਵਜੋਂ ਮਾਰਿਆ ਗਿਆ ਬਾਬਾ ਗੁਰਬਚਨ ਸਿੰਘ ਤੇ ਲਾਲਾ ਜਗਤ ਨਰਾਇਣ। ਸਿੱਖਾਂ ਦੇ ਜਜ਼ਬਾਤੀ ਧੜੇ ਵਲੋ ਬਾਬਾ ਜਰਨੈਲ ਸਿੰਘ ਦੀ ਪ੍ਰਸ਼ੰਸਾ ਹੋਣ ਲੱਗ ਪਈ ਕਿ ਆਖਰ ਮੁਸ਼ਕਲ ਵੇਲੇ ਪੰਥ ਨੂੰ ਕੋਈ ਰਹਿਨੁਮਾ ਮਿਲਿਆ ਹੈ। ਉਧਰ ਬਸ ਕਿਰਾਇਆ ਅੰਦੋਲਨ ਵਿਚ ਵੱਖਰੀ ਹੀ ਡਫਲੀ ਵਜਾਉਂਦਾ ਤਲਵੰਡੀ ਦਿੱਲੀ ਪਹੁੰਚ ਗਿਆ ਤੇ ਲੱਗ ਗਿਆ 'ਅਨੰਦਪੁਰ ਦਾ ਮੋਰਚਾ'। ਉਸ ਸਮੇਂ ਲੌਂਗੋਵਾਲ ਗਰੁਪ ਉਸਨੂੰ ਕਾਂਗਰਸ ਦੇ ਏਜੰਟ ਕਹਿੰਦੇ ਸੁਨ ਤੇ ਅਨੰਦਪੁਰ ਮਤੇ ਤੇ ਮੋਰਚਾ ਵੀ ਗਿਆਨੀ ਜੀ ਦੀ ਖੇਡ ਦੱਸਦੇ ਸਨ। ਲੌਂਗੋਵਾਲ ਧੜਾ ਇਸ ਵਕਤ ਆਪਣੀ ਸ਼ਾਖ ਬਣਾਉਣ ਲਈ ਸੋਚੀਂ ਪਿਆ ਸੀ ਕਿ ਕੋਈ ਬਹਾਨਾ ਲੱਭੇ। ਉਧਰੋਂ ਛਿੜੀ ਗੱਲ 'ਅੰਮ੍ਰਿਤਸਰ ਦੇ ਪਵਿੱਤਰ ਸ਼ਹਿਰ' ਦੀ ਤੇ ਉਭਾਰਨ ਵਿਚ ਮਦਦ ਕੀਤੀ ਕਾਂਗਰਸ—ਆਰ. ਐਸ. ਐਸ. ਨੇ। ਉਨ੍ਹਾਂ ਪਹਿਲਾਂ ਹੀ ਮੈਦਾਨ ਗਰਮ ਕਰ ਦਿੱਤਾ, ਸਿਗਰਟਾਂ ਦੇ ਹੱਕ ਵਿਚ ਜਲੂਸ ਕੱਢ ਕੇ। ਨਤੀਜੇ ਵਜੋਂ ਸੰਤ ਜਰਨੈਲ ਸਿੰਘ ਦੀ ਅਗਵਾਈ ਹੇਠ ਇਕ ਵੱਡਾ ਜਲੂਸ ਨਿਕਲਿਆ ਜਿਸ ਰਾਹੀਂ ਅਕਾਲੀ ਦਲ ਦੇ ਜੇਨਤਕ ਅਧਾਰ ਨੂੰ ਖੋਰਾ ਪਾ ਦਿੱਤਾ ਗਿਆ। ਹੁਣ ਵਿਚਾਰਾ ਅਕਾਲੀ ਦਲ ਫਸ ਗਿਆ, ਕੀ ਕਰੇ? ਗੁਰ-

ਦੁਆਰਾ ਚੋਣਾਂ ਸਮੇਂ ਉਨ੍ਹਾਂ ਦੇ ਖਿਲਾਫ ਉਮੀਦਵਾਰ ਖਿਲਾਰਣ ਸਮੇਂ ਉਹ ਉਸਨੂੰ ਕਾਂਗਰਸ ਦਾ ਏਜੰਟ ਕਹਿੰਦੇ ਸਨ। ਪੰਥ ਦੀ ਹਮਦਰਦੀ ਕੌਣ ਜਿੱਤਦਾ ਹੈ ਇਹ ਮਸਲਾ ਕਾਫੀ ਉਲਝ ਗਿਆ। ਅੰਤ ਸਕੀਮ ਬਣੀ ਕਪੂਰੀ ਮੋਰਚੇ ਦੀ, ਜਿਸ ਦੀ ਉਸਾਰੀ ਵਾਸਤੇ ਪਹਿਲੀ ਕਿਸ਼ਤ ਬਾਦਲ ਸਰਕਾਰ ਦੇ ਹੱਥੀਂ ਜਮ੍ਹਾਂ ਹੋਈ ਸੀ ਉਸੇ ਨਹਿਰ ਰੋਕਣ ਦਾ ਮੋਰਚਾ ਲੱਗ ਗਿਆ। ਪਰ ਇਸ ਨਹਿਰ ਨੇ ਵੀ ਬਾਦਲ ਹੋਰ ਦੇ ਹੀ ਫਾਰਮ ਸਿੰਜਣੇ ਸਨ ਜਿਸ ਕਾਰਨ ਬਾਦਲ ਹੋਰਾਂ ਨੂੰ ਐਲਾਨ ਕਰਨਾ ਪਿਆ ਕਿ ਉਹ ਹਰਿਆਣੇ ਨੂੰ ਪਾਣੀ ਦੇਣ ਦੇ ਵਿਰੁੱਧ ਨਹੀਂ ਪਰ ਰਾਜਸਥਾਨ ਨੂੰ ਪਾਣੀ ਕਿਉਂ ਦਿੱਤਾ ਜਾ ਰਿਹਾ ਹੈ ਇਸ ਵਿਰੁੱਧ ਉਹ ਮੋਰਚਾ ਲਾ ਰਹੇ ਹਨ। ਕਪੂਰੀ ਮੋਰਚਾ ਠੁਸ ਹੋ ਗਿਆ। ਗਰਮ ਧੜੇ ਵਲੋਂ ਮੌਕਾ ਸਾਂਭ ਲਿਆ ਗਿਆ। ਸੰਤ ਭਿੰਡਰਾਂਵਾਲੇ ਦੇ ਪੈਰੋਕਾਰਾਂ ਦੀ ਗ੍ਰਿਫਤਾਰੀ ਦਾ ਮਸਲਾ ਲੈ ਕੇ ਮੰਜੀ ਸਾਹਿਬ ਅੰਮ੍ਰਿਤਸਰ ਤੋਂ ਮੋਰਚਾ ਸ਼ੁਰੂ ਹੋ ਗਿਆ। ਅਕਾਲੀ ਦਲ ਦੀ ਮੌਤ ਦੀ ਨਿਸ਼ਾਨੀ ਸੀ ਇਹ ? ਅੱਜ ਤੱਕ ਪੰਥ ਨੇ ਸਿਰਫ਼ ਉਸ ਮੋਰਚੇ ਵਿਚ ਵੱਧ ਹਿੱਸਾ ਲਿਆ ਹੈ ਜੋ ਅੰਮ੍ਰਿਤਸਰ ਦੇ ਇਸ ਸਥਾਨ ਤੋਂ ਸ਼ੁਰੂ ਹੋਇਆ ਹੈ। ਇਹ ਸੋਚ ਕੇ ਅਕਾਲੀ ਭੱਜੇ ਕਪੂਰੀ ਤੋਂ ਅੰਮ੍ਰਿਤਸਰ ਵੱਲ ਤਾਂ ਦੋਹਾਂ ਦਾ ਸਾਂਝਾ ਮੋਰਚਾ ਸ਼ੁਰੂ ਹੋ ਗਿਆ। ਤਲਵੰਡੀ ਨੂੰ ਦਿੱਲੀਓਂ ਸੱਦਿਆ ਗਿਆ ਉਹ ਨਾਲ ਹੀ ਲੈ ਆਏ ਅਨੰਦਪੁਰ ਦਾ ਮਤਾ।

ਮੋਰਚਾ ਨਿਸ਼ਚੇ ਹੀ ਲੋਕਾਂ ਅੰਦਰ ਮੌਜੂਦਾ ਸੰਕਟ ਨੂੰ ਤੋੜਨ ਦੀ ਭਾਵਨਾ ਨੂੰ ਵਰਤਣ ਵਿਚ ਕਾਮਯਾਬ ਹੋਇਆ। ਹਜ਼ਾਰਾਂ ਸਿੰਘਾਂ ਨੇ ਗ੍ਰਿਫਤਾਰੀ ਦਿੱਤੀ ਪਰ ਇਹ ਮੋਰਚਾ ਕਿਵੇਂ ਚਲ ਰਿਹਾ ਸੀ ਇਸ ਬਾਰੇ ਨਿਰਾ ਅਖ਼ਬਾਰਾਂ ਤੋਂ ਹੀ ਪਤਾ ਨਹੀਂ ਲੱਗ ਸਕਦਾ। ਕਿਸੇ ਆਦਮੀ ਨੂੰ ਇਸ ਬਾਰੇ ਸਮਝ ਬਣਾਉਣ ਲਈ ਜ਼ਰੂਰੀ ਹੀ ਨੇੜਿਓਂ ਹੋ ਕੇ ਇਹ ਮੋਰਚਾ ਦੇਖਣ ਦੀ ਖੇਚਲ ਕਰਨੀ ਚਾਹੀਦੀ ਹੈ। ਨਾਨਕ ਨਿਵਾਸ ਤੇ ਰਾਮਦਾਸ ਸਰਾਂ ਵਿਚ ਕੁਝ ਦਿਨ ਠਹਿਰਿਆਂ ਹੀ ਪਤਾ ਲਗਾਇਆ ਜਾ ਸਕਦਾ ਹੈ ਕਿ ਇਹ ਮੋਰਚਾ ਦਿਲੀ ਦੇ ਖਿਲਾਫ ਹੈ ਜਾਂ ਅਕਾਲੀਆਂ ਦਾ ਇਕ ਦੂਜੇ ਦੇ ਖਿਲਾਫ਼ ਹੈ। ਉਥੇ ਪਤਾ ਲਗਦਾ ਹੈ ਕਿ ਬਾਬਾ ਖੜਕ ਸਿੰਘ ਵਲੋਂ ਉਸਾਰੇ ਜਾ ਰਹੇ ਗੁਰਦੁਆਰਿਆਂ ਤੇ ਲੰਗਰਾਂ ਦਾ ਮੁਕਾਬਲਾ ਕਰਨ ਲਈ ਇਕ ਹੋਰ ਸੰਤ ਸਤਲਾਨੀ ਵਾਲਾ ਕਿਵੇਂ ਸੈਂਕੜੇ ਸਿੰਘਾਂ ਦੀ ਅਗਵਾਈ ਕਰਦਾ ਧਰਮਯੁਧ ਵਿਚ ਜਾ ਰਿਹਾ ਹੈ ਤੇ ਪੰਥ ਨੂੰ ਉਸਦੇ ਵਲੋਂ ਬਾਬੇ ਬੁੱਢੇ ਸਾਹਿਬ ਤੇ ਕੀਤਾ ਹਮਲਾ ਭੁੱਲ ਹੀ ਗਿਆ। ਕਿਵੇਂ ਬਠਿੰਡੇ ਜ਼ਿਲੇ ਦੇ ਇਕ ਸੰਤ ਨੂੰ ਤੋਰਨ ਲੱਗਿਆ ਰਾਮੂਵਾਲੀਆਂ ਨਸੀਹਤ ਕਰਦਾ ਹੈ ਕਿ ਵੋਟਾਂ ਵੀ ਪੰਥ ਨੂੰ ਪੁਆਇਆ ਕਰੋ ਤਾਂ ਉਹ ਸਟੇਜ ਤੋਂ ਹੀ ਨਿਰੰਕਾਰੀਆਂ ਦੇ ਪੈਰੀਂ ਹੱਥ ਲਾਉਣ ਦੀ ਗੱਲ ਕਰਦਾ ਹੈ। ਕਿਵੇਂ ਸਟੇਜ ਤੋਂ ਹੀ ਖ਼ਾਲਸਤਾਨ ਦੇ ਸਾਬਕਾ ਆਗੂ ਸੁਖਜਿੰਦਰ ਸਿੰਘ ਤੋਂ ਮਾਇਕ ਖੋਹਿਆ ਜਾਂਦਾ ਹੈ। ਕਿਵੇਂ ਟੌਹੜਾ ਆਪਣੇ ਆਦਮੀਆਂ ਨੂੰ ਇਸ ਕੰਮ ਲਈ ਸਾਰਾ ਤਾਣ ਲਾਉਣ ਕਹਿੰਦਾ ਹੈ ਕਿ ਉਸਦਾ ਜਥਾ ਬਾਦਲ ਤੋਂ ਵੱਡਾ ਹੋਣਾ ਚਾਹੀਦਾ ਹੈ ਤੇ ਕਿਵੇਂ ਤਲਵੰਡੀ ਆਪਣੇ ਸਾਰੇ ਦਲ ਨੂੰ ਇਕੋ ਦਿਨ ਉਸ ਦੀ ਅਗਵਾਈ ਹੇਠ ਗਿਣਤੀ ਵਧਾਉਣ ਲਈ ਕਹਿੰਦਾ ਹੈ। ਸਰਕਾਰ ਵਲੋਂ ਸਤਿਆਗ੍ਰਹੀਆਂ ਨੂੰ ਛੱਡਣ ਦੇ ਐਲਾਨ ਸਮੇਂ ਮੋਰਚਾ ਅਸਲ ਰੂਪ ਵਿਚ ਸਾਹਮਣੇ ਆਇਆ। ਪਹਿਲਾਂ ਸਾਰੀਆਂ ਜੇਹਲਾਂ ਵਿਚੋਂ ਐਲਾਨ ਹੋਇਆ ਕਿ ਜੇਹਲਾਂ ਖਾਲੀ ਨਹੀਂ ਕੀਤੀਆਂ ਜਾਣਗੀਆਂ। ਫਿਰ ਆਪੋ ਆਪਣੇ ਆਦਮੀਆਂ ਰਾਹੀਂ ਸੀ. ਆਈ.. ਡੀ ਰੱਖੀ ਗਈ ਕਿ ਅੰਮ੍ਰਿਤਸਰ ਦੀ ਸਟੇਜ ਤੇ ਤਾਂ ਕੋਈ ਖਤਰਾ ਨਹੀਂ ਤੇ ਪਤਾ ਨਹੀਂ ਕਿਵੇਂ ਇਕ ਦੂਜੇ ਤੋਂ ਪਹਿਲਾਂ ਅੰਮ੍ਰਿਤਸਰ ਤੇ ਧਾਵਾ ਬੋਲਣ ਲਈ ਜੇਹਲਾਂ ਛੱਡ ਕੇ ਲੀਡਰ ਭੱਜ ਉੱਠੇ ਅਗੜ ਪਿਛੜ ਤੇ ਹਮਾਤੜ ਕਈ ਜੇਹਲਾਂ ਵਿਚ ਕੁਟੇ ਗਏ।

ਹੁਣ ਆਇਆ ਗਲਬਾਤ ਦਾ ਦੌਰ। ਸਾਰੇ ਗਰੁੱਪਾਂ ਦੀ ਰਲਾ ਕੇ ਇਕ ਕਮੇਟੀ ਬਣਾ ਲਈ ਗਈ। ਤਲਵੰਡੀ ਹੋਰਾਂ ਜ਼ੋਰ ਪਾ ਕੇ ਅਨੰਦਪੁਰ ਦਾ ਮਤਾ ਵੀ ਮੰਗਾਂ ਵਿਚ ਆਖਰੀ ਮੰਗ ਦੇ ਰੂਪ ਵਿਚ ਦਰਜ ਕਰਾ ਦਿੱਤਾ ਗਿਆ। ਇਸ ਤੇ ਰੌਲਾ ਪੈਣਾ ਸ਼ੁਰੂ ਹੋ ਗਿਆ ਕਿ ਆਖਰ ਇਹ ਅਨੰਦਪੁਰ ਦਾ ਮਤਾ ਕੀ ਹੈ ਜੋ 9 ਸਾਲ ਕੋਲਡ ਸਟੋਰ ਵਿਚ ਲਾਈ ਰੱਖਣ ਤੋਂ ਬਾਅਦ ਅੱਜ ਫਿਰ ਕੱਢ ਲਿਆ ਗਿਆ ਹੈ। ਸੰਤ ਲੌਂਗੋਵਾਲ ਵਲੋਂ ਇਕ ਮਤ ਅਖ਼ਬਾਰਾਂ ਨੂੰ ਦਿੱਤਾ ਗਿਆ ਤਾਂ ਤਲਵੰਡੀ ਨੇ ਉਸੇ ਦਿਨ ਕਲਗੀਧਰ ਗੁਰਦੁਆਰੇ ਲੁਧਿਆਣਾ ਤੋਂ ਐਲਾਨ ਕੀਤਾ ਕਿ ਮਤੇ ਨੂੰ ਤੋੜਨ ਮਰੋੜਨ ਦੀ ਕਿਸੇ ਨੂੰ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਂਝ ਦੋ ਅਨੰਦਪੁਰ ਦੇ ਮਤੇ ਫਰਵਰੀ ਸਮਤਾ ਦੇ ਲੇਖ ਵਿਚ ਵੀ ਹਵਾਲੇ ਵਜੋਂ ਦਿੱਤੇ ਗਏ ਹਨ। ਪਰ ਇਨ੍ਹਾਂ ਵਿਚੋਂ ਅੰਗਰੇਜ਼ੀ ਵਾਲਾ ਅੰਮ੍ਰਿਤਸਰ ਵਾਲਾ ਤੇ ਪੰਜਾਬੀ ਵਾਲਾ ਲੁਧਿਆਣੇ ਵਾਲਾ ਮਤਾ ਹੈ। ਤਲਵੰਡੀ ਦੀ ਜੇਬ ਵਿਚ ਇਕ ਮਤਾ ਹੈ ਜੋ ਅਸਲ ਵਿਚ ਉਸਦੀ ਹੀ ਪਾਰਟੀ ਵਲੋਂ ਦਿੱਲੀ ਮੋਰਚੇ ਸਮੇਂ ਛਾਪੇ ਗਏ 'ਦੇਸ਼ ਪੰਜਾਬ' ਦੇ ਅਨੰਦਪੁਰ ਮਤੇ ਤੋਂ ਵੀ ਸਖਤ ਹੈ। ਕਹਿੰਦੇ ਨੇ ਕਿ ਅਸਲ ਮਤਾ ਕਪੂਰ ਸਿੰਘ ਦੇ ਹੱਥਾਂ ਦਾ ਲਿਖਿਆ ਹੋਇਆ ਹੈ ਜੋ ਪਾਕਿਸਤਾਨ ਦੇ ਮਤੇ ਤੋਂ ਵੱਖਰਾ ਨਹੀਂ ਹੈ। ਕੁਲ ਮਿਲਾ ਕੇ ਦਰਜਨ ਕੁ ਮਤੇ ਬਣਦੇ ਹਨ। ਅਨੰਦਪੁਰ ਵਾਲੇ।

ਪਾਠਕਾਂ ਨੂੰ ਤਲਵੰਡੀ ਦਾ ਉਹ ਬਿਆਨ ਮੁੜ ਪੜ੍ਹਨਾ ਚਾਹੀਦਾ ਹੈ ਜਿਸ ਵਿਚ ਉਹ ਕਹਿੰਦਾ ਹੈ : ਇੰਦਰਾ ਗਾਂਧੀ ਚੰਗਾ ਕਰੇ ਬਾਦਲ ਹੁਰਾਂ ਵਾਲਾ ਅਨੰਦਪੁਰ ਮਤਾ ਮਨਜ਼ੂਰ ਕਰ ਲਵੇ ਨਹੀਂ ਤਾਂ ਜੇ ਅਸੀਂ ਆਪਣਾ ਮਤਾ ਕੱਢ ਬੈਠੇ ਤਾਂ ਮੁਸ਼ਕਲ ਹੋਵੇਗੀ।' ਰਹੀ ਗੱਲ ਕਾਮਰੇਡ ਸੁਰਜੀਤ ਦੀ ਅਨੰਦਪੁਰ ਦੇ ਮਤੇ ਬਾਰੇ ਗਵਾਹੀ ਪੇਸ਼ ਕਰਨ ਦੀ ਉਸ ਬਾਰੇ ਮੁਕਤਸਰ ਦੇ ਮਾਘੀ ਦੇ ਦੀਵਾਨ ਵਿਚ ਟੌਹੜਾ ਸਾਹਿਬ ਦੇ ਛੱਡੇ ਸ਼ਲੋਕ ਹੀ ਕਾਫੀ ਹਨ।

ਹੁਣ ਆਪਾਂ ਆਈਏ ਅਕਾਲੀ ਦਲ ਨੂੰ ਵਧੇਰੇ ਅਧਿਕਾਰਾਂ ਦੀ ਵਕਾਲਤ ਕਰਨ ਵਾਲੇ ਦੱਸਣ ਬਾਰੇ। ਸਭ ਤੋਂ ਕਟੜ ਕੇਂਦਰ ਪੱਖੀ ਮੁਰਾਰਜੀ ਡਿਸਾਈ ਦੇ ਮੰਤਰੀ ਮੰਡਲ ਵਿਚ ਰਹਿਣ ਦਾ ਬਾਦਲ ਤੇ ਬਰਨਾਲਾ ਸਾਹਿਬ ਨੂੰ ਮੌਕਾ ਮਿਲਿਆ ਹੈ ਕਾਫੀ ਚਿਰ ਪੰਜਾਬ ਵਿਚ ਵਜ਼ਾਰਤ ਵੀ ਰਹੀ ਹੈ ਪਰ ਇਨ੍ਹਾਂ ਨੇ ਇਸ ਬਾਰੇ ਕਦੇ ਨਹੀਂ ਸੀ ਸੋਚਿਆ। ਜਦ ਤਾਕਤਾਂ ਦੇ ਵਿਕੇਂਦਰੀ ਕਰਨ ਦੀ ਗੱਲ ਆਉਂਦੀ ਹੈ ਤਾਂ ਗੱਲ ਦਿੱਲੀ-ਚੰਡੀਗੜ੍ਹ ਦੇ ਸੰਬੰਧਾਂ ਦੀ ਹੀ ਨਹੀਂ ਹੁੰਦੀ। ਚੰਡੀਗੜ੍ਹ ਤੋਂ ਹੇਠਾਂ ਵੀ ਤਾਕਤਾਂ ਚਹੀਦੀਆਂ ਹਨ। ਪਿੰਡਾਂ ਦੇ ਪ੍ਰਬੰਧ ਲਈ ਚਾਲੂ ਵਿਧਾਨ ਮੁਤਾਬਿਕ ਤਿੰਨ ਪੜਾਈ ਪ੍ਰਬੰਧਕੀ ਅਦਾਰੇ ਚਲਦੇ ਹਨ। ਪੰਚਾਇਤ-ਪੰਚਾਇਤ ਸੰਮਤੀ-ਜ਼ਿਲਾ ਪ੍ਰੀਸ਼ਦ। ਇਨ੍ਹਾਂ ਵਿਚ ਸਿਰਫ ਪੰਜਾਬ ਦੇ ਪਿੰਡਾਂ ਦੇ ਲੋਕ ਹੀ ਹਿੱਸਾ ਲੈਂਦੇ ਹਨ ਹਰਿਆਣਾ ਜਾ ਦਿੱਲੀ ਦੇ ਨਹੀਂ। ਪਰ ਆਪਣੇ ਰਾਜ ਦੌਰਾਨ ਵਿਚਾਰੇ ਅਕਾਲੀ ਇਨ੍ਹਾਂ ਅਦਾਰਿਆਂ ਦੀ ਚੋਣ ਵੀ ਨਹੀਂ ਸੀ ਕਰਾ ਸਕੇ ਉਨ੍ਹਾਂ ਨੂੰ ਵਧੇਰੇ ਅਧਿਕਾਰਾਂ ਦੀ ਗੱਲ ਤਾਂ ਕਿਤੇ ਰਹੀ। ਹੋਰ ਤਾਂ ਹੋਰ ਸ਼ਰੋਮਣੀ ਕਮੇਟੀ ਦੀ ਚੋਣ ਦੇ ਨਾਲ ਹੀ ਗੁਰਦੁਆਰਾ ਕਮੇਟੀਆਂ ਦੀਆਂ ਵੀ ਚੋਣਾ ਹੋਣੀਆਂ ਹੁੰਦੀਆਂ ਹਨ ਪਰ ਸਿੰਘਾਂ ਦਾ ਉਪਰ ਕਬਜ਼ਾ ਹੋ ਜਾਣ ਤੋਂ ਬਾਅਦ ਹੇਠਲੀਆਂ ਦੀ ਕੀ ਲੋੜ ਹੈ। ਆਪਾਂ ਨੂੰ ਵਧੇਰੇ ਅਧਿਕਾਰ ਚਾਹੀਦੇ ਹਨ ਹੇਠਲਿਆਂ ਨੂੰ ਕਿਉਂ ਦੇਈਏ।

ਬਿਨਾਂ ਸਿਰ ਪੈਰ ਇਸ ਚੱਲ ਰਹੇ ਮੋਰਚੇ ਨੂੰ ਦੇਖ ਕੇ ਜਜ਼ਬਾਤੀ ਹੋਣ ਦੀ ਲੋੜ ਨਹੀਂ ਤੇ ਇਸ ਨੂੰ ਦੇਸ਼ ਵਿਚ ਚੱਲ ਰਹੀਆਂ ਹੋਰ ਲਹਿਰਾਂ ਲਈ ਚਾਨਣ ਮੁਨਾਰਾ ਕਹਿ ਦੇਣਾ ਵੀ ਠੀਕ ਨਹੀਂ ਹੈ। ਸਾਡੇ ਦੇਸ਼ ਅੰਦਰ ਹੀ ਨਾਗਾਲੈਂਡ ਮੀਜ਼ੋਰਮ ਵਿਚ ਉਸ ਸਮੇਂ ਤੋਂ ਮੁਕਤੀ ਲਹਿਰਾਂ ਚੱਲ ਰਹੀਆਂ ਹਨ ਜਦ ਤੋਂ ਇਸਦਾ ਮੌਜੂਦਾ ਨਕਸ਼ਾ ਬਣਿਆ ਹੈ। ਅਸਾਮ ਐਜੀਟੇਸ਼ਨ ਵਾਲਿਆਂ ਨੂੰ ਅਨੰਦਪੁਰ ਦੇ ਪਿਛਲਗ ਕਹਿ ਦੇਣਾ, ਤੇਲਗੂ ਦੇਸ਼ਮ ਦਾ ਰਾਮਾ ਰਾਓ ਜੋ ਤਾਮਿਲਨਾਡੂ ਦੇ ਰਾਮਾ ਚੰਦਰਨ ਦੇ ਪੈਰਾਂ ਤੇ ਚੱਲ ਕੇ ਕਾਮਯਾਬ ਹੋਇਆ ਅਨੰਦਪੁਰ ਦਾ ਹੀ ਪੈਰੋਕਾਰ ਕਹਿ ਦੇਣਾ ਤੇ ਅੱਜ ਦੇਸ਼ ਭਰ ਦੀਆਂ ਸਾਰੀਆਂ ਲੋਕ-ਲਹਿਰਾਂ ਨੂੰ ਇਸ ਮਤੇ ਮਗਰ ਚੱਲਣ ਲਈ ਕਹਿਣਾ ਸਾਡੇ ਜਜ਼ਬਾਤਾਂ ਦਾ ਪ੍ਰਗਟਾਵਾ ਤਾਂ ਹੋ ਸਕਦਾ ਹੈ ਹਕੀਕਤਾ ਦਾ ਨਹੀਂ ਇਸ ਤੋਂ ਪਹਿਲਾਂ ਕਿ ਇੰਦਰਾ ਗਾਂਧੀ ਨਾਲ ਸਮਝੌਤਾ ਕਰਕੇ ਅਕਾਲੀ ਇਕ ਹੋਰ ਨਵਾਂ ਅਨੰਦਪੁਰ ਮਤਾ ਲੋਕਾਂ ਨੂੰ ਨਹੀਂ ਦਿਖਾ ਦੇਂਦੇ ਸਾਨੂੰ ਇਨ੍ਹਾਂ ਦੇ ਪਿਛਲੇ ਮਤੇ ਹੀ ਦੇਖ ਲੈਣੇ ਚਾਹੀਦੇ ਹਨ।

ਪੰਜਾਬੀ ਸੂਬੇ ਦੇ ਅੰਦੋਲਨ ਸਮੇਂ ਹਜ਼ਾਰਾਂ ਸਿੰਘਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ ਪਰ ਅੰਤ ਤਨਖਾਹੀਆ ਬਣਿਆ ਮਾਸਟਰ ਤਾਰਾ ਸਿੰਘ ਤੇ ਜਵਾਹਰ ਲਾਲ ਨਹਿਰੂ ਬਰੀ ਸੀ। ਅੰਗਰੇਜ਼ਾਂ ਸਮੇਂ 'ਸਿੱਖਾਂ ਦੇ ਬੇ-ਤਾਜ ਬਾਦਸ਼ਾਹ ਖੜਕ ਸਿੰਘ' ਦਾ ਸਿੰਘਾਂ ਵਲੋਂ ਕੀ ਹਸ਼ਰ ਕੀਤਾ ਗਿਆ ਸੀ। ਤੇ ਕਿਵੇਂ ਸਵਰਨ ਸਿੰਘ, ਹੁਕਮ ਸਿੰਘ ਆਦਿ ਅਕਾਲੀ ਸਿੰਘ ਆਪੋ ਆਪਣੇ ਮਤੇ ਲੈ ਕੇ ਕਾਂਗਰਸ ਵਿਚ ਗਏ ਸਨ। ਇਨ੍ਹਾਂ ਦੇ ਮਤੇ ਲਛਮਨ ਸਿੰਘ ਗਿੱਲ ਨੇ ਕਿਵੇਂ ਲਾਗੂ ਕੀਤੇ ਸਨ ਇਹ ਸਭ ਕੁਝ ਸਿਆਣੇ ਲੋਕ ਨਹੀਂ ਭੁੱਲਦੇ। ਅੰਮ੍ਰਿਤਸਰ ਦੇ ਲੋਕ ਜਾਣਦੇ ਹਨ ਕਿ ਫਤਿਹ ਸਿੰਘ ਦੇ ਵਰਤਾਂ ਦਾ ਕੀ ਬਣਿਆ ਕਿਵੇਂ ਫ਼ਾਜ਼ਿਲਕਾ ਅਬੋਹਰ ਨਾਲ ਚੰਡੀਗੜ੍ਹ ਦਾ ਸੌਦਾ ਮੰਨਿਆ ਗਿਆ। ਇਹ ਲੋਕ ਐਮਰਜੈਂਸੀ ਵਿਰੁੱਧ ਲੱਗੇ ਇਤਿਹਾਸਕ ਐਮਰਜੈਂਸੀ ਦੇ ਮੋਰਚੇ ਨੂੰ ਵੀ ਅੱਖੀ ਦੇਖ ਚੁੱਕੇ ਹਨ। ਪਟਿਆਲੇ ਜੇਹਲ ਵਿਚੋਂ ਆਇਆ ਮੋਹਣ ਸਿੰਘ ਤੁੜ ਤੇ ਉਸਦੇ ਨਾਲ ਹੀ ਆਏ ਏਲਚੀ ਤੇ ਸਾਂਝੀ ਸਰਕਾਰ ਬਣਾਉਣ ਦੀ ਸਕੀਮ ਵੀ ਲੋਕਾਂ ਦੇਖੀ। ਮੰਤਰਾਲਿਆ ਦੇ ਝਗੜਿਆਂ ਬਾਅਦ ਫਿਰ ਮਸਿਆ ਤੇ ਗ੍ਰਿਫ਼ਤਾਰੀ ਦੇਂਦਾ ਤੁੜ ਦੇਖਿਆ। ਐਮਰਜੈਂਸੀ ਤੋਂ ਥੋੜ੍ਹੇ ਚਿਰ ਪਹਿਲਾਂ ਡੀ. ਸੀ. ਦੇ ਦਫ਼ਤਰ ਤੇ ਖਾਲਿਸਤਾਨ ਦਾ ਝੰਡਾ ਗੱਡਣ ਗਿਆ ਉਮਰਾਨੰਗਲ ਵੀ ਦੇਖਿਆ ਹੈ। ਜਦ ਜੇਹਲ ਵਿਚ ਉਸ ਨੂੰ ਉਸ ਨਵੇਂ ਦੇਸ਼ ਦੇ ਵਿਧਾਨ ਬਾਰੇ ਪੁਛਿਆ ਗਿਆ ਕਿ ਕੀ ਉਸ ਵਿਚ ਐਮਰਜੰਸੀ ਦੀ ਧਾਰਾ ਹੋਵੇਗੀ ਕਿ ਨਹੀਂ ਤਾਂ ਉਸ ਨੇ ਚਾਰ ਮੁਲਕਾਂ ਦੇ ਵਿਧਾਨ ਪੜ੍ਹਨੇ ਸ਼ੁਰੂ ਕੀਤੇ ਕਿ ਮੈਂ ਇਹ ਵਿਧਾਨ ਤਿਆਰ ਕਰਕੇ ਹੀ ਬਾਹਰ ਜਾਣਾ ਹੈ। ਪਰ ਬਾਹਰ ਆਉਂਦਿਆਂ ਹੀ ਉਮਰਾਨੰਗਲ ਮੰਤਰੀ ਸੀ ਜੇਹਲ ਅੰਦਰ ਹਿੰਦੂਆਂ ਵਿਰੁੱਧ ਅਕਾਲੀ ਜਨਸੰਘ ਲੜਾਈ ਕਰਾਉਣ ਤੱਕ ਗਿਆ ਉਮਰਾ ਨੰਗਲ ਬਾਹਰ ਭਿੰਡਰਾਂਵਾਲੇ ਦੇ ਵਿਰੋਧ ਕਾਰਜ ਹਿੰਦੂ-ਸਿੱਖ ਏਕਤਾ ਦਾ ਸਭ ਤੋਂ ਵੱਡਾ ਮੁਦੱਈ ਬਣ ਗਿਆ।

ਰਹੀ ਗੱਲ ਸਰਬੱਤ ਦਾ ਭਲਾ ਚਹੁੰਣ ਵਾਲਿਆਂ

ਦੀ। ਇਕ ਦੂਜੇ ਦਾ ਭਲਾ ਕਰਦਿਆਂ ਇਹ ਲੋਕ ਜਿਵੇਂ ਬੂਹੇ ਦੇ ਘਰ ਤੱਕ ਵੀ ਪਹੁੰਚਦੇ ਹਨ। ਐਮਰਜੈਂਸੀ ਤੋਂ ਬਾਅਦ ਤੁੜ ਸਾਹਿਬ ਦੀ ਗੱਦੀ ਡੋਲੀ, ਉਸ ਨੂੰ ਕਿਸੇ ਸਲਾਹ ਦਿੱਤੀ ਤਾਂ ਉਸ ਵਰਕਿੰਗ ਕਮੇਟੀ ਤੋੜ ਦਿੱਤੀ। ਪਰ ਅਗਲੇ ਦਿਨ ਵਰਕਿੰਗ ਕਮੇਟੀ ਨੇ ਤੁੜ ਸਾਹਿਬ ਨੂੰ ਲਾਹ ਦਿੱਤਾ। ਜ਼ੋਰ ਅਜ਼ਮਾਈ ਤੋਂ ਬਾਅਦ ਰਾਜ਼ੀ ਨਾਵਾਂ ਹੋ ਗਿਆ। ਲੋਕਾਂ ਪੁੱਛਿਆ ਵਿਧਾਨਕ ਤੌਰ ਤੇ ਕਿਸ ਦੀ ਕਾਰਵਾਈ ਠੀਕ ਸੀ ਤਾਂ ਜੁਆਬ ਸੀ ਕਿ ਅਸਲ ਵਿਚ ਦਫਤਰ ਵਿਚੋਂ ਵਿਧਾਨ ਦੀ ਅਸਲੀ ਕਾਪੀ ਹੀ ਨਹੀਂ ਮਿਲ ਸਕੀ। ਮਤਲਬ ਕਿ ਇਸ ਇਤਿਹਾਸਕ ਪਾਰਟੀ ਦਾ ਇਤਿਹਾਸਕ ਵਿਧਾਨ ਅਜੇ ਅਨੰਦਪੁਰ ਦੇ ਮਤੇ ਦੀ ਪ੍ਰਵਾਨਗੀ ਤੋਂ ਬਾਅਦ ਹੀ ਬਣੇਗਾ। ਇਸ ਤੋਂ ਬਾਅਦ ਆਈ ਤਲਵੰਡੀ ਸਾਹਿਬ ਦੇ ਲੱਥਣ ਦੀ ਵਾਰੀ ਬਾਦਲ ਧੜੇ ਨੇ ਜ਼ੋਰ ਪਾਇਆ ਪਰ ਤਲਵੰਡੀ ਸਾਹਿਬ ਨੇ ਵਰਕਿੰਗ ਕਮੇਟੀ ਵੱਡੀ ਕਰ ਲਈ ਉਨ੍ਹਾਂ ਜਨਰਲ ਬਾਡੀ ਮਾਜਲਾਸ ਬਲਾਉਣ ਲਈ ਕਿਹਾ ਤਾਂ ਤਲਵੰਡੀ ਸਾਹਿਬ ਦੀ ਡੈਲੀਗੇਟ ਲਿਸਟ ਵੱਖਰੀ ਸੀ ਤੇ ਬਾਦਲ ਸਾਹਿਬ ਦੀ ਵੱਖਰੀ ਸੀ। ਡੈਲੀਗੇਟ ਤੋੜਨ ਲਈ ਬਾਦਲ ਸਾਹਿਬ ਵਲੋਂ ਸਰਕਾਰੀ ਮਸ਼ੀਨਰੀ ਇੰਝ ਵਰਤੀ ਗਈ ਜਿਵੇਂ ਭਜਨ ਲਾਲ ਨੇ ਮਨਿਸਟਰੀ ਬਣਾਈ ਸੀ। ਪਰ ਝਗੜਾ ਉਵੇਂ ਹੀ ਰਿਹਾ ਕਿ ਅਸਲੀ ਕਿਸਟ ਕਿਹੜੀ ਹੈ। ਪਤਾ ਲੱਗਾ ਕਿ ਅਸਲ ਵਿਚ ਦਫਤਰ ਵਿਚ ਅਸਲ ਰਿਕਾਰਡ ਰਖਿਆ ਹੀ ਨਹੀਂ ਜਾਂਦਾ। ਵੈਸੇ ਪਾਠਕ ਉਡੀਕ ਕਰਨ ਏਹੋ ਇਤਿਹਾਸਕ ਡਰਾਮਾਂ ਕੁਝ ਦਿਨਾਂ ਤੱਕ ਹੋਣਾ ਵਾਲਾ ਹੀ ਹੈ। ਇਸ ਦੀਆਂ ਝਾਕੀਆਂ ਅੰਮ੍ਰਿਤਸਰ ਵਿਚ ਰੀਹਡਮਲ ਵਾਸਤੇ ਆਮ ਹੀ ਖੇਡੀਆਂ ਜਾ ਰਹੀਆਂ ਹਨ। ਇਸ ਵਕਤ ਮੋਰਚਾ ਚਲਾਉਣ ਵਾਲੇ ਪੂਰੀ ਤਿਆਰੀ ਵਿਚ ਹਨ ਕਿ ਕਦੋਂ ਕਿਹੜਾ ਧੜਾ ਕਾਂਗਰਸ ਨਾਲ ਸਮਝਾਉਤਾ ਕਰੇ ਤੇ ਕਦੋਂ ਉਹਨੂੰ ਗ਼ਦਾਰ ਕਹੀਏ ਅਤੇ ਕਿਹੜਾ ਖਿਤਾਬ ਕਿਸ ਕਿਸ ਨੂੰ ਦੇਈਏ। ਅਕਾਲ ਤਖਤ ਦੀ ਜਥੇਬੰਦੀ ਨੂੰ ਕਿਸ ਨੂੰ ਦੇਈਏ ਤੇ ਤਨਖਾਹੀਆਂ ਕਿਸ ਨੂੰ ਕਰਾਰ ਦੇਈਏ ?

ਹੁਣ ਆਈ ਗੱਲ ਅਕਾਲੀਆਂ ਦੇ ਆਰਥਿਕ ਪ੍ਰੋਗਰਾਮ ਦੀ। ਉਨ੍ਹਾਂ ਨੂੰ ਸਮਾਜਵਾਦੀ ਕਹਿਣ ਵਾਲੇ ਪਤਾ ਨਹੀਂ ਇਹ ਨਹੀਂ ਸੋਚਦੇ ਕਿ ਪੰਜਾਬ ਅੰਦਰ ਟਰਾਂਸਪੋਰਟ ਦੇ ਕੌਮੀਕਰਨ ਦੀ ਗੱਲ ਕਰਨ ਤੇ ਵੱਡੇ ਵੱਡੇ ਮੋਰਚੇ ਠੁਸ ਕਿਉਂ ਹੋ ਜਾਂਦੇ ਹਨ ? ਜ਼ਮੀਨੀ ਸੁਧਾਰ ਜੋ ਲੋਕਾਂ ਦੇ ਹੱਕ 'ਚ ਪਹਿਲੀ ਆਰਥਕ ਮੰਗ ਜਾਂਦੀ ਹੈ ਅਕਾਲੀ ਦਲ ਦੇ ਅਜੰਡੇ ਤੇ ਹੀ ਨਹੀਂ ਹਨ ਤੇ ਬਾਕੀ ਗੱਲਾਂ ਰਹੀਆਂ ਸਰਮਾਏਦਾਰਾਂ ਵਿਰੋਧੀ ਬਿਆਨਾਂ ਦੀਆਂ। ਉਨ੍ਹਾਂ ਬਾਰੇ 10 ਸਾਲ ਪਹਿਲਾਂ ਜੋਤੀ ਬਾਸੂ ਹੁਰਾਂ ਦੇ ਬਹੁ-ਕੌਮੀ ਕੰਪਨੀਆਂ ਵਿਰੁਧ ਦਿਤੇ ਧੂਆਂਧਾਰ ਬਿਆਨ ਪੜ੍ਹ ਕੇ ਅਤੇ ਹੁਣ ਪੱਛਮੀ ਦੇਸ਼ਾਂ ਦੇ ਦੌਰੇ ਤੇ ਉਨ੍ਹਾਂ ਹੀ ਕੰਪਨੀਆਂ ਨੂੰ ਬੰਗਾਲ ਅੰਦਰ ਕਾਰਖਾਨੇ ਲਾਉਣ ਦੇ ਹਾੜ੍ਹੇ ਇਕ ਢੁਕਵੀ ਮਿਸਾਲ ਹਨ। ਉਂਝ ਜਗੀਰਦਾਰੀ ਰਹਿੰਦ-ਖੂੰਦ ਸਿਧੇ ਮੂੰਹ ਕਾਰਖਾਨੇਦਾਰ ਦੇ ਹੱਕ ਵਿਚ ਮੰਗ ਵੀ ਨਹੀਂ ਕਰ ਸਕਦੀ ਤੇ ਇਹ ਗੱਲ ਸਮਾਜਵਾਦੀ ਨਹੀਂ ਹੁੰਦੀ।

ਜਮਹੂਰੀ ਹੱਕਾਂ ਬਾਰੇ ਵੀ ਇਨ੍ਹਾਂ ਦੇ ਵਿਚਾਰ ਚੰਗੇ ਹਨ। ਪੁਲਸ ਮੁਕਾਬਲਿਆਂ ਵਿਚ ਕਿਸੇ ਨੂੰ ਮਾਰਿਆ ਜਾਣਾ ਬਹੁਤ ਹੀ ਮਾੜੀ ਗੱਲ ਹੈ ਤੇ ਸਭ ਲੋਕ ਇਸ ਦੀ ਨਿੰਦਾ ਕਰਦੇ ਹਨ। ਪਰ ਜਦ ਦਰਬਾਰਾ ਸਿੰਘ ਕਹਿੰਦਾ ਹੈ ਕਿ ਜੇਕਰ ਅਕਾਲੀ ਚਉਣ ਤਾਂ ਉਹ ਪਿਛਲੇ ਦਸ ਸਾਲਾਂ ਅੰਦਰ ਹੋਏ ਸਮੁੱਚੇ ਪੁਲਸ-ਮੁਕਾਬਲਿਆਂ ਦੀ ਜਾਂਚ ਕਰਾਉਣ ਲਈ ਤਿਆਰ ਹਨ ਤਾਂ ਬਾਦਲ ਸਾਹਿਬ ਦੇ ਮੂੰਹ ਵਿਚ ਘੁੰਗਣੀਆਂ ਪੈ ਜਾਂਦੀਆਂ ਹਨ। **ਬਾਬਾ ਬੂੜਾ ਸਿੰਘ ਦੇ ਕਾਤਲ ਬੇ-ਪਰਦ ਹੁੰਦੇ ਹਨ।** ਕੀਮਤੀ ਜਾਨਾਂ ਦੇ ਚਲੇ ਜਾਣ ਦਾ ਸਾਨੂੰ ਦੁਖ ਹੈ ਤੇ ਅਸੀਂ ਆਸ ਕਰਦੇ ਹਾਂ ਕਿ ਹੋਰ ਨਹੀਂ ਤਾਂ ਮਹਿਤੇ ਦੇ ਗੁਰਦੁਆਰੇ ਦੇ ਅੰਦਰ ਬੰਬ ਧਮਾਕੇ ਨਾਲ ਮਾਰੇ ਜਾਣ ਵਾਲੇ ਦੋ ਸਿੰਘਾਂ ਦੀ ਮੌਤ ਦੀ ਜਾਂਚ ਅਕਾਲੀ ਦਲ ਖੁਦ ਕਰਵਾਏ।

ਅਖੀਰ ਤੇ ਆਪਾਂ ਆਈਏ ਦਿੱਲੀ ਵਲੋਂ ਕੀਤੇ ਜਾ ਰਹੇ ਧਕਿਆਂ ਬਾਰੇ। ਪੰਜਾਬ ਦੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਜਿਨਸਾਂ ਦੇ ਵਾਜਬ ਭਾਅ ਨਹੀਂ ਮਿਲ ਰਹੇ। ਗੱਲ ਠੀਕ ਹੈ ਤੇ ਏਹੋ ਗਲਤ ਹਰਿਆਣਾ ਅਤੇ ਯੂ. ਪੀ. ਦੇ ਕਿਸਾਨਾਂ ਦੀ ਹੈ ਉਨ੍ਹਾਂ ਨਾਲ ਰਲ ਕੇ ਇਹ ਮਸਲਾ ਉਠਾਇਆ ਜਾਵੇ। ਅੱਡੋ ਅੱਡ ਸੂਬਿਆਂ ਦੇ ਮਸਲੇ ਲਗਭਗ ਮਿਲਦੇ ਜੁਲਦੇ ਹਨ ਅਤੇ ਸਾਨੂੰ ਦੇਖਣਾ ਪਵੇਗਾ ਕਿ ਇਨ੍ਹਾਂ ਦਾ ਅਸਲੀ ਹੱਲ ਕੀ ਹੈ ? ਤੇ ਲੋਕਾਂ ਦਾ ਭਲਾ ਕਿਸ ਗੱਲ ਵਿਚ ਹੈ। ਜੋ ਲੋਕ ਇਨਕਲਾਬ ਵਾਸਤੇ ਛੋਟੇ ਰਾਜਾਂ ਦੀ ਜ਼ਰੂਰਤ ਚਹੁੰਦੇ ਹਨ ਉਨ੍ਹਾਂ ਨੂੰ ਭੁੱਲਣਾ ਨਹੀਂ ਚਾਹੀਦਾ ਕਿ ਉਸ ਹਾਲਤ ਵਿਚ ਇੰਦਰ, ਬਾਦਲ, ਚਰਨ ਸਿੰਘ ਰਾਮਾ ਰਾਓ ਤੇ ਜੋਤੀ ਬਾਸੂ ਇਕੱਠੇ ਹੋ ਕੇ ਹੀ ਕਾਰਵਾਈ ਕਰਾਂਗੇ। ਜੇਕਰ ਅਸੀਂ ਕੌਮਾਂਤਰੀ ਏਕੇ ਦੀ ਗੱਲ ਕਰਦੇ ਹਾਂ ਤਾਂ ਉਹ ਤਾਂ ਪਹਿਲਾਂ ਹੀ ਕੌਮਾਂਤਰੀ ਪੱਧਰ ਤੇ ਇਕ ਬੈਠੇ ਹਨ। ਰਹੀ ਗਲ ਪੰਜਾਬ ਪੰਜਾਬੀਅਤ ਦੀ ਗੱਲ ਕਰਨ ਦੀ। ਪੰਜਾਬ ਦੀ ਗੱਲ ਕਰਨ ਵਾਲਿਆਂ ਨੂੰ ਢਾਈ-ਆਬ ਦੀ ਗੱਲ ਕਰਦਿਆਂ ਸੰਗ ਆਉਣੀ ਚਾਹੀਦੀ ਹੈ। ਜੇਕਰ ਦਿਮਾਗ ਅੰਦਰ ਪੰਜਾਬੀਅਤ ਦੇ ਭਲੇ ਖਾਤਰ ਪੰਜਾਬ

ਉਸਾਰਨ ਦਾ ਨਕਸ਼ਾ ਉਲੀਕਣਾ ਹੀ ਹੈ ਤਾਂ ਇਹ ਨਕਸ਼ਾ ਪੰਜ ਦਰਿਆ ਦੀ ਧਰਤੀ ਦਾ ਹੋਣਾ ਚਾਹੀਦਾ ਹੈ ਜਿਸ ਵਿਚ ਪੰਜ ਕਰੋੜ ਪੰਜਾਬੀ ਆਪਣੀ ਪਿਆਰੀ ਪੰਜਾਬੀ ਰਾਜਧਾਨੀ ਲਹੌਰ ਵਿਚ ਇਕੱਠੇ ਹੋ ਕੇ ਸੋਚਣ ਕਿ ਪੰਜਾਬ, ਪੰਜਾਬੀਅਤ ਕਿਵੇਂ ਪ੍ਰਫੁਲਤ ਹੋਵੇ ।

ਸੋ ਜੇਕਰ ਅੰਮ੍ਰਿਤਸਰ ਦੇ ਲੰਗਰ ਵਿਚਲੇ ਬੁਧੀ ਜੀਵੀਆਂ ਦੀ ਇਕੱਤਰਤਾ ਅੰਦਰ ਸ਼ਸਤਰਧਾਰੀ ਸਿੰਘਾਂ ਤੋਂ ਬਿਨਾਂ ਵੀ ਕੋਈ ਬੁਧੀਜੀਵੀ ਹੈ ਤਾਂ ਉਸਦਾ ਪਵਿੱਤਰ ਫਰਜ਼ ਬਣਦਾ ਹੈ ਕਿ ਪੂਰਾ ਤਾਣ ਲਗਾ ਕੇ ਪੰਜਾਬ ਤੇ ਪੰਜਾਬੀਅਤ ਦੇ ਅਸਲ ਖਾਸੇ ਨੂੰ ਤਬਾਹ ਕਰ ਰਹੇ ਇਨ੍ਹਾਂ ਮੋਰਚਿਆਂ ਵਿਰੁਧ ਡਟਵਾਂ ਜਹਾਦ ਛੇੜ ਦਵੇ ।

**—ਜਸਵੰਤ ਸਿੰਘ ਖਾਲੜਾ**

## "ਮਸਲਾ ਵਧੇਰੇ ਅਧਿਕਾਰਾਂ ਦਾ" ਤੇ ਪੜਚੋਲਵੀਂ ਨਜ਼ਰ

ਸਮਤਾ ਦੇ ਫਰਵਰੀ 83 ਦੇ ਅੰਕ ਵਿਚ "ਮਸਲਾ ਵਧੇਰੇ ਅਧਿਕਾਰਾਂ ਦਾ" ਸਿਰਲੇਖ ਹੇਠ ਸ਼੍ਰੀ M. C. Bhardwaj ਨੇ ਹਿੰਦੁਸਤਾਨ ਦੇ ਹਰ ਨਾਰ, ਨਾਰੀ ਨੂੰ, ਜੋ ਕੋਈ ਕੇਂਦਰ ਵਿਰੁਧ ਆਵਾਜ਼ ਉਠਾਉਂਦਾ ਹੈ (ਲੇਖਕ ਦਾ ਇਸ਼ਾਰਾ ਅਕਾਲੀਆਂ ਦੇ ਮੋਰਚੇ ਵੱਲ ਸੀ। ਉਸਦਾ ਤਨੋਂ ਮਨੋਂ ਸਾਥ ਦੇਣਾ ਚਾਹੀਦਾ ਹੈ। ਅਤੇ ਜੇ ਕੋਈ ਇਉਂ ਨਹੀਂ ਕਰਦਾ ਤਾਂ ਉਹ ਆਪਣੇ ਆਪ ਨਾਲ ਤੇ ਤਮਾਮ ਪੰਜਾਬੀਆਂ ਨਾਲ ਜ਼ਿਆਦਤੀ ਕਰ ਰਿਹਾ ਹੋਵੇਗਾ ਅਤੇ ਅਣਜਾਣੇ ਹੀ ਉਹ ਸਰਮਾਏਦਾਰੀ ਨਿਜ਼ਾਮ ਦੀ ਸੇਵਾ ਕਰ ਰਿਹਾ ਹੋਵੇਗਾ ।

ਪਰ ਸਾਥੀ ਗੱਲ ਇਉਂ ਨਹੀਂ ਬਿਲਕੁਲ ਇਸ ਦੇ ਉਲਟ ਹੈ। ਵੱਧ ਅਧਿਕਾਰ ਭਾਵੇਂ ਕੇਂਦਰ ਸਰਕਾਰ ਕੋਲ ਹੋਣ ਭਾਵੇਂ ਰਾਜ ਸਰਕਾਰ ਕੋਲ, ਇਹਨਾਂ ਦੀ ਵਰਤੋਂ ਤਾਂ ਮਿਹਨਤ ਕਸ਼ ਲੋਕਾਂ ਦੇ ਵਿਰੁਧ ਹੀ ਹੋਣੀ ਹੈ। ਇਹਨਾਂ ਅਧਿਕਾਰਾਂ ਦੀ ਵਰਤੋਂ ਭਾਵੇਂ ਇੰਦਰਾ ਕਰ ਰਹੀ ਹੋਵੇ, ਭਾਵੇਂ ਦਰਬਾਰੀ ਤੇ ਭਾਵੇਂ ਬਾਦਲ (ਜਦੋਂ ਤਾਕਤ ਵਿਚ ਹੋਵੇ) ਇਹ ਲੋਕ-ਲਹਿਰਾਂ ਨੂੰ ਦਬਾਉਣ ਲਈ ਹੀ ਹੋਵੇਗੀ। ਨਾਲੇ ਲੋਕਾਂ ਦੇ ਘੋਲਾਂ ਨੂੰ ਦਬਾਉਣ ਲਈ ਅੱਗੇ ਕਿਹੜਾ ਰਾਜ ਸਰਕਾਰਾਂ ਕੋਲ ਘੱਟ ਅਧਿਕਾਰ ਨੇ। ਸਤੁਰਵਿਆਂ ਦੇ ਸ਼ੁਰੂ ਵਿਚ ਅਕਾਲੀ ਸਰਕਾਰ ਨੇ "ਘੱਟ ਅਧਿਕਾਰ" ਹੁੰਦਿਆ ਹੋਇਆਂ ਵੀ ਕਿੰਨੇ ਹੀ ਨਕਸਲਬਾੜੀ ਸ਼ਹੀਦ ਕੀਤੇ ਸਨ। ਜੇ 'ਅਧਿਕਾਰ ਵੱਧ" ਹੁੰਦੇ ਤਾਂ ਇਸ ਤੋਂ ਵੀ ਜ਼ਿਆਦਾ "ਪੁਲਿਸ ਮੁਕਾਬਲੇ" ਨਾਂ ਬਣਾਏ ਹੁੰਦੇ ?

ਬਾਕੀ ਰਹੀ ਇੰਡਸਟਰੀ ਪੰਜਾਬ ਵਿਚ ਲਾਉਣ ਦੀ ਗੱਲ। ਕਪੜਾ ਭਾਵੇਂ ਪੰਜਾਬ ਵਿਚ ਬਣੇ ਜਾਂ ਮਹਾਰਾਸ਼ਟਰ ਵਿੱਚ ਪੰਜਾਬੀਆਂ ਤੇ ਹੋਰ ਹਿੰਦੁਸਤਾਨੀਆਂ ਨੂੰ ਤਾਂ ਉਸੇ ਭਾਅ ਮਿਲਨਾ ਹੈ। ਮੇਰਾ ਭਾਵ ਇਥੇ ਸਰਮਾਏਦਾਰ ਪੰਜਾਬੀਆਂ ਜਾਂ ਬੰਗਾਲੀਆਂ ਤੋਂ ਨਹੀਂ ਬਲਕਿ ਮਿਹਨਤਕਸ਼ ਗ਼ਰੀਬਾਂ ਤੋਂ ਹੈ। ਪੰਜਾਬ ਵਿਚ ਬਣ ਰਹੀ ਚੀਜ਼ ਤੇ ਸਰਮਾਏਦਾਰਾ ਨੇ ਪੰਜਾਬੀਆਂ ਨੂੰ ਰਿਆਇਤ ਨਹੀਂ ਕਰਨੀ । ਉਹਨਾਂ ਤਾਂ ਆਪਣਾ ਸਰਮਾਇਆ ਦੇਖਣਾ ਹੈ। ਨਾਲੇ ਜੋ ਉਹਨਾਂ ਹੀ ਟਾਟਿਆਂ ਤੇ ਬਿਰਲਿਆਂ ਨੇ ਇੰਡਸਟ੍ਰੀਆਂ ਪੰਜਾਬ 'ਚ ਲਾ ਦਿੱਤੀਆਂ ਤਾਂ ਤੁਸੀਂ ਤਿਜੋਰੀਆਂ ਭਰਨੋਂ ਉਹਨਾਂ ਨੂੰ ਬਿਨਾਂ ਇਨਕਲਾਬ ਦੇ ਰੋਕ ਲਵੋਗੇ ? ਬਿਲਕੁਲ ਨਹੀਂ ! ਜੇ ਪੰਜਾਬ ਦੇ ਪੰਜਾਬੀ ਸਰਮਾਏਦਾਰਾਂ ਨੇ ਵੀ ਇੰਡਸਟਰੀਆਂ ਲਾ ਦਿੱਤੀਆਂ ਤਾਂ ਤਿਜੋਰੀਆਂ ਕਿਹੜਾ "ਬੰਤੇ ਜੱਟ" ਜਾਂ "ਸੰਤੇ ਝਿਊਰ" ਦੀਆਂ ਭਰਨੀਆਂ ਨੇ। ਇਹਨਾਂ ਵਿਚਾਰਿਆਂ ਦਾ ਤਾਂ ਇਹੀ ਹਾਲ ਰਹਿਣਾ ਹੈ ਜੋ ਹੈ। ਸੋ ਸਾਥੀ ਰਾਜਾਂ ਨੂੰ ਵੱਖ ਅਧਿਕਾਰ ਮਿਲਣ ਨਾਲ ਮਿਹਨਤ ਕਸ਼ ਲੋਕਾਂ ਦਾ ਕੁਝ ਨੀ ਸਵਰਨਾ, ਇਹਦਾ ਫਾਇਦਾ ਤਾਂ ਇਲਾਕਾਈ ਹਾਕਮਾਂ ਨੂੰ ਹੀ ਪਹੁੰਚਣਾ ਹੈ। ਸੋ ਸਾਥੀ, ਲੋਕਾਂ ਨੂੰ ਇਸ ਮੰਗ ਦੀ ਤਨੋਂ ਮਨੋਂ ਹਮਾਇਤ ਕਰਨ ਲਈ ਕਹਿ ਕੇ ਤੁਸੀਂ ਹੀ ਸਰਮਾਏਦਾਰੀ ਨਿਜ਼ਾਮ ਦੇ ਹੱਕ ਵਿਚ ਭੁਗਤ ਰਹੇ ਹੋ। ਇਸ ਮੰਗ ਨੂੰ ਲੋਕਾਂ ਦੀ ਮੰਗ ਵਜੋਂ ਪੇਸ਼ ਕਰਕੇ ਤੁਸੀਂ ਲੋਕਾਂ ਦਾ ਧਿਆਨ ਉਹਨਾਂ ਦੀਆਂ ਆਪਣੀਆਂ ਮੰਗਾਂ ਤੋਂ ਲਾਂਭੇ ਲਿਜਾ ਕੇ ਲੁਟੇਰਿਆਂ ਦੇ ਹੱਕ ਵਿਚ ਭੁਗਤਾ ਰਹੇ ਹੋ। ਉਹਨਾ ਨੂੰ ਇਸ ਪਾਸੇ ਵੱਲ ਨਾ ਲਾਉ। ਜੇ ਕੁਝ ਕਰਨਾ ਚਾਹੁੰਦੇ ਹੋ ਤਾਂ ਹੋਰ ਮੰਗਾਂ ਤੇ ਲੋਕਾਂ ਨੂੰ ਲਾਮਬੰਦ ਕਰਨ ਦਾ ਉਪਰਾਲਾ ਕਰੋ ।

ਇਹ ਠੀਕ ਹੈ ਕਿ ਇਸ ਮੰਗ ਦੀ ਗੱਲ ਸਿਰਫ ਅਕਾਲੀ ਦਲ ਹੀ ਨਹੀਂ ਕਰ ਰਿਹਾ ਸਗੋਂ ਹੋਰ ਵੀ 8-9 ਪਾਰਟੀਆਂ ਕਰ ਰਹੀਆਂ ਹਨ। ਪਰ ਸਾਥੀ ਇਹ ਕੋਈ ਨਵੀਂ ਗੱਲ ਨਹੀਂ ਕਿ ਕੋਈ ਆਪੋਜ਼ੀਸ਼ਨ ਪਾਰਟੀ ਕਿਸੇ ਮੰਗ ਦੀ ਗੱਲ ਕਰ ਰਹੀ ਹੋਵੇ ਜਾਂ ਕਿਸੇ ਮੰਗ ਨੂੰ ਮਨਵਾਉਣ ਲਈ ਸੰਘਰਸ਼ ਕਰ ਰਹੀ ਹੋਵੇ। ਜਦ ਵੀ ਕੋਈ ਪਾਰਟੀ ਸਤ੍ਹਾ ਖੋ ਚੁੱਕੀ ਹੁੰਦੀ ਹੈ ਉਹ ਫੇਰ ਤੋਂ ਦੁਬਾਰਾ ਸਤ੍ਹਾ ਪ੍ਰਾਪਤ ਕਰਨ ਲਈ ਇਹ ਕੰਮ ਕਰਦੀ ਹੀ ਹੁੰਦੀ ਹੈ। ਪਰ ਇਹਨਾਂ ਪਾਰਟੀਆਂ ਦਾ ਸੰਘਰਸ਼ 'ਕੁਰਸੀ ਸੰਘਰਸ਼' ਹੀ ਹੁੰਦਾ ਹੈ ਤੇ ਕੁਰਸੀ ਤੇ ਅਪੜਨ ਤੋਂ ਬਾਅਦ ਇਹਨਾਂ ਪਾਰਟੀਆਂ ਦੇ ਲੀਡਰਾਂ ਦੇ ਮੂੰਹ ਇਹਨਾਂ ਹੀ ਮੰਗਾਂ ਬਾਰੇ ਸੀਲ ਹੋ ਜਾਂਦੇ ਹਨ। ਨਾਲੇ ਅਕਾਲੀਆਂ ਬਾਰੇ ਤਾ ਇਹ ਗੱਲ ਮਸ਼ਹੂਰ ਹੈ ਕਿ ਜਦ ਇਹ ਸਤ੍ਹਾ ਵਿਚ ਹੁੰਦੇ ਹਨ ਤਾਂ ਆਪਸ ਵਿਚ

Post Office No P/AR—133
Registered with the Registrar, News Papers, Vide No. MA/12397-D dated 14.8.80

ਲੜਦੇ ਹਨ ਤੇ ਜਦ ਇਹ ਆਪੋਜ਼ੀਸ਼ਨ ਵਿਚ ਹੁੰਦੇ ਹਨ ਤਾਂ ਸਰਕਾਰ ਨਾਲ ਲੜਦੇ ਹਨ। ਅਨੰਦਪੁਰ ਦਾ ਮਤਾ ਇਹਨਾਂ ਨੇ 1973 ਵਿਚ ਪਾਸ ਕੀਤਾ ਸੀ ਪਰ ਲਾਗੂ ਕਰਾਉਣ ਲਈ ਸੰਘਰਸ਼ ਹੁਣ ਹੀ ਸੁਰੂ ਕੀਤਾ ਹੈ

1977 ਵਿਚ ਜਦ ਇਹ ਸਤ੍ਹਾ ਵਿਚ ਆਏ ਸਨ ਉਸ ਵੇਲੇ ਇਹ ਮੰਗ ਕਿਉਂ ਨਾ ਮੰਨਵਾਈ। ਕਿਉਂ ਉਸ ਵੇਲੇ ਕੇਂਦਰ ਮਜ਼ਬੂਤ ਚਾਹੀਦਾ ਸੀ ? ਉਸ ਵੇਲੇ ਸਿੱਖਾਂ ਤੇ ਪੰਜਾਬ ਨਾਲ ਵਿਤਕਰਾ ਨਹੀਂ ਸੀ ਦਿਸਦਾ ? ਉਸ ਵੇਲੇ ਮੁਰਾਰ ਜੀ ਭਾਈ ਨਾਰਾਜ਼ ਹੁੰਦਾ ਹੋਣਾ ਤੇ ਸਰਕਾਰ ਦੇ [illegible] ਦਾ ਡਰ ਹੋਣਾ।' ਇਹੀ ਗੱਲ "ਮਾਰਕਸੀਆਂ" ਦੀ ਹੈ। ਇਹ ਮੰਗ ਤਾਂ ਦੱਬੀ ਜੀਭ ਨਾਲ ਉਹ ਵੀ ਕਰਦੇ ਹਨ ਪਰ ਅਕਾਲੀਆਂ ਵਾਂਗ 'ਮੋਰਚਾ' ਨਹੀਂ ਲਾਉਂਦੇ ? ਕਿਉਂਕਿ ਥੱਲੇ ਕੁਰਸੀ ਜੋ ਹੋਈ। ਨਾਲੇ 5-6 ਸਾਲਾਂ ਤੋਂ ਕੁਰਸੀ ਦਾ ਸੁਆਦ ਪਿਆ ਹੋਇਆ ਹੈ, ਕੁਰਸੀ ਤੋਂ ਵੱਖ ਚੀਜ਼ ਦਾ ਮਜ਼ਾ ਵੀ ਨਹੀਂ ਆਉਂਣਾ ਹੁਣ। ਜੇ ਕੋਈ 'ਮੋਰਚੀ' ਲਾਈ ਤਾਂ ਕੇਂਦਰ ਦੇ ਨਾਰਾਜ਼ ਹੋਣ ਤੇ ਕੁਰਸੀ ਖਿਸਕਨ ਦਾ ਡਰ ਹੈ। ਉਹਨਾਂ ਨੂੰ ਤਾਂ ਦੂਹਰਾ ਡਰ ਹੈ। ਇੰਦਰਾ ਦੀ ਨਰਾਜ਼ਗੀ ਦੇ ਨਾਲ ਨਾਲ "ਰੂਸੀ ਸਮਾਜ-ਵਾਦੀ ਕੈਂਪ" ਦੀ ਨਾਰਾਜ਼ਗੀ ਵੀ ਮੁੱਲ ਲੈਣੀ ਪਵੇਗੀ। ਢੱਠੇ ਖੂਹ 'ਚ ਪੈਂਦੇ ਇਹੋ ਜਿਹੇ ਵੱਧ ਅਧਿਕਾਰ ਘੱਟ ਅਧਿਕਾਂਰਾਂ ਨਾਲ ਹੀ ਸਾਰ ਲਾ ਗੇ।

ਇਸ ਲੇਖ ਵਿਚ ਤੁਸੀਂ ਜੈ ਪ੍ਰਕਾਸ਼ ਨਾਰਾਇਣ ਨੂੰ ਵੀ ਮਹਾਨ ਨੇਤਾ ਬਣਾ ਦਿੱਤਾ। ਜਿਸ ਦੀ ਮੇਹਰ-ਬਾਨੀ ਨਾਲ ਬਣੀ ਜਨਤਾ ਪਾਰਟੀ ਦੀ ਸਰਕਾਰ ਵੇਲੇ ਪੰਤਨਗਰ ਵਿਚ ਪੁਲਿਸ ਤੋਂ ਭੱਜ ਕੇ ਕਮਾਦ ਦੇ ਖੇਤਾਂ ਵਿਚ ਵੜੇ ਹੋਏ ਲੋਕਾਂ ਨੂੰ ਕਮਾਦ ਸਮੇਤ ਅੱਗ ਲਾ ਕੇ ਸਾੜ ਕੇ ਤੇ ਮਗਰੋਂ ਲਾਸ਼ਾਂ ਉੱਪਰ ਹੱਲ ਵਾਹ ਦਿੱਤਾ ਸੀ (ਪਰ "ਮਹਾਨ ਜੇ. ਪੀ" ਹੋਰਾਂ ਤੋਂ ਕੋਈ "ਮੋਰਚੀ" ਵੀ ਨਾ ਲਾਈ ਗਈ। ਉਸ ਤੋਂ ਇਸ ਘਟਨਾ ਦੀ ਨਿੰਦਾ ਲਈ ਇਕ ਸ਼ਬਦ ਵੀ ਨਹੀਂ ਸੀ ਸਰਿਆ। ਚੰਗਾ ਮਹਾਨ ਆਦਮੀ ਸੀ ਓਹੋ। ਨਾਲੇ ਉਸ ਨੂੰ ਮਹਾਨ ਕਹਿਣ ਵਾਲੇ ਵੀ ਮਹਾਨ ਹੀ ਹਨ।

ਬਾਕੀ ਤੁਸੀਂ ਅਮਰੀਕਾ ਤੇ ਭਾਰਤ ਦੇ ਤਾਂ ਡੀਫੈਂਸ ਬਜਟ ਦੇ ਅੰਕੜੇ ਦੱਸ ਦਿਤੇ ਪਰ "ਸਮਾਜ ਵਾਦੀ ਰੂਸ" ਦੇ ਡੀਫੈਂਸ ਬਜਟ ਦੀ ਖਬਰਸਾਰ ਹੀ ਨਾਂ ਮਿਲੀ। ਜਿਸ ਨੂੰ ਕਣਕ ਤੇ ਚੌਲ ਤਾ **import** ਕਰਨੇ ਪੈਂਦੇ ਹਨ ਪਰ T-72 ਟੈਂਕ ਭਾਰਤ ਨੂੰ **export** ਕਰ ਕੇ ਇਸ ਦੇ **Defence** ਨੂੰ ਮਜ਼ਬੂਤ ਕਰਕੇ ਆਪਣਾ ਪ੍ਰੋਲੇਤਾਰੀਆਂ ਪ੍ਰਤੀ "ਫਰਜ਼ ਨਿਭਾ ਰਿਹਾ ਹੈ। ਕਦੇ ਲੈਨਿਨ ਨੇ ਕਿਹਾ ਸੀ ਕਿ ਜਿਥੇ ਇਨਕਲਾਬ ਨਹੀਂ ਆਇਆ ਉਹਨਾਂ ਦੇਸ਼ਾਂ ਦੇ ਲੋਕਾਂ ਨੂੰ ਲੜਾਈ ਦੌਰਾਨ ਆਪਣੀਆਂ ਹੀ ਸਰਕਾਰਾਂ ਨੂੰ ਕਮਜ਼ੋਰ ਕਰਨਾ ਚਾਹੀਦਾ ਹੈ। ਪਰ ਰੂਸ ਅੱਜ ਉਹਨਾਂ ਦੇਸ਼ਾਂ ਦੀਆਂ ਸਰਕਾਂਰਾਂ ਨੂੰ ਮਜ਼ਬੂਤ ਕਰਕੇ ਬਿਲਕੁਲ ਲੈਨਿਨਵਾਦ ਵਿਰੋਧੀ ਸਾਬਤ ਹੋ ਰਿਹਾ ਹੈ।

**ਮਹਿੰਦਰ ਮੱਟੂ**

---

ਇਕਰਾਏ .—

ਮੈਂ ਤੁਹਾਨੂੰ ਮਹਿੰਦਰਪਾਲ ਭੱਠਲ ਦੀ ਨਜ਼ਮ 'ਉਹ ਵਿਚਾਰਾ' ਸਮਤਾ ਵਿਚ ਛਾਪਣ ਲਈ ਮੁਬਾਰਕ ਦੇਣੀ ਚਾਹੁੰਦਾ ਸਾਂ। ਬਿਨਾਂ ਸ਼ੱਕ ਇਹ ਬੜੀ ਨਿੱਗਰ ਤੇ ਟੁੰਬਵੀਂ ਨਜ਼ਮ ਹੈ। ਵਰ੍ਹਿਆਂ ਬਾਦ ਇਸ ਪੱਧਰ ਦੀ ਤੇ ਏਨੀ ਸ਼ਕਤੀਸ਼ਾਲੀ ਕਵਿਤਾ ਪੜ੍ਹਨ ਦਾ ਮੌਕਾ ਮਿਲਿਆ ਹੈ। ਹੋ ਸਕੇ ਤਾਂ ਉਸ ਕੋਲ ਮੇਰਾ ਇਹ ਪ੍ਰਭਾਵ ਪਹੁੰਚਾ ਦੇਣਾ ਭੱਠਲ ਦਾ ਸਹੀ ਸਿਰਨਾਵਾਂ ਮੇਰੇ ਕੋਲ ਨਹੀਂ ਹੈ।

ਅਨੰਦਪੁਰ ਦੇ ਮਤੇ ਬਾਰੇ ਭਾਰਦਵਾਜ ਜੀ ਦੇ ਲੇਖ ਬਾਰੇ ਮੇਰੀ ਰਾਇ ਬਿਲਕੁਲ ਉਨ੍ਹਾਂ ਦੇ ਉਲਟ ਹੈ ਪਰ ਲੰਮੀ ਵਿਆਖਿਆ ਦੀ ਲੋੜ ਅਤੇ ਆਪਣੇ ਸਮੇਂ ਦਾ ਮੁੱਲ ਸਮਝ ਕੇ ਮੈਂ ਇਸ ਸੰਬੰਧੀ ਕੁਝ ਨਹੀਂ ਲਿਖਾਂਗਾ।

**—ਪਾਸ਼**

---

**ਕਰਾਂਤੀਕਾਰੀ ਸਾਹਿਤ ਸਭਾ ਪੰਜਾਬ ਵਲੋਂ**

ਸਾਲਾਨਾ ਕਨਵੈਨਸ਼ਨ

22 ਅਪ੍ਰੈਲ 1983, ਦਿਨ ਦੇ 10 ਵਜੇ

**ਮੇਲਾ ਰਾਮ ਧਰਮਸ਼ਾਲਾ ਨਜ਼ਦੀਕ ਰੇਲਵੇ ਸਟੇਸ਼ਨ ਰਾਮ ਪੁਰਾ ਫੂਲ ਵਿਚ ਹੋ ਰਹੀ ਹੈ**

ਜਿਸ ਵਿਚ
ਕ੍ਰਾਂਤੀਕਾਰੀ ਸਾਹਿਤ ਸਭਾ ਦੇ ਸੋਧੇ ਹੋਏ
ਐਲਾਨਨਾਮੇ ਤੇ ਬਹਿਸ ਹੋਏਗੀ
ਸਭਾ ਵਲੋਂ ਤਿਆਰ ਕੀਤੀ
ਗੀਤ ਕਵਿਤਾਵਾਂ ਦੀ ਕਿਤਾਬ
'ਲਹੂ ਦਾ ਸੇਕ'
ਅਤੇ ਮਹਿੰਦਰ ਪੰਜੂ ਦਾ
ਕਹਾਣੀ ਸੰਗ੍ਰਿਹ
'ਹੱਕ ਭੀਖ ਨਹੀਂ'
ਰੀਲੀਜ਼ ਕੀਤੇ ਜਾਣਗੇ

ਰਾਤ ਨੂੰ ਵਿਸ਼ਾਲ ਨਾਟਕ ਅਤੇ ਸਭਿਆਚਾਰਕ
ਪ੍ਰੋਗਰਾਮ ਵੀ ਰਾਮਪੁਰਾ ਫੂਲ 'ਚ
ਕੀਤਾ ਜਾਏਗਾ

ਸਭ ਨੂੰ ਖੁਲ੍ਹਾ ਸੱਦਾ ਹੈ